# ਚਿਰਾਗ

ਅਪ੍ਰੈਲ-ਜੂਨ 1998

**April -June 1998**

ਸੰਪਾਦਕ: ਹਰਭਜਨ ਸਿੰਘ ਹੁੰਦਲ

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਆਪਣੇ ਪਿਤਾ ਸ਼ਿਵਦੇਵ ਸਿੰਘ ਹੁੰਦਲ ਅਤੇ ਮਾਤਾ ਹਰਬੰਸ ਕੌਰ ਹੁੰਦਲ ਦੀ ਯਾਦ ਵਿੱਚ ਤਿਆਰ ਕੀਤੀ।

ਸ੍ਰੋਤ: ਚਿਰਾਗ ਦਾ ਇਹ ਅੰਕ ਹਰਪ੍ਰੀਤ ਸਿੰਘ ਹੁੰਦਲ ਤੋਂ ਪ੍ਰਾਪਤ ਹੋਇਆ।

# ਚਿਰਾਗ਼

## ਨਵਾਂ ਵਾਦ ਵਿਵਾਦ

ਨਵਾਂ ਛਿੜ ਪਿਆ ਵਾਦ-ਵਿਵਾਦ ਕੈਸਾ,
ਦੋਵੇਂ ਧਿਰਾਂ ਹਥਿਆਰ ਲਿਸ਼ਕਾਉਣ ਲੱਗੇ।
ਇਕ ਧਿਰ ਕਹੇ, "ਮਾਨੁੱਖ ਦਾ ਅੰਤ ਆਇਆ",
ਦੂਜੇ ਆਸ ਦੇ ਰੰਗ ਰੁਸ਼ਨਾਉਣ ਲੱਗੇ।
ਖੰਡੇ ਖੜਕਦੇ, ਚੱਲਦੇ, ਤੀਰ, ਤੁੱਕੇ,
"ਭੂਤ ਆ ਗਿਆ" ਆਖ ਧਮਕਾਉਣ ਲੱਗੇ।
"ਸ਼ਾਹ ਮੁਹੰਮਦਾ, ਜੂਝਦੇ ਰਹਿਣ ਲੋਕੀਂ,
ਪੁੱਠੇ ਰਾਹ ਵਿਦਵਾਨ ਕਿਉਂ ਪਾਉਣ ਲੱਗੇ।

*ਪੰਜਾਬੀ ਆਲੋਚਨਾ ਵਿਸ਼ੇਸ਼ ਅੰਕ*

ਮੁੱਲ : ਦਸ ਰੁਪਏ **-14-** ਅਪ੍ਰੈਲ-ਜੂਨ, 1998

ਸੰਪਾਦਕ : ਹਰਭਜਨ ਸਿੰਘ ਹੁੰਦਲ

# ਚਿਰਾਗ਼ (ਤਿਮਾਹੀ)

ਅਪ੍ਰੈਲ-ਜੂਨ, 1998

ਸੰਪਾਦਕ : **ਹਰਭਜਨ ਸਿੰਘ ਹੁੰਦਲ**

ਸੰਪਾਦਕੀ ਮੰਡਲ : **ਡਾ. ਕਰਮਜੀਤ ਸਿੰਘ ਸੁਰਜੀਤ ਗਿੱਲ, ਸੂਫ਼ੀ ਅਮਰਜੀਤ,**


- ਸੰਪਾਦਕੀ **ਟਿੱਪਣੀ** :
- ਉੱਤਰ-ਆਧੁਨਿਕਤਾ ਦੇ ਢੋਲ ਦਾ ਪੋਲ : ਡਾ: ਮੈਨੇਜਰ ਪਾਂਡੇ/2
- ਉੱਤਰ-ਆਧੁਨਿਕਤਾਵਾਦ, ਅਜੋਕਾ ਸੰਸਾਰ ਅਤੇ ਸਾਹਿਤਕਾਰ : ਸੂਫ਼ੀ ਅਮਰਜੀਤ/10
- ਪੰਜਾਬੀ ਸਾਹਿਤ ਵਿਚ ਨਾਰੀ-ਚੇਤਨਾ : ਡਾ: ਕਰਮਜੀਤ ਸਿੰਘ/30
- ਪੂੰਜੀਵਾਦ ਅਤੇ ਸੋਵੀਅਤ ਸਮਾਜ ਵਿਚ ਬੇਗਾਨਗੀ ਦਾ ਮਸਲਾ : ਪਿਆਰਾ ਸਿੰਘ ਸਹਿਰਾਈ/41
- ਕੀ ਲੋਕ ਕਵਿਤਾ ਖਤਮ ਹੋ ਰਹੀ ਹੈ ?/46
- ਇੰਦਰ ਸਿੰਘ ਖਾਮੋਸ਼ ਦੀ ਨਾਵਲ-ਕਲਾ : ਸੁਰਜੀਤ ਗਿੱਲ/49
- ਕੀ ਕਲਾ, ਕਲਾ ਲਈ ਹੁੰਦੀ ਹੈ ? : ਨਾਥਨ ਸਕਾਟ/54
- ਪੰਜਾਬ ਸੰਕਟ ਕਾਵਿ-ਸੰਖੇਪ ਮੁਲਾਂਕਣ : ਡਾ: ਹਰਪ੍ਰੀਤ ਸਿੰਘ ਹੁੰਦਲ/59
- **ਰੀਵੀਊ** : ਫੈਲਦੇ ਰਿਸ਼ਤੇ, ਦੁਨੀਆਂ ਕੈਸੀ ਹੋਟੀ (ਸੁਰਜੀਤ ਗਿੱਲ), ਤੇਰੇ ਨਾਂ ਦਾ ਮੌਸਮ (ਹਰਵਿੰਦਰ ਭੰਡਾਲ), ਮੈਂ. ਸ਼ੈਤਾਨ ਤੇ ਇੰਦੂਮਣੀ (ਤਲਵਿੰਦਰ ਸਿੰਘ), ਧਰਮ ਕੰਮੇਆਣਾ ਦੀ ਸ਼ਾਇਰੀ (ਹ. ਸ. ਹ.)/63-73
- **ਖਿਆਲ ਆਪੋ ਆਪਣਾ** : ਮਹਿਮਾ ਸਿੰਘ, ਅਰਸ਼ਦ ਮਹਿਮੂਦ ਨਾਸ਼ਾਦ, ਪ੍ਰੇਮ ਸਾਹਿਲ, ਆਤਮ ਰੰਧਾਵਾ, ਜਸਬੀਰ ਕਾਲਰਵੀ, ਕਸ਼ਮੀਰ ਨੀਰ, ਡਾ. ਐਸ. ਤਰਸੇਮ, ਡਾ. ਚਮਨ ਲਾਲ, ਸ਼ਮਸ਼ੇਰ ਮੋਹੀ/74-79
- ਵਾਘਿਓਂ ਪਾਰ : ਕਵਿਤਾ (ਅਹਿਮਦ ਰਾਹੀ,/80
- ਪੁਸਤਕ ਪ੍ਰਾਪਤੀ


ਪ੍ਰਕਾਸ਼ਨ ਮਿਤੀ : 30 ਅਪ੍ਰੈਲ, 1998

**Postal Address :**
**Harbhajan Singh Hundal,**
**V. Futu Chak,**
**P.O. Dhilwan,**
**Distt. Kapurthala-144804**
**(Pb.) India.**

**ਚੰਦਿਆਂ ਦਾ ਵੇਰਵਾ :**

| | | |
|---|---|---|
| ਦੇਸ਼ ਵਾਰਸ਼ਿਕ | : | 30 ਰੁਪਏ |
| ਇਕ ਪਰਚਾ | : | 10 ਰੁਪਏ |
| ਸੰਸਥਾਵਾਂ (ਵਾਰਸ਼ਿਕ) | : | 40 ਰੁਪਏ |
| **ਬਦੇਸ਼** | | |
| ਵਾਰਸ਼ਿਕ | : | 250 ਰੁਪਏ |
| ਇਕ ਪਰਚਾ | : | ਇਕ ਪੌਂਡ |

ਚਿਰਾਗ਼ ਡਾਇਰੈਕਟਰ ਸਿਖਿਆ ਵਿਭਾਗ (ਸ) ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4/1—96 ਐਡੀਟਰ (ਪੰ) ਮਿਤੀ 3-9-1996 ਦੇ ਅਨੁਸਾਰ ਹਾਈ/ਹਾਇਰ ਸੈਕੰਡਰੀ ਸਕੂਲਾਂ ਲਈ ਪ੍ਰਵਾਨ ਹੈ ।

## ਸੰਪਾਦਕੀ ਟਿੱਪਣੀ

### ਗੰਭੀਰ ਹੋ ਰਿਹਾ ਵਾਦ-ਵਿਵਾਦ

ਚਿਰਾਗ਼ ਤਿਮਾਹੀ ਮੁੱਖ ਤੌਰ ਤੇ ਸਿਧਾਂਤਕ ਭਾਂਤ ਦਾ ਪਰਚਾ ਹੈ, ਜਿਸ ਵਿਚ ਸਾਹਿਤਕ ਜਗਤ ਦੇ ਮਸਲਿਆਂ ਦੇ ਨਾਲ ਨਾਲ, ਦਰਸ਼ਨ-ਸ਼ਾਸ਼ਤਰ, ਸਭਿਆਚਾਰ ਅਤੇ ਭਾਸ਼ਾ ਦੇ ਵਿਕਾਸ ਨਾਲ ਸਬੰਧਤ ਮੁੱਦਿਆਂ ਉੱਤੇ ਵਿਚਾਰ-ਚਰਚਾ ਅਤੇ ਵਿਚਾਰਾਂ ਦੇ ਅਦਾਨ ਪ੍ਰਦਾਨ ਲਈ ਬਹਿਸਾਂ ਛੇੜੀਆਂ ਜਾਂਦੀਆਂ ਹਨ । ਸਪੱਸ਼ਟ ਹੈ ਕਿ ਅਜੇਹਾ ਗੰਭੀਰ ਕਾਰਜ ਕਰਦਿਆਂ, ਰਚਨਾਤਮਿਕ ਸਾਹਿਤ ਲਈ ਬੜੇ ਘੱਟ ਸਫ਼ੇ ਰਹਿ ਜਾਦੇ ਹਨ । ਫੇਰ ਵੀ ਅਸੀਂ ਦੋਹਾਂ ਪੰਜਾਬਾਂ ਦੀ ਪੰਜਾਬੀ ਸ਼ਾਇਰੀ ਅਤੇ ਕਹਾਣੀ ਨੂੰ ਛਾਪਣ ਦਾ ਨਿਰੰਤਰ ਯਤਨ ਕਰਦੇ ਰਹਿੰਦੇ ਹਾਂ ।

ਪਿਛਲੇ ਕਈ ਅੰਕਾਂ ਤੋਂ ਉੱਤਰ-ਆਧੁਨਿਕਤਾਵਾਦ ਉੱਤੇ ਆਰੰਭ ਕੀਤੀ ਬਹਿਸ ਹੁਣ ਹੌਲੀ ਹੌਲੀ ਮਘਣ ਲੱਗ ਪਈ ਹੈ ਅਤੇ ਪੰਜਾਬੀ ਦੇ ਵਿਦਵਾਨ ਵੀ, ਇਸ ਗੰਭੀਰ ਮਸਲੇ ਪ੍ਰਤੀ ਸੋਚਣ-ਵਿਚਾਰਨ ਲੱਗ ਪਏ ਹਨ । ਅਸ਼ੀਂ ਇਸ ਤੋਂ ਪਹਿਲੇ ਅੰਕਾਂ ਵਿਚ ਲੜੀਵਾਰ ਡਾ: ਚੰਦਲ ਚੌਹਾਨ ਦਾ ਲੇਖ 'ਉੱਤਰ-ਆਧੁਨਿਤਾ ਦਾ ਭੂਤ', ਡਾ. ਸ਼ੰਭੂ ਨਾਥ ਦਾ ਲੇਖ 'ਆਧੁਨਿਕਤਾ ਤੋਂ ਪਹਿਲਾਂ ਹੀ ਉੱਤਰ-ਆਧੁਨਿਕਤਾ' ਅਤੇ ਡਾ. ਓਮ ਪ੍ਰਕਾਸ਼ ਗਰੇਵਾਲ ਦਾ ਏਸੇ ਹੀ ਵਿਸ਼ੇ ਦੇ ਨਵੇਂ ਪੱਖਾਂ ਨੂੰ ਉਜਾਗਰ ਕਰਦਾ ਵਿਸਤ੍ਰਿਤ ਇੰਟਰਵੀਊ ਛਾਪ ਚੁੱਕੇ ਹਾਂ । ਐਤਕੀਂ ਏਸੇ ਹੀ ਬਹਿਸ ਨੂੰ ਅੱਗੇ ਤੋਰਦਾ ਡਾ. ਮੈਨੇਜਰ ਪਾਂਡੇ ਜੀ ਦਾ ਲੇਖ ਛਾਪ ਰਹੇ ਹਨ । ਅਤਿ ਦੇ ਗੰਭੀਰ ਮਸਲੇ ਨੂੰ ਬਹੁਤ ਹੀ ਸਰਲ ਢੰਗ ਨਾਲ ਪੇਸ਼ ਕਰਦਾ ਡਾ. ਸਾਹਿਬ ਦਾ ਇਹ ਲੇਖ, ਅਵੱਸ਼ ਹੀ ਸਾਡੇ ਪਾਠਕਾਂ ਦੀ ਸਮਝ ਦਾ ਹਿੱਸਾ ਬਣੇਗਾ । ਪੰਜਾਬੀ ਵਿਚ ਛਿੜੀ ਬਹਿਸ ਨੂੰ ਅੱਗੇ ਤੋਰਦਾ ਸ੍ਰੀ ਸੂਫ਼ੀ ਅਮਰਜੀਤ ਦਾ ਹਥਲਾ ਲੇਖ, ਉੱਤਰ-ਆਧੁਨਿਕਤਾ ਦੇ ਵਿਚਾਰਧਾਰਕ ਅਤੇ ਰਾਜਸੀ ਪ੍ਰਸੰਗਾਂ ਨੂੰ ਵਿਸਥਾਰ ਨਾਲ ਨਜਿਠਦਾ, ਹਥਲੀ ਬਹਿਸ ਨੂੰ ਹੋਰ ਪ੍ਰਚੰਡ ਕਰਦਾ ਨਵੇਂ ਨੁਕਤੇ ਉਜਾਗਰ ਕਰਦਾ ਹੈ । ਇੰਝ ਹੀ ਡਾ. ਕਰਮਜੀਤ ਦਾ ਲੇਖ-ਨਾਰੀ ਚੇਤਨਾ ਦੇ ਮਸਲੇ ਨੂੰ ਨਵੇਂ ਕੋਣ ਤੋਂ ਵਿਚਾਰਦਾ ਹੋਇਆ, ਆਪਣੀ ਭਾਂਤ ਦਾ ਪਹਿਲਾ ਲੇਖ ਹੈ ।

ਸਪੱਸ਼ਟ ਹੈ ਕਿ ਹਥਲੇ ਅੰਕ ਵਿਚ ਵਿਚਾਰਧਾਰਕ ਲੇਖਾਂ ਦੀ ਬਹੁਲਤਾ ਕਾਰਨ ਸਾਨੂੰ ਕਹਾਣੀ ਅਤੇ ਕਵਿਤਾ ਨੂੰ ਛੱਡਣਾ ਪਿਆ ਹੈ । ਆਸ ਹੈ ਪਾਠਕ ਤੇ ਲੇਖਕ ਦੋਸਤ ਸਾਨੂੰ ਮੁਆਫ਼ ਕਰਨਗੇ । ਇੰਝ ਇਹ ਅੰਕ ਪੰਜਾਬੀ ਅਲੋਚਨਾ ਅੰਕ ਦੇ ਰੂਪ ਵਿਚ ਪੇਸ਼ ਕਰਦੇ ਹੋਏ ਅਸੀਂ ਆਸ ਕਰਾਂਗੇ ਕਿ ਹੁਣ ਉੱਤਰ-ਆਧੁਨਿਕਤਾਵਾਦ ਦੀ ਇਹ ਵਿਚਾਰ ਚਰਚਾ, ਹੋਰ ਕਈ ਨਵੇਂ ਆਲੋਚਕਾਂ ਨੂੰ ਲਿਖਣ ਲਈ ਉਕਸਾਵੇਗੀ । ਅਸੀਂ ਚੁੱਪ ਬੈਠੇ ਆਪਣੇ ਸ਼ੁੱਭ-ਚਿੰਤਕ ਮਿੱਤਰਾਂ ਨੂੰ ਸੱਦਾ ਦਿੰਦੇ ਹਾਂ ਕਿ ਉਹ ਵੀ ਹੁਣ ਇਸ ਵਿਚਾਰਧਾਰਕ ਬਹਿਸ ਵਿਚ ਆਪਣਾ ਬਣਦਾ ਹਿੱਸਾ ਪਾਉਣ । ਚਿਰਾਗ਼ ਉਹਨਾਂ ਦੇ ਵਿਚਾਰਾ ਨੂੰ ਛਾਪ ਕੇ ਖੁਸ਼ੀ ਅਨੁਭਵ ਕਰੇਗਾ ।

—ਸੰਪਾਦਕ

## ਵਾਦ-ਵਿਵਾਦ—1

### ਉੱਤਰ-ਆਧੁਨਿਕਤਾ ਦੇ ਢੋਲ ਦਾ ਪੋਲ/ਡਾ. ਮੈਨੇਜਰ ਪਾਂਡੇ

ਇਸ ਸਮੇਂ ਵਿਚਾਰਾਂ ਦੀ ਦੁਨੀਆਂ ਵਿਚ ਸਭ ਤੋਂ ਵੱਧ ਜਾਦੂਈ ਅਸਰ ਵਾਲਾ ਸ਼ਬਦ ਹੈ 'ਉੱਤਰ'। ਉਸਦੇ ਸਹਾਰੇ ਕਿਸੇ ਵੀ ਵਾਸਤਵਿਕਤਾ, ਘਟਨਾ, ਸਥਿਤੀ, ਅਨੁਭਵ ਅਤੇ ਵਿਚਾਰ ਦੀ ਹੋਂਦ, ਅਰਥ ਅਤੇ ਇਤਿਹਾਸ ਨੂੰ ਨਸ਼ਟ ਕੀਤਾ ਜਾ ਸਕਦਾ ਹੈ। ਉਨ੍ਹਾਂ ਨੂੰ ਅਹੋਂਦਵਾਦੀ, ਅਸੱਤਿ, ਆਪਣਾ ਆਪ ਦੀ ਅਰਥਹੀਣ ਅਤੇ ਅਣਇਤਿਹਾਸਕ ਬਣਾਇਆ ਜਾ ਸਕਦਾ ਹੈ। ਵਿਚਾਰਾਂ ਦੀ ਦੁਨੀਆਂ ਵਿਚ 'ਉੱਤਰ' ਦੀ ਮਦਦ ਨਾਲ ਅਜਿਹਾ ਚਮਤਕਾਰ ਉੱਤਰ-ਆਧੁਨਿਕਤਾਵਾਦੀਆਂ ਨੇ ਕੀਤਾ ਹੈ। ਉਨ੍ਹਾਂ ਨੇ 'ਉੱਤਰ' ਦੇ ਜਾਦੂਈ ਅਸਰ ਦਾ ਇਸਤੇਮਾਲ ਕਰਦਿਆਂ ਸੰਪੂਰਣ ਮਨੁੱਖੀ ਸਮਾਜ ਨੂੰ ਆਧੁਨਿਕਤਾ, ਆਧੁਨਿਕਤਾਵਾਦ' ਅਤੇ ਆਧੁਨਿਕ ਯੁੱਗ ਵਿਚੋਂ ਕੱਢ ਕੇ ਇਕ ਝਟਕੇ ਵਿਚ ਉੱਤਰ ਆਧੁਨਿਕ ਬਣਾ ਦਿੱਤਾ ਹੈ ਜਦਕਿ ਦੁਨੀਆਂ ਦਾ ਵਧੇਰੇ ਹਿੱਸਾ, ਖਾਸ ਰੂਪ ਵਿਚ ਏਸ਼ੀਆ, ਅਫਰੀਕਾ ਅਤੇ ਦੱਖਣੀ ਅਮਰੀਕਾ ਦੇ ਵਧੇਰੇ ਦੇਸਾਂ ਦੀ ਬਹੁਗਿਣਤੀ ਜਨਤਾ ਹਾਲੀਂ ਕਿਤੇ ਆਦਿਮ ਅਤੇ ਕਿਤੇ ਮੱਧਯੁਗੀਨ ਹਾਲਤਾਂ ਦਾ ਸਾਹਮਣਾ ਕਰਦੀ ਹੋਈ ਆਧੁਨਿਕ ਬਨਣ ਲਈ ਸੰਘਰਸ਼ ਕਰ ਰਹੀ ਹੈ।

ਉੱਤਰ ਆਧੁਨਿਕਤਾ ਤੋਂ ਹੀ ਨਿਕਲਿਆ ਇਕ ਰੁਝਾਨ 'ਉੱਤਰ ਬਸਤੀਵਾਦਤਾ' ਦਾ ਹੈ, ਜੋ ਏਸ਼ੀਆ, ਅਫਰੀਕਾ ਅਤੇ ਦੱਖਣੀ ਅਮਰੀਕਾ ਦੇ ਸਮਾਜ, ਸਭਿਆਚਾਰ ਅਤੇ ਸਾਹਿਤ ਦੀ ਅਜਿਹੀ ਵਿਆਖਿਆ ਵਿਚ ਲੱਗਿਆ ਹੈ, ਜਿਸ ਤੋਂ ਸਾਬਤ ਹੁੰਦਾ ਹੈ ਕਿ ਹਣ ਦੁਨੀਆਂ ਵਿਚ ਕਿਤੇ ਵੀ, ਨਾ ਤਾਂ ਕਿਸੇ ਕਿਸਮ ਦਾ ਸਾਮਰਾਜਵਾਦ ਹੈ ਅਤੇ ਨਾ ਹੀ ਬਸਤੀਵਾਦ। ਪਰ ਸੱਚਾਈ ਇਸਤੋਂ ਠੀਕ ਉਲਟ ਹੈ। ਸੱਚ ਤਾਂ ਇਹ ਹੈ ਕਿ ਏਸ਼ੀਆ ਅਫਰੀਕਾ ਅਤੇ ਦੱਖਣੀ ਅਮਰੀਕਾ ਦੇ ਜੋ ਦੇਸ਼ ਬਸਤੀਵਾਦ ਦਾ ਸ਼ਿਕਾਰ ਰਹੇ ਹਨ, ਉਨ੍ਹਾਂ ਵਿਚੋਂ ਵਧੇਰੇ ਅੱਜ ਵੀ ਆਰਥਕ ਅਤੇ ਸਭਿਆਚਾਰਕ ਬਸਤੀਵਾਦ ਦੇ ਅਸਰ ਤੋਂ ਮੁਕਤ ਨਹੀਂ ਹੋਏ ਹਨ. ਸਗੋਂ ਹਾਲ ਦੇ ਵਰ੍ਹਿਆਂ ਵਿਚ ਗਲੋਬਿਲਾਈਜ਼ੇਨ ਕਾਰਣ ਉਹ ਨਵੇਂ ਢੰਗ ਦੇ ਸਾਮਰਾਜਵਾਦੀ ਗਲਬੇ ਅਤੇ ਬਸਤੀਵਾਦੀ ਪ੍ਰਭਾਵਾਂ ਦੇ ਸ਼ਿਕਾਰ ਹੋ ਰਹੇ ਹਨ। ਉੱਤਰ ਬਸਤੀਵਾਦਤਾ ਦੇ ਵਿਆਖਿਆਕਾਰ ਭਾਰਤ ਦੇ ਸਭਿਆਚਾਰ ਅਤੇ ਸਾਹਿਤ ਦੀ ਅਜਿਹੀ ਵਿਆਖਿਆ ਕਰ ਰਹੇ ਹਨ, ਜਿਸ ਵਿਚ ਬਸਤੀਵਾਦ ਤੋਂ ਪੀੜਤ ਜਨਤਾ ਦੇ ਨਾ ਤਾਂ ਅਨੁਭਵਾਂ ਦਾ ਕੋਈ ਮਹੱਤਵ ਹੈ ਅਤੇ ਨਾ ਹੀ ਬਸਤੀਵਾਦ ਖਿਲਾਫ ਉਨ੍ਹਾਂ ਦੇ ਸੰਘਰਸ਼ਾਂ ਦਾ। ਉੱਤਰ ਬਸਤੀਵਾਦਤਾ ਦੇ ਸਿਧਾਂਤਕਾਰ ਸਾਹਿਤ ਅਤੇ ਸਭਿਆਚਾਰ ਦੇ ਖੇਤਰ ਵਿਚ ਨਕਲ, ਦੋਗਲੇਪਣ ਅਤੇ ਪਰਵਾਸੀਪਨ ਨੂੰ ਮੁੱਲ ਅਤੇ ਦ੍ਰਿਸ਼ਟੀ ਰੂਪ ਵਿਚ ਸਥਾਪਤ ਕਰ ਰਹੇ ਹਨ। ਅਖੀਰ ਉਹ ਇਹ ਕਰਨ ਵੀ ਕਿਉਂ ਨਾ? ਸੰਜੋਗ ਵਜੋਂ ਹੀ ਉਨ੍ਹਾਂ ਵਿਚੋਂ ਵਧੇਰੇ ਅਜਿਹੇ ਭਾਰਤੀ ਹਨ, ਜੋ ਅਮਰੀਕਾ ਵਿਚ ਰਹਿੰਦਿਆਂ ਅੰਗਰੇਜ਼ੀ ਵਿਚ ਲਿਖਦੇ ਹਨ। ਉਹ ਗੈਰ ਰਿਹਾਇਸ਼ੀ ਭਾਰਤੀ ਪੂੰਜੀਪਤੀਆਂ ਵਾਂਗ ਗੈਰ-ਰਿਹਾਇਸ਼ੀ ਭਾਰਤੀ ਬੁੱਧੀਜੀਵੀ ਹਨ। ਆਰਿਫ ਡਿਰਲਿਕ ਨੇ ਉੱਤਰ ਬਸਤੀਵਾਦਤਾ ਦੇ ਵਿਆਖਿਆਕਾਰਾਂ ਦੀਆਂ ਸਰਗਰਮੀਆਂ ਬਾਰੇ ਠੀਕ ਹੀ ਲਿਖਿਆ ਹੈ ਕਿ ਉਨ੍ਹਾਂ ਦਾ ਇਰਾਦਾ ਯੂਰਪ ਅਤੇ ਅਮਰੀਕਾ ਵਿਚ ਪੈਦਾ ਹੋਏ ਬੌਧਿਕ ਸਰੋਕਾਰਾਂ ਅਤੇ ਦ੍ਰਿਸ਼ਟੀਕੋਣਾਂ ਅਨੁਸਾਰ ਸਭਿਆਚਾਰਕ ਪ੍ਰਵਚਨ



ਦਾ ਅਜਿਹਾ ਪ੍ਰਮਾਣਿਕ ਗਲੋਬੀਕਰਣ ਹੈ, ਜਿਸ ਵਿਚ ਕੇਂਦਰ ਅਤੇ ਹਾਸ਼ੀਏ ਦੇ ਸਾਰੇ ਫਰਕ ਮਿਟ ਜਾਣ ਅਤੇ ਦੁਨੀਆਂ ਦੇ ਵੱਖ ਵੱਖ ਸਮਾਜਾਂ ਵਿਚਕਾਰ ਸਿਰਫ **ਬਹੁਲਤਾ** ਅਤੇ ਅੰਦਰਚੇਤਤਾ ਦੇ ਸੰਬੰਧ ਰਹਿ ਜਾਣ। ਇਕ ਬਲੈਕ ਆਲੋਚਕ ਕਵਾਮੇ ਐਂਥਨੀ ਅਪਿੱਅਰ ਅਨੁਸਾਰ ਅਜਿਹੇ ਲੋਕਾਂ ਨੂੰ ਦਲਾਲ ਬੁੱਧੀਜੀਵੀ ਕਹਿਣਾ ਠੀਕ ਹੋਵੇਗਾ ਜੋ ਹਾਸ਼ੀਏ ਦੇ ਦੇਸ਼ਾਂ ਵਿਚ ਵਿਸ਼ਵ ਪੂੰਜੀਵਾਦ ਦੀਆਂ ਸਭਿਆਚਾਰਕ ਵਸਤਾਂ ਦੇ ਵਪਾਰ ਵਿਚ ਵਿਚੋਲੇ ਦੀ ਭੂਮਿਕਾ ਨਿਭਾਉਂਦੇ ਹਨ। ਉੱਤਰ ਬਸਤੀਵਾਦੀ ਪ੍ਰਵਚਨ ਵਿਚ ਕੌਮੀ ਸਭਿਆਚਾਰ ਅਤੇ ਉਸ ਨਾਲ ਜੁੜੀ ਬੌਧਕਤਾ ਦੀ ਉਪੇਖਿਆ ਅਤੇ ਨਿੰਦਾ ਹੀ ਵਧੇਰੇ ਹੁੰਦੀ ਹੈ।

ਹਾਲਾਂ ਕਿ ਅਨੇਕ ਉੱਤਰ ਆਧੁਨਿਕਤਾਵਾਦੀ ਸਾਬਕਾ ਜਾਂ ਗੈਰ-ਸਾਬਕਾ ਮਾਰਕਸਵਾਦੀ ਹਨ, ਉਨ੍ਹਾਂ ਵਿਚੋਂ ਕੁੱਝ ਖੁਦ ਨੂੰ ਹੁਣ ਵੀ ਖੱਬੇ ਪੱਖੀ ਕਹਿੰਦੇ ਹਨ ਅਤੇ ਕਈ ਕੱਟੜ ਰੂੜੀਵਾਦੀ ਉਨ੍ਹਾਂ ਨੂੰ ਖੱਬੇ ਪੱਖੀ ਮੰਨਦੇ ਵੀ ਹਨ। ਪਰ ਮਾਰਕਸਵਾਦ ਦੇ ਸਿਧਾਂਤ, ਵਿਹਾਰ ਅਤੇ ਉਦੇਸ਼ਾਂ ਸੰਬੰਧੀ ਉੱਤਰ ਆਧੁਨਿਕਤਾਵਾਦੀਆਂ ਦੇ ਦ੍ਰਿਸ਼ਟੀਕੋਣ ਨੂੰ ਦੇਖਕੇ ਇਹੋ ਕਹਿਣਾ ਪਵੇਗਾ, 'ਜਿਸਦਾ ਹੋਵੇਂ ਦੋਸਤ ਤੂੰ, ਦੁਸ਼ਮਣ ਉਸਦਾ ਹੋਵੇ ਕਿਉਂ ਆਕਾਸ਼।'

ਉੱਤਰ ਆਧੁਨਿਕਤਾਵਾਦੀ ਉੱਤਰ-ਮਾਰਕਸਵਾਦ ਅਤੇ ਉੱਤਰ ਯਥਾਰਥਵਾਦ ਦੇ ਐਲਾਨ ਕਰ ਚੁੱਕੇ ਹਨ। ਉਹ ਜਦ ਮੁਕਤੀ ਦੇ ਵਿਸ਼ਾਲ ਨੈਰੇਟਿਵ ਦੇ ਅੰਤ ਦੀ ਗੱਲ ਕਰਦੇ ਹਨ, ਉਦੋਂ ਉਨ੍ਹਾਂ ਦਾ ਉਦੇਸ਼ ਮਾਰਕਸਵਾਦ ਅਤੇ ਸਮਾਜਵਾਦ ਦੀਆਂ ਸੰਭਾਵਨਾਵਾਂ ਨੂੰ ਨਾਮਨਜ਼ੂਰ ਕਰਨਾ ਹੁੰਦਾ ਹੈ। ਉਹ ਕਹਿੰਦੇ ਹਨ ਕਿ 'ਪੂੰਜੀਵਾਦ ਅਜਿਹੀ ਹਾਲਤ ਵਿਚ ਪਹੁੰਚ ਗਿਆ ਹੈ ਜਿਸਨੂੰ ਉੱਤਰ-ਇੰਡਸਟਰੀਅਲ, ਉੱਤਰ-ਸਮੂਹਕ, ਉੱਤਰ-ਇਤਿਹਾਸ, ਉੱਤਰ-ਇਨਕਲਾਬ, ਉੱਤਰ-ਵਿਚਾਰ ਅਤੇ ਉੱਤਰਜਮਾਤ ਕਿਹਾ ਜਾ ਸਕਦਾ ਹੈ। ਉਨ੍ਹਾਂ ਵਿਚੋਂ ਇਕ ਤਾਂ ਉੱਤਰ-ਜਨਤਾ ਤੱਕ ਜਾ ਪਹੁੰਚਿਆ ਹੈ। ਪਤਾ ਨਹੀਂ ਇਸ 'ਉੱਤਰ-ਬੌਧਕਤਾ' ਅਤੇ 'ਉੱਤਰਵਾਦ' ਦਾ ਅੰਤ ਕਿਥੇ ਹੋਵੇਗਾ।

'ਉੱਤਰ' ਦਾ ਬੇਹੱਦ ਕਰੀਬੀ ਸਹਿਯੋਗੀ ਅਤੇ ਸਮਾਨਧਰਮਾ ਹੈ 'ਅੰਤ'। ਬਲਕਿ ਉੱਤਰ ਨੂੰ ਰਾਹ ਦਿਖਾਉਣ ਦਾ ਕੰਮ 'ਅੰਤ' ਨੇ ਹੀ ਕੀਤਾ ਹੈ। ਬਹੁਤ ਪਹਿਲਾਂ ਅਮਰੀਕੀ ਸਮਾਜਸ਼ਾਸਤਰੀ ਡੈਨੀਅਲ ਬੈੱਲ ਨੇ 'ਵਿਚਾਰਧਾਰਾ ਦੇ ਅੰਤ' ਦਾ ਐਲਾਨ ਕਰਕੇ ਜੋ ਸ਼ੁਰੂਆਤ ਕੀਤੀ ਸੀ, ਉਸਨੂੰ ਉੱਤਰ ਅਧੁਨਿਕਤਾਵਾਦੀਆਂ ਨੇ ਸਿਖਰ ਤੱਕ ਪਹੁੰਚਾਇਆ ਹੈ। ਉੱਤਰ ਆਧੁਨਿਕਤਾਵਾਦੀਆਂ ਵਿਚਕਾਰ ਹਰ ਚੀਜ ਦੇ ਅੰਤ ਦਾ ਐਲਾਨ ਕਰਨ ਦੀ ਹੋੜ ਲੱਗੀ ਹੋਈ ਹੈ। ਉਨ੍ਹਾਂ ਵਿਚੋਂ ਇਕ 'ਇਤਿਹਾਸ ਦੇ ਅੰਤ' ਦਾ ਐਲਾਨ ਕਰ ਰਿਹਾ ਹੈ ਤਾਂ ਦੂਸਰਾ ਇਤਿਹਾਸ ਦੇ ਸੰਕਲਪ ਦਾ। ਇਕ ਕਹਿੰਦਾ ਹੈ ਕਿ ਇਤਿਹਾਸ ਨੈਰੇਟਿਵ ਹੈ ਤਾਂ ਦੂਸਰਾ ਉਸਨੂੰ ਗੱਪ ਸਾਬਤ ਕਰਦਾ ਹੈ। ਮਤਲਬ ਇਹ ਕਿ ਅਸੀਂ ਹੋਰ ਚੀਜ਼ਾਂ ਵਾਂਗ ਇਤਿਹਾਸ ਨੂੰ ਵੀ ਜਾਣ ਨਹੀਂ ਸਕਦੇ ਅਤੇ ਜਦ ਉਸਨੂੰ ਜਾਣ ਨਹੀਂ ਸਕਦੇ ਤਾਂ ਬਦਲ ਕਿਵੇਂ ਸਕਦੇ ਹਾਂ? ਇਕ ਉੱਤਰ ਆਧੁਨਿਕਤਾਵਾਦੀ 'ਗਿਆਨ ਦੇ ਅੰਤ' ਦੀ ਗੱਲ ਕਰਦਾ ਹੈ ਤਾਂ ਦੂਸਰਾ ਵਿਵੇਕ, ਚੇਤਨਾ, ਸੱਚ ਅਤੇ ਆਲੋਚਨਾ ਆਦਿ ਦੇ ਅੰਤ ਦੀ। ਉਨ੍ਹਾਂ ਅਨੁਸਾਰ ਭਾਸ਼ਾ ਦਾ ਅਰਥ ਨਾਲ, ਅਰਥ ਦਾ ਅਨੁਭਵ ਨਾਲ, ਅਨੁਭਵ ਦਾ ਯਥਾਰਥ ਨਾਲ, ਯਥਾਰਥ ਦਾ ਜੀਵਨ ਸਥਿਤੀਆਂ ਨਾਲ ਅਤੇ ਜੀਵਨ ਦੀਆਂ ਸਥਿਤੀਆਂ ਦਾ ਇਤਿਹਾਸ ਨਾਲ ਕੋਈ ਹਕੀਕੀ ਸੰਬੰਧ ਨਹੀਂ ਹੈ।

ਉੱਤਰ ਆਧੁਨਿਕਤਾਵਾਦੀ ਪ੍ਰਵਚਨ ਵਿਚ ਜੋ ਕੁੱਝ ਉੱਤਰ ਅਤੇ 'ਅੰਤ' ਤੋਂ ਬਚ ਗਿਆ ਹੈ

ਉਸਦੀ ਮੌਤ ਦੀ ਮੁਨਾਦੀ ਹੋ ਰਹੀ ਹੈ। ਉੱਤਰ ਆਧੁਨਿਕਤਾਵਾਦੀਆਂ ਦੇ ਪ੍ਰੇਰਣਾ-ਸਰੋਤ ਅਤੇ ਦ੍ਰਿਸ਼ਟੀ-ਨਿਰਮਾਤਾ ਨੀਤਸ਼ੇ ਅਤੇ ਉਸਦੇ ਵਿਚਾਰ ਹਨ। ਨੀਤਸ਼ੇ ਨੇ 'ਰੱਬ ਦੀ ਮੌਤ' ਦਾ ਐਲਾਨ ਕੀਤਾ ਸੀ ਅਤੇ ਉਸਦੇ ਚੇਲੇ ਮਨੁੱਖ ਅਤੇ ਉਸਦੀ ਚੇਤਨਾ ਹੀ ਨਹੀਂ, ਸਮਾਜਕਤਾ ਤੱਕ ਦੀ ਮੌਤ ਦਾ ਐਲਾਨ ਕਰ ਚੁੱਕੇ ਹਨ। ਸਾਹਿਤ ਅਤੇ ਸਭਿਆਚਾਰ ਦੀ ਦੁਨੀਆਂ ਤੇ ਵੀ ਇਸਦੀ ਮੌਤ ਦਾ ਪਰਛਾਵਾਂ ਹੈ। ਰੋਲਾਂ ਬਾਰਥ ਨੇ 'ਲੇਖਕ ਦੀ ਮੌਤ' ਦਾ ਐਲਾਨ ਕੀਤਾ ਤਾਂ ਐਲਵਿਨ ਕੇਰਮੇਨ ਨੇ 'ਸਾਹਿਤ ਦੀ ਮੌਤ' ਦਾ ਐਲਾਨ ਕੀਤਾ ਹੈ। ਕਦੀ ਸੀ. ਡੀ, ਲੀਵਿਸ ਨੇ 'ਪ੍ਰਗੀਤ ਦੀ ਮੌਤ' ਦੀ ਗੱਲ ਕੀਤੀ ਸੀ ਤਾਂ ਹੁਣ ਕਵਿਤਾ, ਨਾਵਲ ਆਦਿ ਦੇ ਨਾਲ 'ਕਿਤਾਬ ਦੀ ਮੌਤ' ਦੀਆਂ ਗੱਲਾਂ ਹੋ ਰਹੀਆਂ ਹਨ। ਇਹ ਸਭ ਕੁੱਝ ਦੇਖ ਸੁਣ ਕੇ ਆਪਣੇ ਸੰਤ ਕਬੀਰਦਾਸ ਯਾਦ ਆਉਂਦੇ ਹਨ 'ਸੰਤੋ, ਇਹ ਮੁਰਦਨ ਕੇ ਗਾਂਵ!'

ਆਧੁਨਿਕ ਯੁਗ ਦੇ ਅੰਤ ਅਤੇ ਉੱਤਰ ਆਧੁਨਿਕ ਯੁੱਗ ਦੇ ਆਰੰਭ ਦੀ ਗੱਲ 1959 ਵਿਚ ਸੀ. ਰਾਈਟ ਮਿਲਜ਼ ਨੇ ਆਪਣੀ ਕਿਤਾਬ 'ਸਮਾਜ ਸ਼ਾਸ਼ਤਰੀ ਕਲਪਣਾ' ਵਿਚ ਕੀਤੀ ਸੀ। ਉਨ੍ਹਾਂ ਲਿਖਿਆ ਸੀ ਕਿ ਗਿਆਨ ਦੇ ਉਦੈ ਨਾਲ ਪੱਛਮੀ ਸਮਾਜ ਨੂੰ ਜੋ ਮੁੱਲ, ਮਾਣਤਾਵਾਂ, ਧਾਰਨਾਵਾਂ ਅਤੇ ਵਿਚਾਰ ਮਿਲੇ ਸਨ, ਉਨ੍ਹਾਂ ਵਿਚੋਂ ਵਧੇਰੇ ਸੰਕਟ ਵਿਚ ਹਨ। ਉਦਾਰਵਾਦ ਅਤੇ ਸਮਾਜਵਾਦ ਨਾਕਾਫੀ ਸਾਬਤ ਹੋ ਰਹੇ ਹਨ। ਇਸ ਸਥਿਤੀ ਵਿਚ ਵਿਵੇਕ ਅਤੇ ਸੁਤੰਤਰਤਾ ਤੇ ਕਈ ਤਰ੍ਹਾਂ ਦੇ ਸੰਕਟ ਹਨ। ਮਨੁੱਖੀ ਕਾਰਜ-ਸ਼ੀਲਤਾ ਵਿਚ ਵਿਵੇਕ ਦਾ ਮਹੱਤਵ ਘਟਿਆ ਹੈ ਅਤੇ ਵਿਅਕਤੀ ਦੀ ਸੁਤੰਤਰਤਾ ਨੂੰ ਖੋਰਾ ਲੱਗਿਆ ਹੈ। ਉਨ੍ਹਾਂ ਇਹ ਵੀ ਲਿਖਿਆ ਸੀ ਕਿ ਇਹ ਸਮੱਸਿਆਵਾਂ ਸਮਾਜ ਦੀ ਸੁਰੰਚਨਾ ਨਾਲ ਜੁੜੀਆਂ ਹਨ ਅਤੇ ਇਨ੍ਹਾਂ ਨੂੰ ਸਮਝਣ ਲਈ ਵਿਅਕਤੀ ਦੇ ਜੀਵਨ ਅਤੇ ਯੁਗ ਦੇ ਇਤਿਹਾਸ ਦਾ ਵਿਸ਼ਲੇਸ਼ਣ ਜ਼ਰੂਰੀ ਹੋਵੇਗਾ। ਮਿਲਜ਼ ਦੀ ਚਿੰਤਾ ਦੇ ਕੇਂਦਰ ਵਿਚ ਵਿਅਕਤੀ ਦੀ ਸੁਤੰਤਰਤਾ ਦੇ ਨਾਲ ਨਾਲ ਸਮਾਜ ਦੇ ਇਤਿਹਾਸ-ਨਿਰਮਾਣ ਦੀ ਪ੍ਰਕ੍ਰਿਆ ਸੀ।

ਸੀ. ਰਾਈਟ ਮਿਲਜ਼ ਦੀ ਆਪਣੇ ਸਮੇਂ ਅਤੇ ਸਮਾਜ ਸੰਬੰਧੀ ਸਰਗੁਣ ਚਿੰਤਾ ਤੋਂ ਬਾਦ ਜੇ ਲਿਓਤਾਰ ਦੀ ਉੱਤਰ-ਆਧੁਨਿਕਤਾਵਾਦੀ ਨਿਰਗੁਣ ਚਿੰਤਾ ਵਲ ਧਿਆਨ ਦੇਈਏ ਤਾਂ ਪਤਾ ਚਲੇਗਾ ਕਿ ਉੱਤਰ ਆਧੁਨਿਕਤਾਵਾਦ ਦੀ ਚਰਚਾ ਕਿਥੋਂ ਤੇ ਕਿੱਥੇ ਪਹੁੰਚੀ ਹੈ? ਲਿਓਤਾਰ ਆਪਣੇ ਯੁਗ ਦੇ ਕਿਸੇ ਸੰਕਟ ਤੋਂ ਚਿੰਤਤ ਨਹੀਂ ਹਨ, ਉਨ੍ਹਾਂ ਨੂੰ ਮਿਲਜ਼ ਵਾਂਗ ਵਿਵੇਕ ਅਤੇ ਸੁਤੰਤਰਤਾ ਦੀ ਰੱਖਿਆ ਦੀ ਚਿੰਤਾ ਵੀ ਨਹੀਂ ਹੈ, ਉਹ ਗਿਆਨ ਉਦੈ ਦੀ ਪਰੰਪਰਾ ਤੋਂ ਉਪਜੇ ਮੁੱਲਾਂ ਖਿਲਾਫ ਜੰਗ ਦਾ ਐਲਾਨ ਕਰਦੇ ਹਨ, "ਆਓ, ਅਸੀਂ ਸਮੱਗਰਤਾ ਖਿਲਾਫ ਜੰਗ ਛੇੜ ਦੇਈਏ। ਆਓ, ਅਸੀਂ ਉਸਦੇ ਗਵਾਹ ਬਣੀਏ ਜਿਸਦੀ ਮੁੜ ਪ੍ਰਸਤੁਤੀ ਨਹੀਂ ਹੋ ਸਕਦੀ। ਆਓ, ਅਸੀਂ ਫਰਕ ਵਧਾਈਏ ਅਤੇ ਨਾਂ ਦੇ ਸਨਮਾਣ ਦੀ ਰੱਖਿਆ ਕਰੀਏ।' ਲਿਓਤਾਰ ਵਲੋਂ ਏਸ ਜੰਗ ਦਾ ਐਲਾਨ ਹੀਗਲ ਅਤੇ ਮਾਰਕਸ ਦੀ ਵਿਚਾਰ-ਪਰੰਪਰਾ ਦੇ ਖਿਲਾਫ ਹੈ, ਇਸ ਲਈ ਉਹ ਜਿਨ੍ਹਾਂ ਨੂੰ ਬੁਲਾ ਰਹੇ ਹਨ, ਉਹਨਾਂ ਬਾਰੇ ਅੰਦਾਜ਼ਾ ਲਾਉਣਾ ਮੁਸ਼ਕਲ ਨਹੀਂ ਹੈ। ਲਿਓਤਾਰ ਨੇ ਇਹ ਐਲਾਨ ਫਰੈਂਚ ਵਿਚ 1979 ਵਿਚ ਕੀਤਾ ਸੀ, ਜੋ ਅੰਗਰੇਜ਼ੀ ਵਿਚ 1984 ਵਿਚ ਸੁਣਾਈ ਦਿੱਤਾ। ਉਦੋਂ ਤੋਂ ਹੁਣ ਤੱਕ ਇਸ ਜਹਾਦ ਵਿਚ ਸ਼ਾਮਲ ਹੋਣ ਵਾਲਿਆਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ।

ਲਿਓਤਾਰ ਜਦ ਮੁਕਤੀ ਦੇ ਵਿਸ਼ਾਲ ਨੈਰੇਟਿਵ ਦੇ ਅੰਤ ਦਾ ਐਲਾਨ ਕਰ ਰਹੇ ਸਨ, ਉਦੋਂ ਏਸ਼ੀਆ, ਅਫਰੀਕਾ ਅਤੇ ਦੱਖਣੀ ਅਮਰੀਕਾ ਵਿਚ ਮੁਕਤੀ ਦੇ ਅਨੇਕ ਅੰਦੋਲਨ ਚੱਲ ਰਹੇ ਸਨ।



1975 ਵਿਚ ਵੀਤਨਾਮ ਵਿਚ ਅਮਰੀਕੀ ਸਾਮਰਾਜਵਾਦ ਹਾਰਿਆ ਸੀ, 1979 ਵਿਚ ਈਰਾਨ ਦੇ ਸ਼ਾਹ ਦਾ ਤਖਤਾ ਪਲਟਿਆ ਸੀ, 1979 ਵਿਚ ਹੀ ਨਿਕਾਰਾਗੁਆ ਵਿਚ ਇਨਕਲਾਬੀ ਲਹਿਰ ਸਫਲ ਹੋਈ ਸੀ ਅਤੇ ਇਹਨੀਂ ਦਿਨੀਂ ਹੀ ਦੱਖਣੀ ਅਫਰੀਕਾ ਦੀ ਜਨਤਾ ਰੰਗਭੇਦ ਦੀ ਗੁਲਾਮੀ ਤੋਂ ਮੁਕਤੀ ਲਈ ਕਠਨ ਸੰਘਰਸ਼ ਕਰ ਰਹੀ ਸੀ। ਪਰ ਲਿਓਤਾਰ ਲਈ ਪੂਰੀ ਦੁਨੀਆਂ ਵਿਚ ਮੁਕਤੀ ਦੇ ਨੈਰੇਟਿਵ ਦਾ ਅੰਤ ਹੋ ਚੁੱਕਿਆ ਸੀ—'ਮੀਟੇ ਅੱਖ ਕਿਛੇ ਕੁੱਝ ਨਾਹੀਂ'। ਅਸਲ ਵਿਚ ਉੱਤਰ-ਆਧੁਨਿਕਤਾਵਾਦੀ ਅਦਵੈਤਵਾਦ ਵਿਚ ਹਰ ਤਰ੍ਹਾਂ ਦਾ ਵਿਰੋਧ ਡੁੱਬ ਜਾਂਦਾ ਹੈ। ਉਸ ਅਨੁਸਾਰ ਲੋਟੂ ਅਤੇ ਲੁੱਟੇ ਜਾਂਦੇ, ਦਮਨਕਾਰੀ ਅਤੇ ਦਬਾਏ ਹੋਏ, ਕੇਂਦਰ ਅਤੇ ਹਾਸ਼ੀਆ ਅਤੇ ਬੇਜ਼ਬਾਨ ਅਤੇ ਬਹੁਤ ਬੋਲਣ ਵਾਲੇ ਵਿਚਕਾਰ ਨਾ ਕੋਈ ਦਵੈਤ ਹੈ, ਨਾ ਕੋਈ ਵਿਰੋਧ, ਨਾ ਕੋਈ ਸੰਘਰਸ਼। ਉਹ ਇਹ ਨਹੀਂ ਦੇਖਦੇ ਕਿ ਅਜਿਹੇ ਸਾਰੇ ਦਵੈਤਾਂ ਅਤੇ ਵਿਰੋਧਾਂ ਦਾ ਜਣਕ ਪੂੰਜੀਵਾਦ ਹੈ। ਉਹ ਮੁਕਤੀ ਦੇ ਨੈਰੇਟਿਵ ਦੇ ਅੰਤ ਦੀ ਗੱਲ ਕਰਦੇ ਹਨ, ਪਰ ਪੂੰਜੀਵਾਦ ਦੇ ਤਿੰਨ-ਚਾਰ ਸੌ ਸਾਲਾਂ ਤੋਂ ਕ੍ਰਿਆ-ਸ਼ੀਲ ਗੁਲਾਮੀ ਦੇ ਮਹਾਂ-ਬਿਰਤਾਂਤ ਬਾਰੇ ਕੁੱਝ ਨਹੀਂ ਕਹਿੰਦੇ, ਉਹ ਨਾ ਪੂੰਜੀਵਾਦ ਵਲੋਂ ਪ੍ਰਕਿਰਤੀ ਦੇ ਵਿਨਾਸ਼ ਦੀ ਗੱਲ ਕਰਦੇ ਹਨ, ਨਾ ਸਭਿਆਚਾਰ ਦੇ ਖੇਤਰ ਵਿਚ ਬਾਜ਼ਾਰ ਦੇ ਸਭਿਆਚਾਰ ਅਤੇ ਖਪਤਵਾਦ ਦੀ ਘਾਤਕ ਘੁਸਪੈਠ ਦੀ। ਉਹਨਾਂ ਵਿਚੋਂ ਕੁੱਝ ਬੌਧਕ ਤਾਂ ਦਿਖਾਵੇ ਦੀ ਦੁਨੀਆਂ ਦੇ ਸਤਹੀਪਣ ਵਿਚ ਆਨੰਦ ਦੀ ਖੋਜ ਕਰਨਾ ਪਸੰਦ ਕਰਦੇ ਹਨ।

ਆਲੋਚਨਾਤਮਕ ਚੇਤਨਾ ਵਿਰੁੱਧ ਉੱਤਰ ਆਧੁਨਿਕਤਾ ਦਾ ਮਾਰਚ ਮੁਕਤੀ ਦੇ ਹਰ ਸੰਘਰਸ਼ ਅਤੇ ਅੰਦੋਲਨ ਖਿਲਾਫ ਮਾਰਚ ਹੈ। ਅਸਲ ਵਿਚ ਮੁਕਤੀ ਦੀ ਭਾਵਨਾ ਲਈ ਉਹ ਵਿਵੇਕ ਜ਼ਰੂਰੀ ਹੈ, ਜੋ ਨਿਆਂ, ਸੁਤੰਤਰਤਾ ਅਤੇ ਮਾਨਵੀ ਸੁਖ ਦੀਆਂ ਸੰਭਾਵਨਾਵਾਂ ਦੀ ਖੋਜ ਕਰੇ। ਵਿਵੇਕ ਅਤੇ ਚੇਤਨਾ ਦੀ ਮੌਤ ਦੇ ਉੱਤਰ ਆਧੁਨਿਕਤਾਵਾਦੀ ਐਲਾਨ ਤੋਂ ਬਾਦ ਇਹ ਸੰਭਾਵਨਾ ਕਿੱਥੇ ਹੋਵੇਗੀ? ਇਸੇ ਲਈ ਨਾਰੀ ਮੁਕਤੀ ਦੇ ਅੰਦੋਲਨਾਂ ਵਲੋਂ ਇਹ ਸਵਾਲ ਉਠ ਰਿਹਾ ਹੈ ਕਿ ਅਸੀਂ ਲੋਕ ਜੋ ਯੁਗਾਂ ਤੋਂ ਚੁੱਪ ਰਹੇ ਹਾਂ ਅਤੇ ਹੁਣ ਜਦ ਬੋਲਣ ਲੱਗੇ ਹਾਂ ਤਾਂ ਚੇਤਨਾ ਦੀ ਹੋਂਦ ਕਿਉਂ ਨਾਮੰਜ਼ੂਰ ਕੀਤੀ ਜਾ ਰਹੀ ਹੈ? ਕੀ ਆਪਾ ਪਛਾਣ ਦੀ ਰਾਜਨੀਤੀ ਕ੍ਰਿਆਸ਼ੀਲ ਅਤੇ ਸੁਤੰਤਰ ਚੇਤਨਾ ਨੂੰ ਨਕਾਰ ਕੇ ਸੰਭਵ ਹੈ? ਉੱਤਰ ਆਧੁਨਿਕਤਾਵਾਦੀਆਂ ਤੋਂ ਅਜਿਹੇ ਸਵਾਲ ਦੁਨੀਆਂ ਭਰ ਦੇ ਦਲਿਤ, ਆਦਿਵਾਸੀ, ਬਲੈਕ, ਮਜ਼ਦੂਰ ਜਮਾਤ ਅਤੇ ਸਤਾਏ ਹੋਏ ਸਮਾਜ ਅਤੇ ਕੌਮਾਂ ਪੁੱਛ ਸਕਦੀਆਂ ਹਨ ਅਤੇ ਪੁੱਛ ਰਹੇ ਹਨ।

ਉੱਤਰ ਆਧੁਨਿਕਤਾਵਾਦੀਆਂ ਨੇ ਦਾਵਾ ਤਾਂ ਇਹ ਕੀਤਾ ਸੀ ਕਿ ਉਹ ਗਿਆਨ, ਵਿਵੇਕ, ਚੇਤਨਾ, ਅਰਥ, ਭਾਸ਼ਾ, ਇਤਿਹਾਸ ਆਦਿ ਨੂੰ ਸੱਤਾ ਸ਼ਕਤੀ ਅਤੇ ਵਿਚਾਰਧਾਰਾ ਦੀ ਖੇਡ ਤੋਂ ਮੁਕਤ ਕਰਨਗੇ, ਪਰ ਬਦਲੇ ਵਿਚ ਉਨ੍ਹਾਂ ਮਨੁੱਖ ਨੂੰ ਗਿਆਨ, ਵਿਵੇਕ, ਚੇਤਨਾ ਅਰਥ ਅਤੇ ਇਤਿਹਾਸ ਤੋਂ ਮੁਕਤ ਕਰ ਦਿੱਤਾ ਅਤੇ ਦੂਜੇ ਪਾਸੇ ਇਹਨਾਂ ਸਾਰਿਆਂ ਨੂੰ ਆਪਣੀ ਬੌਧਕ ਖੇਡ ਦਾ ਸਾਧਨ ਬਣਾ ਦਿੱਤਾ ਹੈ। ਹੁਣ ਸ਼ਬਦੀ ਖੇਡ ਦੀ ਪ੍ਰਵਿਰਤੀ ਏਨੀ ਵਧ ਗਈ ਹੈ ਕਿ ਉੱਤਰ ਆਧੁਨਿਕਤਾਵਾਦੀ ਪ੍ਰਵਚਨ ਦੀ ਭਾਸ਼ਾ ਰਹੱਸਵਾਦੀ ਕਵੀਆਂ ਦੀ ਦੁਰਬੋਧ, ਜਟਿਲ, ਅਬੁੱਲ ਅਤੇ ਮਨਘੜੰਤ ਸੰਧਿਆ ਭਾਸ਼ਾ ਦੀ ਯਾਦ ਦੁਆ ਰਹੀ ਹੈ। ਇਸ ਲਈ ਫਰਾਂਸ ਦੇ ਪ੍ਰਸਿੱਧ ਸਮਾਜ ਸ਼ਾਸਤਰੀ ਪਿਆਰੇ ਬੋਰਡਿਏ ਨੇ ਉੱਤਰ ਆਧੁਨਿਕਤਾਵਾਦੀ ਪ੍ਰਵਚਨ ਨੂੰ '**ਵਿਤਡਾਵਾਦੀ** ਪੰਡਤਾਊ ਗਿਆਨ ਚਰਚਾ' ਕਿਹਾ ਹੈ।

ਸਭ ਦੇ ਅੰਤ ਅਤੇ ਮੌਤ ਦਾ ਐਲਾਨ ਕਰਨ ਵਾਲਾ ਉੱਤਰ ਆਧੁਨਿਕਤਾਵਾਦ ਹੁਣ ਖ਼ੁਦ ਉਸੇ ਪ੍ਰਕ੍ਰਿਆ ਦਾ ਸ਼ਿਕਾਰ ਹੋ ਰਿਹਾ ਹੈ। **1996** ਵਿਚ ਚਾਰਲਸ ਅਲਟਿਏਰੀ ਨੇ ਇਕ ਲੇਖ ਲਿਖਿਆ ਸੀ ਜਿਸਦਾ ਸਿਰਲੇਖ ਹੈ 'ਅਮਰੀਕੀ ਉੱਤਰ ਆਧੁਨਿਕਤਾਵਾਦ ਵਿਚੋਂ ਕੀ ਸਜਿੰਦ ਹੈ ਅਤੇ ਕੀ ਨਿਰਜਿੰਦ। ਇਸ ਲੇਖ ਵਿਚ ਸਪੱਸ਼ਟ ਕਿਹਾ ਗਿਆ ਹੈ ਕਿ ਇਕ ਸਿਧਾਂਤਕ ਧਾਰਣਾ ਦੇ ਰੂਪ ਵਿਚ ਉੱਤਰ ਆਧੁਨਿਕਤਾਵਾਦ ਹੁਣ ਮਰ ਚੁੱਕਿਆ ਹੈ। ਸਿਧਾਂਤਕ ਚਿੰਤਨ ਨੂੰ ਪ੍ਰਭਾਵਤ ਕਰ ਸਕਣ ਵਾਲੇ ਸਭਿਆਚਾਰਕ ਨਜ਼ਰੀਏ ਦੀ ਉਸਦੀ ਸਮਰੱਥਾ ਵੀ ਮਰ ਗਈ ਹੈ। ਹੁਣ ਜਦਕਿ ਉਸਦੀਆਂ ਬੁਨਿਆਦੀ ਦਲੀਲਾਂ ਨਾਹਰੇ ਬਣ ਗਈਆਂ ਹਨ ਅਤੇ ਦਵੈਤਾਂ ਤੋਂ ਬਚਣ ਦੀ ਕੋਸ਼ਿਸ਼ ਦਵੈਤ ਦਾ ਸ਼ਿਕਾਰ ਹੋ ਗਈ ਹੈ, ਤਦ ਉਹ ਕੁੱਝ ਨਵਾਂ ਅਤੇ ਸਾਰਥਕ ਪੈਦਾ ਕਰ ਸਕਣ ਵਿੱਚ ਸਾਇਦ ਹੀ ਸਮਰੱਥ ਹੋਵੇ। ਅਜਿਹੀ ਸਥਿਤੀ ਵਿਚ ਉਹ ਕਲਾਵਾਂ ਦੇ ਖੇਤਰ ਵਿਚ ਸਾਰਥਕ ਰਚਨਾ ਦੀ ਪ੍ਰੇਰਣਾ ਕਿੰਜ ਦੇ ਸਕੇਗਾ? ਅਸਲ ਵਿਚ ਆਧੁਨਿਕਤਾਵਾਦ ਵਿਰੁੱਧ ਵਿਦਰੋਹ ਸਭ ਤੋਂ ਪਹਿਲਾਂ ਕਲਾਵਾਂ ਦੇ ਖੇਤਰ ਵਿਚ ਹੋਇਆ ਸੀ, ਜਿਸਦਾ ਨਤੀਜਾ ਸੀ **ਅਵਾਂਗਾਰਦ ਲਹਿਰ**। ਉਸ ਵਿਚ ਇਕ ਪਾਸੇ ਸਮਕਾਲੀ ਯਥਾਰਥ ਅਤੇ ਅਨੁਭਵਾਦੀ ਅਭਿਵਿਅਕਤੀ ਦੇ ਨਵੇਂ ਰੂਪਾਂ ਦੀ ਖੋਜ ਦੀ ਕੋਸ਼ਿਸ਼ ਸੀ ਤਾਂ ਦੂਜੇ ਪਾਸੇ ਸਮਕਾਲੀ ਯਥਾਰਥ ਨੂੰ ਬਦਲਣ ਦੀ ਤਾਂਘ ਵੀ ਸੀ। ਆਧੁਨਿਕਤਾਵਾਦ ਵਿਰੁੱਧ ਉਸ ਲਹਿਰ ਦਾ ਉਪਯੋਗ ਜਦ ਉੱਤਰ ਆਧੁਨਿਕਤਾਵਾਦੀਆਂ ਨੇ ਆਪਣਾ ਫਲਸਫਾ ਘੜਣ ਅਤੇ ਸਭਿਆਚਾਰ ਦਾ ਨਵਾਂ ਸਿਧਾਂਤ ਬਣਾਉਣ ਲਈ ਕੀਤਾ, ਉਦੋਂ ਉਹ ਅਨੇਕ ਲਕਵਾ ਮਾਰੇ ਅੰਤਰ ਵਿਰੋਧਾਂ ਦੇ ਸ਼ਿਕਾਰ ਹੋਏ, ਜੋ ਹੁਣ ਆਪਣਾ ਪ੍ਰਭਾਵ ਦਿਖਾ ਰਹੇ ਹਨ।

ਏਸ ਦੌਰਾਨ ਅਮਰੀਕਾ ਦੇ ਬੌਧਕ ਸੰਸਾਰ ਵਿਚ ਇਕ ਅਜਿਹੀ ਘਟਨਾ ਵਾਪਰੀ ਹੈ, ਜਿਸਨੇ ਉੱਤਰ-ਆਧੁਨਿਕਤਾਵਾਦੀ ਵਿਚਾਰ-ਪੱਧਤੀ ਦੀ ਪੋਲ ਖੋਲ ਦਿਤੀ ਹੈ। ਉੱਤਰ ਆਧੁਨਿਕਤਾਵਾਦ ਦੇ ਹੱਦ ਦੇ ਸਾਪੇਖਵਾਦ ਤੋਂ ਸਿਰਫ ਰਚਨਾਕਾਰ, ਸਮਾਜ-ਸ਼ਾਸ਼ਤਰੀ ਅਤੇ ਦਾਰਸ਼ਨਿਕ ਹੀ ਨਹੀਂ, ਸਗੋਂ ਵਿਗਿਆਨੀ ਵੀ ਪਰੇਸ਼ਾਨ ਹਨ। ਵਿਗਿਆਨੀ ਵਿਸ਼ੇਸ਼ ਰੂਪ ਵਿਚ ਉੱਤਰ ਆਧੁਨਿਕਤਾ-ਵਾਦੀਆਂ ਦੀਆਂ ਅਜਿਹੀਆਂ ਮਾਣਤਾਵਾਂ ਤੋਂ ਪਰੇਸ਼ਾਨ ਹਨ ਕਿ ਭੌਤਿਕ ਜਗਤ ਦੀ ਕੋਈ ਸੁਤੰਤਰ ਹੋਂਦ ਨਹੀਂ ਹੈ, ਭੌਤਿਕ ਯਥਾਰਥ ਵੀ ਸਮਾਜਕ ਯਥਾਰਥ ਵਾਂਗ ਹੀ ਸਮਾਜਕ ਅਤੇ ਭਾਸ਼ਿਕ ਨਿਰ-ਮਿਤੀ ਹੈ ਅਤੇ ਆਧੁਨਿਕ ਵਿਗਿਆਨ ਇਕ ਮਿਥਕ ਨੈਰੇਟਿਵ ਅਤੇ ਸਮਾਜਕ ਨਿਰਮਿਤੀ ਹੈ। ਇਨ੍ਹਾਂ ਮਾਣਤਾਵਾਂ ਦੇ ਨਾਲ ਹੀ ਅਨੇਕ ਉੱਤਰ ਆਧੁਨਿਕਤਾਵਾਦੀ ਆਪਣੇ ਲੇਖਨ ਨੂੰ ਜ਼ਿਆਦਾ ਵਿਦਵਤਾ ਪੂਰਣ ਅਤੇ ਵਿਗਿਆਨਕ ਦਿਖਾਉਣ ਲਈ ਕਦੀ ਕਦੀ ਵੱਖ ਵੱਖ ਵਿਗਿਆਨਾਂ ਤੋਂ ਧਾਰਣਾਵਾਂ, ਵਿਚਾਰ ਅਤੇ ਸ਼ਬਦਾਵਲੀ ਲੈ ਕੇ ਉਨ੍ਹਾਂ ਦਾ ਆਮ ਤੌਰ ਤੇ ਬੇਤੁਕਾ ਇਸਤੇਮਾਲ ਕਰਦੇ ਹਨ। ਇਨ੍ਹਾਂ ਸਾਰੀਆਂ ਗੱਲਾਂ ਤੋਂ ਤੰਗ ਆਕੇ ਉੱਤਰ ਆਧੁਨਿਕਤਾਵਾਦੀ ਵਿਚਾਰ ਪ੍ਰਣਾਲੀ ਦਾ ਖੋਖਲਾਪਨ ਖੋਲਣ ਦਾ ਇਕ ਜਤਨ ਭੌਤਿਕ ਵਿਗਿਆਨ ਦੇ ਪ੍ਰੋਫੈਸਰ ਐਲਨ ਸੋਕਲ ਨੇ ਕੀਤਾ ਹੈ। ਸੋਕਲ ਨੇ ਉੱਤਰ ਆਧੁਨਿਕਤਾਵਾਦੀ ਜਾਰਗਨ ਨਾਲ ਭਰੀ ਭਾਸ਼ਾ ਸ਼ੈਲੀ ਅਤੇ ਦ੍ਰਿਸ਼ਟੀ ਦਾ ਉਪਯੋਗ ਕਰਦਿਆਂ ਭੌਤਿਕ ਵਿਗਿਆਨ ਨਾਲ ਸੰਬੰਧਤ ਇਕ ਲੇਖ ਲਿਖਿਆ ਅਤੇ ਉੱਤਰ ਆਧੁਨਿਕਤਾਵਾਦੀਆਂ ਦੀ ਇਕ ਪ੍ਰਸਿੱਧ ਪੱਤਰਕਾ 'ਸੋਸ਼ਲ ਟੈਕਸਟ' ਵਿਚ ਛਪਣ ਲਈ ਭੇਜ ਦਿੱਤਾ। ਉਹ ਲੇਖ 'ਸੋਸ਼ਲ ਟੈਕ-ਸਟ' (1996) ਵਿਚ ਛਪ ਗਿਆ। ਕੁੱਝ ਦਿਨਾਂ ਬਾਦ ਸੋਕਲ ਨੇ 'ਲਿੰਗੁਆ ਫਰਾਂਕਾ' ਨਾਂ ਦੀ ਪੱਤਰਕਾ ਵਿਚ ਇਕੋ ਲੇਖ ਲਿਖਕੇ ਇਹ ਦਸਿਆ ਕਿ 'ਸੋਸ਼ਲ ਟੈਕਸਟ' ਵਿਚ ਛਪਿਆਂ ਲੇਖ ਅਸਲ



ਵਿਚ ਇਕ ਪੈਰੋਡੀ ਹੈ, ਜੋ ਸ਼ੁਰੂ ਤੋਂ ਆਖਿਰ ਤੱਕ ਫਜ਼ੂਲ ਗੱਲਾਂ ਨਾਲ ਭਰੀ ਹੋਈ ਹੈ ਅਤੇ ਉਸ ਵਿਚ ਅਰਥਹੀਨ ਗੱਦ ਅਤੇ ਅਸੰਭਵ ਦਾਵਿਆਂ ਦੀ ਭਰਮਾਰ ਹੈ। ਸੋਕਲ ਦੇ ਇਸ ਰਹੱਸ ਉਦ-ਘਾਟਨ ਬਾਦ ਅਮਰੀਕਾ ਦੀ ਬੌਧਿਕ ਦੁਨੀਆਂ ਵਿਚ ਹੰਗਾਮਾ ਹੋ ਗਿਆ। ਉਦੋਂ ਤੋਂ ਅੱਜ ਤੱਕ ਅਮਰੀਕਾ ਦੇ ਅਨੇਕ ਅਖਬਾਰਾਂ ਅਤੇ ਪੱਤਰਕਾਵਾਂ ਵਿੱਚ ਇਸ ਪ੍ਰਸੰਗ ਦੇ ਹੱਕ ਵਿਚ ਅਤੇ ਖਿਲਾਫ ਲੇਖ ਛਪ ਰਹੇ ਹਨ। ਸੋਕਲ ਦੇ ਲੇਖ ਨੂੰ ਵਿਅੰਗ, ਮਜ਼ਾਕ, ਕਰੂਰ ਮਜ਼ਾਕ, ਪੈਰੋਡੀ ਅਤੇ ਧੋਖਾਧੜੀ ਆਦਿ ਕਿਹਾ ਗਿਆ ਹੈ। ਐਲਨ ਸੋਕਲ ਦੇ ਇਸ ਰਹੱਸ ਉਦਘਾਟਨ ਬਾਦ 'ਸੋਸ਼ਲ ਟੈਕਸਟ' ਦੇ ਸੰਪਾਦਕ ਅਤੇ ਹੋਰ ਉੱਤਰ ਆਧੁਨਿਕਤਾਵਾਦੀ ਪਸ਼ੇਮਾਨ ਹਨ ਅਤੇ ਆਤਮ ਰਖਿਆ ਵਿਚ ਲੱਗੇ ਹੋਏ ਹਨ।

ਹੁਣ ਸੋਕਲ ਨੇ ਸਿਧਾਂਤਕ ਭੌਤਿਕ-ਵਿਗਿਆਨ ਦੇ ਹੋਰ ਪ੍ਰੋਫੈਸਰ ਜਾਂ ਬਰਿਕ ਮੋਂਤ ਨਾਲ ਮਿਲਕੇ ਇਕ ਕਿਤਾਬ ਲਿਖੀ ਹੈ, ਜੋ ਇਸੇ ਸਾਲ ਫਰੈਂਚ ਵਿਚ ਛਪੀ ਹੈ। ਪੁਸਤਕ ਦਾ ਨਾਂ ਹੈ— 'ਮਾਧਾਵੀ ਬੁੱਧੀ ਜੀਵੀ'। ਇਸ ਕਿਤਾਬ ਵਿਚ ਇਕ ਵਾਰ ਵਿਸਥਾਰ ਸਹਿਤ ਫਰਾਂਸ ਦੇ ਉੱਤਰ-ਆਧੁਨਿਕਤਾਵਾਦੀਆਂ ਦੀ ਨਕਲੀ ਵਿਗਿਆਨਕਤਾ ਦਾ ਪਰਦਾਫਾਸ਼ ਕੀਤਾ ਗਿਆ ਹੈ। ਇਸ ਵਿਚ ਲਾਕਾਂ, ਜੂਲੀਆ ਕ੍ਰਿਸਤੇਵਾ, ਇਰਿਮਰੇ, ਬੌਦਰੀਲਾ, ਦੇਰਿਦਾ, ਲਿਓਤਾਰ ਆਦਿ ਵਲੋਂ ਵਿਗਿਆਨਕ ਸ਼ਬਦਾਵਲੀ ਅਤੇ ਧਾਰਣਾਵਾਂ ਦੇ ਦੁਰਉਪਯੋਗ ਨੂੰ ਉਦਾਹਰਣਾਂ ਸਹਿਤ ਦਿਖਾਇਆ ਗਿਆ ਹੈ। ਇਸ ਕਿਤਾਬ ਦੇ ਛਪਣ ਤੇ ਫਰਾਂਸ ਦੇ ਉੱਤਰ-ਆਧੁਨਿਕਤਾਵਾਦੀ ਵੀ ਉਵੇਂ ਹੀ ਬੇਚੈਨ ਅਤੇ ਬੁਖਲਾਏ ਹੋਏ ਹਨ, ਜਿਵੇਂ ਪਹਿਲਾਂ ਛਪੇ ਲੇਖ ਤੋਂ ਅਮਰੀਕਾ ਦੇ ਉੱਤਰ-ਆਧੁਨਿਕਤਾ-ਵਾਦੀ ਪਸ਼ੇਮਾਨ ਅਤੇ ਬੇਚੈਨ ਸਨ। ਇਸ ਪੂਰੇ ਪ੍ਰਸੰਗ ਨਾਲ ਉੱਤਰ-ਆਧੁਨਿਕਤਾਵਾਦੀ ਵਿਚਾਰ-ਪੱਧਤੀ ਦਾ ਖੋਖਲਾਪਣ ਜੱਗ ਜ਼ਾਹਰ ਹੋ ਗਿਆ ਹੈ।

ਉਹੀ ਉੱਤਰ-ਆਧੁਨਿਕਤਾਵਾਦ ਹੁਣ ਹੋਲੀ ਹੋਲੀ ਭਾਰਤ ਵਿਚ ਆ ਰਿਹਾ ਹੈ। ਭਾਰਤ ਪਹਿਲਾਂ ਯੂਰਪ ਦੇ ਆਧੁਨਿਕਤਾਵਾਦ ਦਾ ਅਨੇਕ ਰੂਪਾਂ ਵਿਚ ਸ਼ਿਕਾਰ ਰਿਹਾ ਹੈ। ਲਗਦਾ ਹੈ ਕਿ ਹੁਣ ਉਹ ਉੱਤਰ-ਆਧੁਨਿਕਤਾਵਾਦ ਦਾ ਸ਼ਿਕਾਰ ਹੋਵੇਗਾ। ਪਹਿਲਾਂ ਭਾਰਤ ਵਿਚ ਬਸਤੀਵਾਦ ਨਾਲ ਆਧੁਨਿਕਤਾਵਾਦ ਆਇਆ ਸੀ ਕੀ ਹੁਣ ਗਲੋਬਲਾਈਜੇਸ਼ਨ ਦੇ ਦੌਰ ਵਿਚ ਨਵ-ਬਸਤੀਵਾਦ ਦੇ ਨਾਲ ਉੱਤਰ-ਆਧੁਨਿਕਤਾਵਾਦ ਆਵੇਗਾ? ਕੀ ਭਾਰਤ ਵਰਗੇ ਦੇਸ਼, ਜੋ ਪੱਛਮ ਦੇ ਗੁਲਾਮ ਰਹਿ ਚੁਕੇ ਹਨ, ਕੀ ਉਹ ਵਿਚਾਰਾ ਦੀ ਗੁਲਾਮੀ ਝੱਲਣ ਲਈ ਵੀ ਸਰਾਪੇ ਹੋਏ ਹਨ? ਉਹ ਵੀ ਅਜਿਹੇ ਵਿਚਾਰਾਂ ਦੀ, ਜੋ ਪੱਛਮ ਵਿਚ ਹੁਣ ਮ੍ਰਿਤ ਐਲਾਨੇ ਜਾ ਚੁੱਕੇ ਹਨ ਅਤੇ ਜਿਨ੍ਹਾਂ ਦਾ ਖੋਖਲਾਪਣ ਸਾਬਤ ਹੋ ਚੁੱਕਿਆ ਹੈ? ਅੱਜ ਭਾਰਤ ਜਿਨ੍ਹਾਂ ਰਾਜਨੀਤਕ, ਸਮਾਜਿਕ ਅਤੇ ਸਭਿਆ-ਚਾਰਕ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਹੈ, ਉਨ੍ਹਾਂ ਦੇ ਪ੍ਰਸੰਗ ਵਿਚ ਉੱਤਰ-ਆਧੁਨਿਕਤਾ-ਵਾਦ ਦੀ ਕੀ ਭੂਮਿਕਾ ਹੋਵੇਗੀ ਉਹ ਕਿੰਨ੍ਹਾਂ ਦੇ ਕੰਮ ਦਾ ਹੋਵੇਗਾ ਅਤੇ ਕਿੰਨ੍ਹਾਂ ਲਈ ਬੇਕਾਰ, ਉਹ ਕਿੰਨ੍ਹਾਂ ਦੀ ਤਾਕਤ ਬਣੇਗਾ ਅਤੇ ਕਿੰਨ੍ਹਾਂ ਨੂੰ ਕਮਜ਼ੋਰ ਬਣਾਵੇਗਾ—ਇਹ ਸਵਾਲ ਬੇਹੱਦ ਮਹੱਤਵ-ਪੂਰਣ ਹਨ। ਜਿਸ ਦੇਸ਼ ਦੀ ਜਨਤਾ ਹਾਲੀਂ ਮੁੱਢ-ਕਦੀਮੀ ਸਥਿਤੀਆਂ ਵਿਚ ਜਿਉਂ ਰਹੀ ਹੋਵੇ ਦੂਜਾ ਵੱਡਾ ਹਿੱਸਾ ਮੱਧਯੁੱਗੀਨਤਾ ਦਾ ਸ਼ਿਕਾਰ ਹੋਵੇ ਅਤੇ ਤੀਜਾ ਵੱਡਾ ਹਿੱਸਾ ਮੱਧਯੁਗੀਨ ਵਿਚੋਂ ਨਿਕਲ ਕੇ ਆਧੁਨਿਕ ਬਨਣ ਲਈ ਸੰਘਰਸ਼ ਕਰ ਰਿਹਾ ਹੋਵੇ, ਉਸ ਦੇਸ਼ ਵਿਚ ਉੱਤਰ ਆਧੁਨਿਕਤਾਵਾਦ ਮੁੱਠੀ ਭਰ ਲੋਕਾਂ ਲਈ ਇਕ ਨਵਾਂ ਬੌਧਿਕ ਫੈਸ਼ਨ ਭਾਵੇਂ ਹੋਵੇ ਪਰ ਵਿਆਪਕ

ਸਮਾਜ ਲਈ ਤਾਂ ਉਹ ਵਿਅਰਥ ਹੀ ਹੋਵੇਗਾ । ਅੱਜਕਲ੍ਹ ਇਸ ਦੇਸ਼ ਵਿਚ ਉੱਤਰ ਆਧੁਨਿਕ ਭਾਸ਼ਾ ਵਿਚ ਕਹੀਏ ਤਾਂ ਮਾਨਵ-ਮੁਕਤੀ ਦਾ ਕੋਈ ਵਿਸ਼ਾਲ ਨੈਰੇਟਿਵ ਕ੍ਰਿਆਸ਼ੀਲ ਨਹੀਂ ਹੈ, ਪਰ ਮੁਕਤੀ ਦੇ ਛੋਟੇ ਛੋਟੇ ਬਿਰਤਾਂਤ ਜ਼ਰੂਰ ਸਰਗਰਮ ਹਨ । ਕੀ ਉਹਨਾਂ ਬਿਰਤਾਂਤਾਂ ਦਾ ਕੋਈ ਮਹੱਤਵ ਨਹੀਂ ਹੈ ? ਕੀ ਜਿਸ ਸਮੇਂ ਅਤੇ ਸਮਾਜ ਵਿਚ ਮਹਾਂ-ਕਾਵਿ ਅਤੇ ਨਾਵਲ ਨਾ ਰਚੇ ਜਾ ਰਹੇ ਹੋਣ ਉਸ ਵਿਚ ਪ੍ਰਸੰਗਾਂ ਅਤੇ ਕਹਾਣੀਆਂ ਦਾ ਕੋਈ ਮਹੱਤਵ ਨਹੀਂ ਹੁੰਦਾ ?

ਅੱਜਕਲ੍ਹ ਇਸ ਦੇਸ਼ ਦੇ ਭਵਿੱਖ ਲਈ ਜੋ ਰਾਜਨੀਤਕ ਅਤੇ ਵਿਚਾਰਕ ਲੜਾਈ ਚਲ ਰਹੀ ਹੈ, ਉਸ ਦੀ ਰਣਭੂਮੀ ਬੀਤਿਆ ਕਾਲ ਹੀ ਹੈ । ਅਜਿਹੀ ਸਥਿਤੀ ਵਿਚ ਇਤਿਹਾਸ ਅਤੇ ਉਸਦੀ ਵਿਆਖਿਆ ਦਾ ਅਸਾਧਾਰਣ ਮਹੱਤਵ ਹੈ । ਪਰ ਉੱਤਰ ਆਧੁਨਿਕਤਾਵਾਦੀ ਸੋਚ ਵਿਚ ਅਤੀਤ ਸੰਬੰਧੀ ਜੋ ਦ੍ਰਿਸ਼ਟੀ ਹੈ, ਉਹ ਭਰਮ ਹੀ ਵਧੇਰੇ ਪੈਦਾ ਕਰੇਗੀ, ਕਿਉਂਕਿ ਉਸ ਅਨੁਸਾਰ ਅਤੀਤ ਸੰਬੰਧੀ ਹਰ ਦ੍ਰਿਸ਼ਟੀਕੋਣ ਸਹੀ ਹੈ, ਉਹ ਭਾਵੇਂ ਫਾਸਿਸ਼ਟ, ਜਾਤੀਵਾਦੀ ਹੋਵੇ, ਸੰਪਰਦਾਇਕ ਹੋਵੇ ਜਾਂ ਕੋਈ ਹੋਰ । ਉੱਤਰ ਆਧੁਨਿਕਤਾਵਾਦ ਅਨੁਸਾਰ ਸੱਚ ਨਾ ਪਬਲਿਕ ਹੈ ਅਤੇ ਨਾ ਯੂਨੀਵਰਸਲ । ਹਰ ਸਮੂਹ, ਭਾਈਚਾਰੇ ਅਤੇ ਵਰਗ ਦਾ ਆਪਣਾ ਸੱਚ ਹੁੰਦਾ ਹੈ, ਕਿਉਂਕਿ ਤੱਥ ਤੇ ਜ਼ੋਰ ਦੇਣਾ ਯਥਾਰਥਵਾਦੀ ਭਰਮ ਵਿਚ ਜਿਉਣਾ ਹੈ ।

ਦੇਰਿਦਾ ਅਨੁਸਾਰ ਇਤਿਹਾਸ ਇਕ ਪਾਠ ਹੈ । ਇਤਿਹਾਸ ਹੀ ਕਿਉਂ, ਉਨ੍ਹਾਂ ਲਈ ਤਾਂ ਵਿਚਾਰ, ਵਿਸ਼ਵਾਸ, ਵਿਵਹਾਰ, ਘਟਨਾਵਾਂ ਅਤੇ ਸੰਸਥਾਵਾਂ ਵੀ (ਟੈਕਸਟ) ਪਾਠ ਹੀ ਹਨ ਅਤੇ ਪਾਠ ਦਾ ਆਪਣਾ ਕੋਈ ਨਿਸ਼ਚਿਤ ਅਰਥ ਨਹੀਂ ਹੁੰਦਾ, ਉਹ ਪਾਠਕ ਅਤੇ ਉਸਦੀ ਵਿਆਖਿਆ ਤੇ ਨਿਰਭਰ ਹੁੰਦਾ ਹੈ । ਇਸ ਸੱਚ ਅਨੁਸਾਰ ਜਲਿਆਂਵਾਲਾ ਬਾਗ ਦਾ ਕਤਲੇਆਮ, ਭੋਪਾਲ ਦਾ ਗੈਸ ਕਤਲਕਾਂਡ, ਬਾਬਰੀ ਮਸਜਿਦ ਦੀ ਬਰਬਾਦੀ ਅਤੇ ਸੂਰਤ ਦਾ ਦੰਗਾ, ਸਭ ਪਾਠ ਟੈਕਸਟ ਹਨ । ਇਹਨਾਂ ਨੂੰ ਭਿਆਨਕ ਦੁਖਾਂਤ ਕਹਿਣਾ ਇਕ ਨਿਸ਼ਚਿਤ ਅਰਥ ਦੇਣਾ ਹੈ, ਜੋ ਉੱਤਰ ਆਧੁਨਿਕਤਾਵਾਦ ਨੂੰ ਮਨਜ਼ੂਰ ਨਹੀਂ । ਦੇਰੀਦਾ ਦੀ ਰਾਇ ਵਿਚ ਪਾਠ ਦੇ ਪ੍ਰਸੰਗ ਵਿਚ ਅਨੁਭਵ ਦਾ ਕੋਈ ਸੁਤੰਤਰ ਮਹੱਤਵ ਨਹੀਂ ਹੁੰਦਾ ਅਤੇ ਅਨੁਭਵ ਕਿਸੇ ਵਿਆਖਿਆ ਦੀ ਸੱਚਾਈ ਦੀ ਕਸਵੱਟੀ ਨਹੀਂ ਹੈ, ਇਸ ਲਈ ਹਰ ਵਿਆਖਿਆ ਸਮਾਨ ਰੂਪ ਵਿਚ ਗਲਤ ਜਾਂ ਸਹੀ ਹੈ । ਕੀ ਇਹ ਗੱਲ ਸੰਪੂਰਨ ਉੱਤਰ ਆਧਨਿਕਤਾਵਾਦ ਤੇ ਲਾਗੂ ਨਹੀਂ ਹੁੰਦਾ ? ਕੀ ਉੱਤਰ ਆਧੁਨਿਕਤਾਵਾਦੀ ਸੋਚ ਅਨੁਸਾਰ ਅਸਲੀ ਮਨੁੱਖਾਂ ਦੀ ਜ਼ਿੰਦਗੀ ਦੇ ਤਸੀਹਿਆਂ ਨੂੰ ਝੁਠਲਾਉਣਾ ਬੌਧਿਕ ਅੱਤਿਆਚਾਰ ਨਹੀਂ ਹੈ ?

ਭਾਰਤੀ ਸਮਾਜ ਵਿਚ ਅਪਾਰ ਲੁੱਟ ਅਤੇ ਦਮਨ ਹੈ ਅਤੇ ਉਸ ਵਿਰੁੱਧ ਸੰਘਰਸ਼ ਵੀ । ਕੀ ਉੱਤਰ ਆਧੁਨਿਕਤਾਵਾਦੀ ਸੋਚ ਇਸ ਲੁੱਟ-ਖਸੁੱਟ ਅਤੇ ਦਮਨ ਦੀ ਅਸਲੀਅਤ ਦੇ ਸਵੀਕਾਰ ਅਤੇ ਪ੍ਰਤੀਕਾਰ ਦੀ ਕੋਈ ਸੰਭਾਵਨਾ ਹੈ ? ਦੂਸਰਿਆਂ ਬਾਰੇ ਕੀ ਕਹਿਣਾ' ਖੁਦ ਦੇਰਿਦਾ ਜੋ ਆਪਣੇ ਆਪ ਨੂੰ ਖੱਬੇ-ਪੱਖੀ ਅਤੇ ਕਦੀ ਕਦੀ ਮਾਰਕਸਵਾਦੀ ਵੀ ਕਹਿੰਦਾ ਹੈ, ਦੇ ਲੇਖਨ ਵਿਚ ਵੀ ਸਮਾਜਕ ਅਤੇ ਰਾਜਨੀਤਕ ਦਮਨ ਦੀ ਅਸਲੀਅਤ ਦੀ ਕੋਈ ਚਿੰਤਾ ਨਹੀਂ ਹੈ । ਉਹ ਦਮਨ ਦੀ ਗੱਲ ਕਰਦੇ ਹਨ ਪਰ ਉਸ ਦਾ ਸੰਬੰਧ ਦਾਰਸ਼ਨਿਕ ਦਵੈਤਾਂ ਨਾਲ ਹੈ, ਜਿਵੇਂ ਕਿ ਪ੍ਰਕ੍ਰਿਤੀ ਅਤੇ ਸੰਸਕ੍ਰਿਤੀ ਵਿਵੇਕ ਅਤੇ ਆਵੇਗ, ਚੇਤਨਾ ਅਤੇ ਵਸਤੂ, ਪੁਲਿੰਗ ਅਤੇ ਇਸਤਰੀ ਲਿੰਗ



ਆਦਿ । ਦੇਰਿਦਾ ਸਿਰਫ ਇਨ੍ਹਾਂ ਦਵੈਤਾਂ ਦੀ ਵਿਆਖਿਆ ਵਿਚ ਹੀ ਦਮਨ ਦੀ ਸਥਿਤੀ ਸਵੀਕਾਰ ਕਰਦੇ ਹਨ । ਉਨ੍ਹਾਂ ਲਈ ਦਮਨ ਸਿਰਫ ਇਕ ਵਿਚਾਰਕ ਸਮੱਸਿਆ ਹੈ ਕੋਈ ਸਮਾਜਕ ਅਸਲੀਅਤ ਨਹੀਂ । ਅਜਿਹੀ ਸਥਿਤੀ ਵਿਚ ਉੱਤਰ ਆਧੁਨਿਕਤਾਵਾਦੀ ਦ੍ਰਿਸ਼ਟੀ ਤੋਂ ਸਮਾਜਕ ਲੁੱਟ, ਦਮਨ ਅਤੇ ਗੁਲਾਮੀ ਦੀ ਅਸਲੀਅਤ ਨੂੰ ਸਮਝਣਾ ਵੀ ਸੰਭਵ ਨਹੀਂ ਹੈ, ਉਹਨਾਂ ਨੂੰ ਮਿਟਾਉਣ ਦੀ ਗੱਲ ਤਾਂ ਕੌਣ ਕਹੇ ? ਅਜਿਹੀ ਵਿਚਾਰ ਪੱਧਤੀ ਭਾਰਤੀ ਜਨਤਾ ਦੇ ਕਿਸ ਕੰਮ ਦੀ ਹੈ ?

ਅੱਜ ਦੇ ਤਰ੍ਹਾਂ ਤਰ੍ਹਾਂ ਦੇ ਉੱਤਰਵਾਦੀ ਅਤੇ ਵਿਚਾਰਕ ਮਨੁੱਖੀ ਸਮਾਜ ਦੇ ਇਤਿਹਾਸ, ਉਸ ਇਤਿਹਾਸ ਦੇ ਸੱਚ, ਉਸ ਸੱਚ ਦੇ ਗਿਆਨ, ਉਸ ਗਿਆਨ ਦੇ ਵਿਵੇਕ ਅਤੇ ਉਸ ਵਿਵੇਕ ਦੀ ਚੇਤਨਾ ਦੇ ਅੰਤ ਦਾ ਐਲਾਨ ਕਰ ਰਹੇ ਹਨ । ਉਹ ਮਾਨਵ ਮੁਕਤੀ ਦੀ ਕੋਸ਼ਿਸ਼ ਹੀ ਨਹੀਂ, ਉਸ ਦੀ ਇੱਛਾ ਦੀ ਸੰਭਾਵਨਾ ਨੂੰ ਵੀ ਨਕਾਰ ਰਹੇ ਹਨ । ਇਸ ਤਰ੍ਹਾਂ ਉਹ ਸੰਪੂਰਣ ਮਾਨਵ ਸਮਾਜ ਦੀ ਨਿਰਾਸ਼ਾ ਨੂੰ ਵਧਾ ਰਹੇ ਹਨ ਅਤੇ ਉਸ ਦੇ ਮੌਜੂਦਾ ਸੰਕਟ ਨੂੰ ਹੋਰ ਜ਼ਿਆਦਾ ਡੂੰਘਾ ਬਣਾ ਰਹੇ ਹਨ । ਵਿਡੰਬਨਾ ਤਾਂ ਇਹ ਹੈ ਕਿ ਅਜਿਹਾ ਯੂਰਪ ਅਤੇ ਅਮਰੀਕਾ ਦੇ ਉਹ ਬੁੱਧੀਜੀਵੀ ਕਰ ਰਹੇ ਹਨ ਜੋ ਆਪ ਨਾ ਕਿਸੇ ਨਿਰਾਸ਼ਾ ਦਾ ਸਾਹਮਣਾ ਕਰ ਰਹੇ ਹਨ ਨਾ ਕਿਸੇ ਸੰਕਟ ਦਾ । ਉਹਨਾਂ ਨੂੰ ਹੁਣ ਕਮਿਊਨਿਜ਼ਮ ਦਾ ਉਹ ਭੂਤ ਵੀ ਤੰਗ ਨਹੀਂ ਕਰ ਰਿਹਾ, ਜਿਸ ਤੋਂ ਇਕ ਸਦੀ ਤਕ ਉਹਨਾਂ ਦੇ ਪੁਰਖੇ ਅਤੇ ਉਹ ਭੈਭੀਤ ਰਹੇ ਹਨ । ਅਜਿਹਾ ਵੀ ਨਹੀਂ ਲਗਦਾ ਕਿ ਉਹਨਾਂ ਨੂੰ ਇਸ ਗੱਲ ਦਾ ਅਪਰਾਧ ਬੋਧ ਹੈ ਕਿ ਉਹਨਾਂ ਦੇ ਪੁਰਖਿਆਂ ਨੇ ਏਸ਼ੀਆਂ, ਅਫਰੀਕਾ ਅਤੇ ਦੱਖਣੀ ਅਮਰੀਕਾ ਦੀ ਜਨਤਾ ਨੂੰ ਗੁਲਾਮ ਬਣਾਇਆ, ਉਨ੍ਹਾਂ ਦਾ ਕਤਲ ਕੀਤਾ ਅਤੇ ਉਥੋਂ ਦੀ ਸਾਰੀ ਦੌਲਤ ਲੁੱਟ ਕੇ ਆਪਣਾ ਘਰ ਭਰ ਲਿਆ, ਜਿਸ ਦੀ ਅਣਹੋਂਦ ਵਿਚ ਨਾ ਤਾਂ ਉਹ ਆਧੁਨਿਕ ਹੀ ਬਣ ਪਾਉਂਦੇ ਅਤੇ ਨਾ ਉੱਤਰ ਆਧੁਨਿਕ । ਇਹ ਲੁੱਟ ਦੀ ਪ੍ਰਕ੍ਰਿਆ ਤਾਂ ਹੁਣ ਵੀ ਕਈ ਰੂਪਾਂ ਵਿਚ ਜਾਰੀ ਹੈ ਪਰ ਉਸ ਦਾ ਵਿਰੋਧ ਤਾਂ ਕੀ, ਸਵੀਕਾਰ ਵੀ ਉੱਤਰ ਆਧੁਨਿਕਤਾਵਾਦੀ ਸੋਚ ਅਤੇ ਲੇਖਨ ਵਿਚ ਕਿਤੇ ਨਹੀਂ ਹੈ ।

(ਜਨ ਸੱਤਾ) ਹਿੰਦੀ ਤੋਂ ਅਨੁਵਾਦ : ਚਮਨ ਲਾਲ

Dr. Manager Pandey.
Professor and chairman,
Centre of Indian Languages (School of Lgs.)
J. N U., New Delhi-110067

11-E, Baradari,
Gardens, Patiala (Pb,)
Pin : 147001

---

## ਚਿਰਾਗ਼ ਪ੍ਰਕਾਸ਼ਨ ਦੀਆਂ ਪੁਸਤਕਾਂ

1. ਮਾਰਕਸਵਾਦੀ ਸਾਹਿਤ-ਚਿੰਤਨ — ਮੁੱਲ : 100--
2. ਨਾਜ਼ਿਮ ਹਿਕਮਤ-ਜੀਵਨ ਤੇ ਰਚਨਾ — ਮੁੱਲ : 20/-
3. ਜੀਵਨੀ-ਹੋਚੀਮਿਨ- ਸੂਫੀ ਅਮਰਜੀਤ — ਮੁੱਲ : 100/-
4. ਕਵਿਤਾ ਦੀ ਸਿਰਜਣ ਕਿਰਿਆ ਹਰਭਜਨ ਸਿੰਘ ਹੁੰਦਲ — ਮੁੱਲ : 50/-
5. ਵਿਅੰਗਨਾਮਾ (ਰਾਜਸੀ ਕਵੀਸ਼ਰੀ) ਹਰਭਜਨ ਸਿੰਘ ਹੁੰਦਲ — ਮੁੱਲ : 40/-

## ਵਾਦ-ਵਿਵਾਦ—2

# ਉੱਤਰ-ਆਧੁਨਿਕਵਾਦ, ਅਜੋਕਾ ਸੰਸਾਰ ਅਤੇ ਸਾਹਿਤਕਾਰ/ਸੂਫ਼ੀ ਅਮਰਜੀਤ

ਪੱਛਮੀ ਜਗਤ ਦੇ ਬੁੱਧੀਜੀਵੀਆਂ ਵਿਚਕਾਰ, ਸੱਠਵਿਆਂ ਦੇ ਅੰਤ ਤੋਂ ਇਕ ਚਰਚਾ ਛਿੜੀ ਹੈ ਕਿ ਸੰਸਾਰ ਵਿੱਚ ਨਵੇਂ ਯੁੱਗ ਦਾ ਅਰੰਭ ਹੋ ਗਿਆ ਹੈ, ਯੁਗ ਜਿਸ ਦਾ ਉਹਨਾਂ ਨੇ, ਉੱਤਰ-ਆਧੁਨਿਕ ਯੁੱਗ ਧਰਿਆ। ਇਸ ਨੂੰ ਉੱਤਰ-ਪੂੰਜੀਵਾਦ, ਤੇ ਉੱਤਰ-ਇੰਡਸਟਰੀਅਲ ਯੁੱਗ ਵੀ ਕਿਹਾ ਜਾਂਦਾ ਹੈ। 1789 ਵਿਚ ਦੇ ਫ਼ਰਾਂਸੀਸੀ ਇੰਨਕਲਾਬ ਤੋਂ ਪੂੰਜੀਵਾਦੀ ਜਾਂ ਆਧੁਨਿਕ ਯੁੱਗ ਸ਼ੁਰੂ ਹੋਇਆ ਮੰਨਿਆ ਜਾਂਦਾ ਹੈ। ਮਧ ਯੁੱਗ ਦੇ ਅੰਤ ਵਿੱਚ, ਜੋ ਜਾਗਰਤੀ ਲਹਿਰ ਚੱਲੀ ਸੀ, ਉਸ ਤੋਂ ਪਿਛੋ ਪੂੰਜੀਵਾਦ ਦਾ ਆਧੁਨਿਕ ਯੁੱਗ, ਅਧਿਆਤਮਿਕ ਤੇ ਸਾਮੰਤੀ ਨੈਤਿਕਤਾ ਦੀਆਂ ਕਦਰਾਂ ਕੀਮਤਾਂ ਨੂੰ ਤਿਆਗ ਕੇ, ਉਦਾਰਤਾ, ਜਨਤੰਤਰ, ਬਰਾਬਰਤਾ ਅਤੇ ਭਰਾਤਰੀਤਾ ਦੇ ਮਖੌਟਿਆਂ ਨੂੰ ਸਜਾ ਕੇ ਆਇਆ ਸੀ। ਪ੍ਰੰਤੂ ਇਸ ਨੇ ਜਿਉਂ ਜਿਉਂ ਵਿਕਾਸ ਕੀਤਾ, ਤਿਉਂ ਤਿਉਂ ਹੀ ਇਕ ਇਕ ਕਰਕੇ ਸੱਭੇ ਮਖੌਟਿਆਂ ਨੂੰ ਉਤਾਰ ਸੁੱਟਦਾ ਗਿਆ। ਜਾਂ ਕਹਿ ਸਕਦੇ ਹਾਂ ਕਿ ਜਿਉਂ ਜਿਉਂ ਇਸਦੇ ਮੁਨਾ-ਫਿਆਂ ਦੀ ਲਾਲਸਾ ਵਧਦੀ ਗਈ, ਤਿਉਂ ਤਿਉਂ ਇਹ ਧੋਖਾ, ਹੇਰਾ ਫੇਰੀ, ਗੁੰਡਾ ਗਰਦੀ, ਅਨੈ-ਤਕਤਾ, ਪਾੜੋ ਤੇ ਰਾਜ ਕਰੋ, ਮਾਫੀਆਂ ਗਰੋਹਾਂ ਦੇ ਸੰਗਠਣਾ: ਫਾਸ਼ੀਵਾਦ, ਸਾਮਰਾਜਵਾਦ ਆਦਿ ਦਾ ਗੈਰ ਮਨੁੱਖੀ, ਮਨੁੱਖਤਾ ਵਿਰੋਧੀ ਸਰਗਰਮੀਆਂ ਦਾ ਸਿਸਟਮ ਬਣਦਾ ਗਿਆ ਹੈ। ਇਹ ਇਸੇ ਸਦੀ ਵਿਚ ਦੋ ਸੰਸਾਰ ਜੰਗਾਂ ਤੇ ਵੀਅਤਨਾਮ ਦੀ ਤੀਹ ਵਰ੍ਹੇ ਲੰਬੀ ਜੰਗ ਤੋਂ ਬਿਨਾਂ ਏਸ਼ੀਆ, ਅਫ਼-ਰੀਕਾ ਤੇ ਦਖਣੀ ਅਮਰੀਕਾ ਵਿੱਚ ਅਨੇਕਾਂ ਛੋਟੀਆਂ ਵੱਡੀਆਂ ਜੰਗਾਂ, ਫੌਜੀ ਰਾਜ ਪਲਟਿਆਂ ਆਦਿ ਦੁਆਰਾ ਕਰੋੜਾਂ ਲੋਕਾਂ ਦੀਆਂ ਜਾਨਾਂ ਦੀ ਬਲੀ ਲੈ ਚੁਕਾ ਹੈ। ਇਸ ਦੇ ਬਾਵਜੂਦ ਪੂੰਜੀਵਾਦ ਆਪਣੇ ਧਾੜਵੀ, ਹੱਠੀ ਅਤੇ ਲਾਲਚੀ ਸੁਭਾਓ ਕਾਰਨ, ਅੱਜ ਸੰਸਾਰ ਦੇ ਹਰ ਕੋਨੇ ਕੋਨੇ ਵਿਚ ਪੁੱਜ ਚੁੱਕਾ ਹੈ। ਇਹ ਚਾਹੇ ਏਸ਼ੀਆ ਦੇ ਵਿਕਾਸ਼ਸੀਲ ਦੇਸ਼ ਹੋਣ ਜਾਂ ਦਖਣੀ ਅਮਰੀਕਾ ਦੇ ਪਛੜੇ ਦੇਸ਼ ਅਤੇ ਚਾਹੇ ਅਫਰੀਕਾ ਦੇ ਕਬੀਲਾ-ਪ੍ਰਬੰਧ ਵਿੱਚ ਬੱਝੇ ਹੋਏ, ਅਤਿ ਪਛੜੇ ਦੇਸ਼ ਹੋਣ ਅਤੇ ਭਾਵੇਂ ਸਾਬਕਾ ਤੇ ਮੌਜੂਦਾ ਸਮਾਜਵਾਦੀ ਦੇਸ਼।

ਪੂੰਜੀਵਾਦ ਦੇ ਇਸ ਪਾਸਾਰ ਨੂੰ ਸ਼ਰਬਤਰ ਬਣਾਉਣ ਵਿੱਚ ਪਹਿਲਾਂ ਬਸਤੀਵਾਦ, ਇੰਡਸ-ਟਰੀਅਲ ਪੂੰਜੀਵਾਦ ਅਤੇ ਸਾਮਰਾਜਵਾਦ ਨੇ ਹਿੱਸਾ ਪਾਇਆ ਅਤੇ ਫਿਰ ਨਵਬਸਤੀਵਾਦ ਦੁਆਰਾ ਬਹੁਕੌਮੀ ਕਾਰਪੋਰੇਸ਼ਨਾਂ ਤੇ ਹੁਣ ਪਾਰ-ਕੌਮੀ ਕਾਰਪੋਰੇਸ਼ਨਾਂ, ਬਿਜਲਈ ਤੇਜ਼ੀ ਨਾਲ ਸੰਸਾਰ ਦੇ ਹਰ ਪਿੰਡ-ਘਰ ਵਿਚ ਲੈ ਜਾਣ ਵਿਚ ਰੁੱਝੀਆਂ ਹੋਈਆਂ ਹਨ। ਇਹ ਤੇਜ਼ੀ ਨਾਲ ਹੋ ਰਿਹਾ ਪਾਸਾਰ, ਇਲੈਕਟਰੌਨਿਕ-ਕੰਪਿਊਟਰੀ ਖੇਤਰ ਵਿਚ ਵਿਗਿਆਨਕ ਵਿਕਾਸ ਕਾਰਨ ਹੀ ਸੰਭਵ ਹੋਇਆ ਹੈ। ਜਿਸ ਨੇ ਸੂਚਨਾ ਅਤੇ ਸੰਚਾਰ ਸਾਧਨਾ ਨੂੰ ਇੰਨਾ ਵਿਆਪਕ ਤੇ ਚੁਸਤ ਬਣਾ ਦਿੱਤਾ ਹੈ ਕਿ ਸੰਸਾਰ ਨੂੰ ਇਕ ਡੱਬੀ ਵਿਚ ਬੰਦ ਕਰ ਦਿਤਾ ਹੈ। ਇਸ ਨੇ ਪੂੰਜੀ ਨੂੰ ਆਪਣੇ ਸਮੁੱਚੇ ਪਾਸਾਰ ਨਾਲ ਹੀ ਆਤਮ-ਸਾਤ ਕਰ ਲਿਆ ਹੈ। ਹੁਣ ਬਿਜਲੀ, ਰੇਡੀਓ ਟੀ.ਵੀ. ਟੈਲੀਫੂਨ, ਸ਼ੈਲੂਲਰ ਫੂਨ, ਕੰਪਿਊਟਰ—ਇੰਟਰਨੈੱਟ, ਈਮੇਲ, ਸਕੂਟਰ, ਕਾਰ, ਹਵਾਈ ਆਵਾਜਾਈ ਆਦਿ ਵਸਤਾਂ ਮਧਵਰਗੀ ਲੋਕਾਂ ਤੱਕ



ਲਗਪਗ ਪੁੱਜ ਚੁੱਕੀਆਂ ਹਨ ਤੇ ਬਿਜਲੀ, ਟੀ. ਵੀ. ਸਕੂਟਰ ਤਾਂ ਬਹੁਤ ਸਾਰੇ ਮਿਹਨਤੀ ਲੋਕਾਂ ਦੇ ਘਰਾਂ ਵਿਚ ਜਾਣ ਲੱਗ ਗਈਆਂ ਹਨ। ਇਸ ਤਬਦੀਲੀ ਨੂੰ ਕੋਈ ਅੱਖੋਂ ਉਹਲੇ ਨਹੀਂ ਕਰ ਸਕਦਾ।

ਦੂਜੇ ਪਾਸੇ ਇਸ ਪੂੰਜੀਵਾਦੀ ਵਿਕਾਸ ਦੇ ਦੌਰਾਨ, ਇਸ ਸਦੀ ਦੇ ਮੁੱਢ ਵਿੱਚ, ਸੰਸਾਰ ਨੂੰ ਝੰਜੋੜ ਦੇਣ ਵਾਲੀ ਘਟਨਾ ਵਾਪਰੀ, ਜਿਸ ਨੂੰ ਇਤਿਹਾਸ 'ਮਹਾਨ ਰੂਸੀ ਅਕਤੂਬਰ ਇਨਕਲਾਬ' ਦੇ ਨਾਂ ਨਾਲ ਯਾਦ ਕਰਦਾ ਹੈ। ਇਹ ਇਕ ਅਜਿਹਾ ਵਰਤਾਰਾ ਸੀ ਜੋ ਸੱਚਮੁੱਚ ਹੀ ਬਸਤੀਵਾਦੀ-ਸਾਮਰਾਜੀ ਸਕਤੀਆਂ ਨੂੰ ਤਰੇਲੀਆਂ ਲਿਆ ਗਿਆ। ਇਸ 1917 ਦੇ ਰੂਸੀ ਇਨਕਲਾਬ ਨੂੰ ਬਾਹਰਮੁਖੀ ਸਮਾਜਿਕ-ਪਦਾਰਥਿਕ ਕਾਰਨਾਂ ਨੇ ਜਨਮ ਦਿੱਤਾ। ਪ੍ਰੰਤੂ ਉਹਨਾਂ ਕਾਰਨਾਂ ਦਾ ਵਿਸ਼ਲੇਸ਼ਣ ਕਰਕੇ, ਉਹਨਾਂ ਨਾਲ ਨਜਿੱਠਣ ਲਈ ਜਿਸ ਵਿਚਾਰਧਾਰਾ ਨੇ ਸੇਧ ਦਿੱਤੀ ਸੀ, ਉਹ ਮਾਰਕਸਵਾਦ ਤੇ ਉਸਦਾ ਦਰਸ਼ਨ ਦਵੰਦਾਆਤਮਿਕ ਤੇ ਇਤਿਹਾਸਕ ਭੌਤਿਕਵਾਦ ਸੀ। ਮਾਰਕਸਵਾਦ ਨੂੰ, ਉਸ ਸਮੇਂ ਦੀ ਰੂਸੀ ਸਮਾਜ ਦੀ ਸਥਿਤੀ ਉਪਰ, ਸਫਲਤਾ ਨਾਲ ਲਾਗੂ ਕਰਨ ਵਾਲਾ ਵਲਾਦੀਮੀਰ ਈ. ਲੈਨਿਨ ਤੇ ਉਸ ਦੇ ਸਾਥੀ ਸਨ, ਜਿਨ੍ਹਾਂ ਰੂਸੀ ਮਜ਼ਦੂਰਾਂ, ਕਿਸਾਨਾਂ, ਫੌਜੀਆਂ ਤੇ ਜਹਾਜ਼ੀਆਂ ਨੂੰ ਰਾਜਨੀਤਕ ਲਹਿਰ ਵਿਚ ਸੰਗਠਤ ਕਰਕੇ, ਵਿਸ਼ਾਲ ਜਨਤਕ ਹਮਾਇਤ ਪ੍ਰਾਪਤ ਕਰਕੇ, ਪੂੰਜੀਵਾਦੀ ਜਮਾਤਾਂ ਤੋਂ ਰਾਜ ਸੱਤਾ ਖੋਹਕੇ ਸਮਾਜਵਾਦੀ ਪ੍ਰਬੰਧ ਦੇ ਰਾਜ ਦੀ ਨੀਂਹ ਰੱਖੀ। ਕਾਰਲ ਮਾਰਕਸ ਤੇ ਏਂਗਲਜ਼ ਨੇ ਕਮਿਊਨਿਸਟ ਮੈਨੀਫੈਸਟੋ ਵਿਚ 'ਕਮਿਊਨਿਜ਼ਮ' ਨਾਂ ਦੇ ਜਿਸ ਭੂਤ ਤੋਂ ਸਾਰੇ ਯੂਰਪ ਦੇ ਭੈ ਗ੍ਰਸਤ ਹੋਣ ਦਾ ਜ਼ਿਕਰ ਕੀਤਾ ਸੀ, ਉਸ 'ਭੂਤ' ਨੇ ਸਾਕਾਰ ਹੋ ਕੇ ਧਰਤੀ ਦੇ ਸਭ ਤੋਂ ਵੱਡੇ ਦੇਸ਼, ਰੂਸ ਨੂੰ ਆਪਣੀ ਲਪੇਟ ਵਿਚ ਲੈ ਲਿਆ ਸੀ। ਕਮਿਊਜ਼ਿਮ ਦੇ ਭੂਤ ਤੋਂ ਰੂਸ ਨੂੰ ਮੁਕਤ ਕਰਨ ਲਈ ਸੰਸਾਰ ਦੇ ਸਾਰੇ ਪੂੰਜੀਵਾਦੀ-ਸਾਮਰਾਜੀ 'ਮਾਂਦਰੀ' ਸਾਜ਼ਸ਼ੀ ਤਾਣ ਲਾਕੇ ਹਾਰ ਗਏ ਤੇ ਓੜਕ ਹਾਰ ਮੰਨਕੇ, ਮਜ਼ਦੂਰਾਂ-ਕਿਸਾਨਾਂ ਦੀ ਸਮਾਜਵਾਦੀ ਰਾਜ ਸੱਤਾ ਨੂੰ ਪ੍ਰਵਾਨ ਕਰਨ ਉਪਰ ਮਜਬੂਰ ਹੋ ਗਏ। ਇਹੋ ਹੀ ਨਹੀਂ ਦੂਜੀ ਸੰਸਾਰ ਜੰਗ ਵਿਚ ਫ਼ਾਸ਼ਿਜ਼ਮ ਦੇ ਹਾਰ ਜਾਣ ਉਪਰੰਤ ਇਕ ਸਮਾਜਵਾਦੀ ਕੈਂਪ ਹੋਂਦ ਵਿਚ ਆ ਗਿਆ ਤੇ ਫਿਰ 1949 ਵਿਚ ਲੋਕ ਚੀਨ ਦਾ ਇੰਨਕਲਾਬ ਸਫਲ ਹੋ ਗਿਆ ਜਦੋਂ ਇਸ ਸਦੀ ਦੇ ਛੇਵੇਂ-ਸੱਤਵੇਂ ਦਹਾਕੇ ਵਿਚ ਉੱਤਰ-ਆਧੁਨਿਕਤਾ ਦੇ ਯੁੱਗ ਨੂੰ ਪ੍ਰਗਟ ਹੋਣ ਨੂੰ ਮਿਥਿਆ ਜਾ ਰਿਹਾ ਸੀ ਉਸ ਸਮੇਂ ਸਮਾਜਵਾਦੀ ਵੀਅਤਨਾਮ ਨੇ ਅਮਰੀਕੀ ਸਾਮਰਾਜ ਨੂੰ ਨਮੋਸ਼ੀ ਭਰੀ ਇਤਿਹਾਸਕ ਹਾਰ ਦਿੱਤੀ ਸੀ। ਪ੍ਰੰਤੂ ਉਸੇ ਸਮੇਂ ਸਮਾਜਵਾਦੀ ਦੇਸ਼ਾਂ ਦੀ ਲੀਡਰਸ਼ਿੱਪ, ਸਮਾਜਵਾਦੀ ਪ੍ਰਬੰਧ ਵਿਚ ਪੈਦਾ ਹੋਈਆਂ ਸਮੱਸਿਆਵਾਂ ਨੂੰ ਵਿਗਿਆਨਕ ਦ੍ਰਿਸ਼ਟੀ ਨਾਲ, ਸਮਾਜਵਾਦ ਦੇ ਬੁਨਿ-ਆਦੀ ਆਰਥਿਕ ਸਿਧਾਂਤਾਂ ਤੇ ਹਾਲਾਤ ਅਨੁਸਾਰ, ਮਾਰਕਸਵਾਦ ਨੂੰ ਲਾਗੂ ਕਰਕੇ ਹੱਲ ਕਰਨ ਦੀ ਥਾਵੇਂ, ਪੂੰਜੀਵਾਦ ਤੋਂ ਦਾਰੂ ਪ੍ਰਾਪਤ ਕਰਨ ਦੇ ਰਾਹ ਪੈ ਤੁਰੀ, ਜਿਸ ਦਾ ਸਿਟਾ ਸਮਾਜਵਾਦ ਦੇ ਪਤਨ ਹੋਣ ਵਿਚ ਨਿਕਲਿਆ। ਸਮਾਜਵਾਦ ਦੀਆਂ ਸਮੱਸਿਆਵਾਂ ਪੂੰਜੀਵਾਦੀ ਢੰਗਾਂ ਨਾਲ ਹੱਲ ਨਹੀਂ ਹੋ ਸਕਦੀਆਂ ਪ੍ਰੰਤੂ ਪੂੰਜੀਵਾਦੀ ਸਮੱਸਿਆਵਾਂ ਨੂੰ ਸਮਾਜਵਾਦ ਹੱਲ ਕਰਨ ਦੇ ਸਮਰੱਥ ਹੈ ਜੋ ਕਿ ਪੂੰਜੀਵਾਦ ਦੇ ਅੰਤ ਕਰਨ ਵਿਚ ਹੀ ਹਨ। ਕਿਉਂਕਿ ਪੂੰਜੀਵਾਦ, ਸਮਾਜਵਾਦ ਤੋਂ ਪਿਛਲੇ ਸਮਾਜਿਕ ਵਿਕਾਸ ਦਾ ਪੜਾ ਹੈ ਤੇ ਸਮਾਜਵਾਦ, ਪੂੰਜੀਵਾਦ ਤੋਂ ਅਗਲਾ ਪੜਾ ਹੈ। ਸਮਾਜੀ ਵਿਕਾਸ ਪਿੱਛੇ ਨੂੰ ਨਹੀਂ ਮੁੜ ਸਕਦਾ, ਜਿਵੇਂ ਅਸੀਂ ਪੂੰਜੀਵਾਦ ਤੋਂ ਪਿਛੇ ਨਾ ਹੀ ਸਾਮੰਤੀ ਯੁੱਗ ਤੇ ਨਾ ਅੱਗੇ ਗੁਲਾਮਦਾਰੀ ਯੁੱਗ ਵਿਚ ਪਰਤ ਸਕਦੇ ਹਾਂ। ਸਮਾਜੀ ਵਿਕਾਸ ਨੇ ਅੱਗੇ ਤੁਰਨਾ ਹੈ। ਹੁਣ ਜਿਸ ਨੂੰ ਉੱਤਰ-ਆਧੁਨਿਕ ਯੁੱਗ ਕਿਹਾ ਜਾਂਦਾ ਹੈ ਇਹ ਇਸ ਨੂੰ ਮੰਨਣ ਵਾਲੇ ਵਿਚਾਰਵਾਨਾਂ ਦੀ

ਭਰਾਂਤੀ ਹੀ ਹੈ, ਕਿਉਂਕਿ ਇਹ ਤਾਂ ਪੂੰਜੀਵਾਦੀ ਦਾ ਹੀ ਇਹ ਹੋਰ ਵਿਕਸਤ ਪੜਾ ਹੈ, ਜਿਸ ਨੂੰ ਕੈਨੇਡੀਅਨ ਕਮਿਊਨਿਸਟ ਪਾਰਟੀ ਨੇ **ਅਤੀ-ਸਾਮਰਾਜਵਾਦ** (Ultra Imperialism) ਦਾ ਨਾਂ ਦਿੱਤਾ ਹੈ।

ਹੁਣ ਸਾਡੇ ਸਾਹਮਣੇ ਜੋ ਸੰਸਾਰ ਹੈ, ਉਸ ਵਿਚ ਸੰਸਾਰ ਵਿਆਪੀ ਪੂੰਜੀਵਾਦੀ ਪ੍ਰਬੰਧ ਹੈ ਜੋ ਅਮਰੀਕੀ ਸਾਮਰਾਜ ਦੀ ਸਰਦਾਰੀ ਹੇਠ ਸੱਤ ਸਾਮਰਾਜੀ ਦੇਸ਼ ਦੀਆਂ ਅਨੇਕਾਂ ਬਹੁਕੌਮੀ ਕਾਰਪੋਰੇਸ਼ਨਾਂ ਤੇ ਪਾਰਕੌਮੀ ਕਾਰਪੋਰੇਸ਼ਨਾਂ ਦੇ ਵਪਾਰਕ ਜਾਲ ਵਿਚ ਜਕੜਿਆ ਹੋਇਆ ਹੈ। ਅਤੇ ਸਾਰੇ ਪੂੰਜੀਵਾਦੀ-ਸਾਮਰਾਜੀ ਦੇਸ਼, ਮੱਕੜੀ ਦੇ ਆਪਣੇ ਤਣੇ ਜਾਲੇ ਵਿਚ: ਆਪੇ ਫਸ ਜਾਣ ਵਾਂਗ ਫਸੇ ਹੋਏ ਹਨ ਕਿਉਂਕਿ 'ਪਾਰ ਕੌਮੀ ਕਾਰਪੋਰੇਸ਼ਨਾਂ' ਕਿਸੇ ਦੇਸ਼ ਦੇ ਬੰਧਨ ਬੰਧਾਨ ਵਿਚ ਨਹੀਂ ਆਉਂਦੀਆਂ। ਇਹ ਇਹਨਾਂ ਦੇ ਕਾਨੂੰਨੀ ਬੰਧਨਾਂ ਤੋਂ ਮੁਕਤ ਹਨ ਤੇ ਸਾਮਰਾਜੀ ਦੇਸ਼ਾਂ ਤੋਂ ਉਹਨਾਂ ਦੇ ਰਾਜਨੀਤਕ ਹਿਤਾਂ ਦੀ ਪਰਵਾਹ ਕੀਤੇ ਬਗੈਰ, ਸਿਰ ਉਪਰੋਂ ਦੀ ਪੈ ਕੇ ਮਨ ਇੱਛਤ ਵਪਾਰਕ ਸਮਝੌਤਿਆਂ ਉਪਰ ਸਹੀ ਪਾਉਣ ਲਈ ਮਜ਼ਬੂਰ ਕਰ ਦਿੰਦੀਆਂ ਹਨ। ਅਜਿਹੇ ਅਜੋਕੇ ਪਾਰਕੌਮੀ ਕਾਰਪੋਰੇਸ਼ਨਾਂ ਦੇ ਨਵੇਂ ਸਾਮਰਾਜੀ ਯੁੱਗ ਦੇ ਨਾਲੋਂ ਨਾਲ ਹਾਲੇ ਵੀ ਸੰਸਾਰ ਵੱਸੋਂ ਦਾ ਪੰਜਵਾਂ ਹਿੱਸਾ ਸਮਾਜਵਾਦੀ ਲੋਕ ਚੀਨ, ਵੀਅਤਨਾਮ, ਉੱਤਰੀ ਕੋਰੀਆ, ਕੰਬੋਡੀਆ, ਲਾਓਸ ਤੇ ਕਿਊਬਾ ਹਨ। ਇਹ ਸਮਾਜੀ ਵਿਕਾਸ ਦੇ, ਸਮਾਜਵਾਦੀ ਪ੍ਰਬੰਧ ਵਿੱਚ, ਆਪੋ ਆਪਣੇ ਢੰਗ ਨਾਲ ਵਿਕਸਤ ਹੁੰਦੇ ਹੋਏ ਚਲ ਰਹੇ ਹਨ। ਇਹਨਾਂ ਦੇਸ਼ਾਂ ਨੇ ਟੈਕਨੀਕਲ ਵਿਕਾਸ ਲਈ ਅਤੇ ਆਰਥਕ ਲੋੜਾਂ ਦੀ ਪੂਰਤੀ ਲਈ ਪੂੰਜੀਵਾਦੀ ਸੰਸਾਰ ਨਾਲ ਚਲਦਿਆਂ ਆਪਣੇ ਸਮਾਜਵਾਦੀ ਨਿਸ਼ਾਨੇ ਨੂੰ ਅੱਗੇ ਰੱਖ ਕੇ ਤੁਰਨਾ ਪੈ ਰਿਹਾ ਹੈ। ਜਿਵੇਂ ਹਾਂਗਕਾਂਗ ਨੂੰ, ਜੁਲਾਈ 1997 ਵਿੰਚ, ਲੋਕ ਚੀਨ ਦੇ ਹਵਾਲੇ ਹੋਣ ਦੇ ਬਾਵਜੂਦ, 'ਇਕ ਦੇਸ਼, ਦੋ ਪ੍ਰਬੰਧ' ਦੇ ਨਵੇਂ ਪੈਂਤਰੇ ਤੋਂ ਚੱਲ ਕੇ ਆਪਣੇ ਆਰਥਿਕ ਵਿਕਾਸ ਨੂੰ ਅੱਗੇ ਤੋਰਨਾ ਪੈ ਰਿਹਾ ਹੈ। ਬੇਸ਼ਕ ਇਹ ਸੌਖਾ ਕੰਮ ਨਹੀਂ ਹੈ, ਪ੍ਰੰਤੂ ਇਹ ਨਵੀਂ ਸਥਿਤੀ ਵਿਚ ਮਾਰਕਸਵਾਦ ਨੂੰ ਲਾਗੂ ਕਰਨਾ ਹੈ।

ਇਸ ਵੇਲੇ ਅਸੀਂ ਪੂੰਜੀਵਾਦ ਦੇ ਵਿਸ਼ਵੀਕਰਨ ਦੀ ਪ੍ਰਕਿਰਿਆ ਦੇ ਦੌਰ ਵਿਚੋਂ ਲੰਘ ਰਹੇ ਹਾਂ। ਪੂੰਜੀਵਾਦ, ਨਵੇਂ ਵਿਕਾਸ ਸ਼ੀਲ ਤੇ ਪਛੜੇ ਦੇਸ਼ਾਂ ਵਿਚ ਆਪਣੇ ਵਿਕਾਸ ਲਈ, ਉਪਭੋਗਤਾ ਸਮਾਜ ਦੀ ਸਿਰਜਣਾ ਲਈ, ਸੱਭਿਆਚਾਰਕ ਤਬਦੀਲੀ ਲਈ ਵੀ ਨਾਲੋ ਨਾਲ ਯਤਨਸ਼ੀਲ ਹੈ। ਉਹ ਪੂੰਜੀਵਾਦੀ ਵਿਚਾਰਧਾਰਾਵਾਂ ਨੂੰ ਨਵੇਂ ਨਾਵਾਂ ਤੇ ਨਵੇਂ ਰੂਪਾਂ ਵਿਚ ਪ੍ਰਚੱਲਤ ਕਰਨ ਲਈ, ਬੜੇ ਸੂਖਮ ਢੰਗਾਂ ਦੀ ਵਰਤੋਂ ਕਰਦਾ ਹੈ। ਉੱਤਰ-ਆਧੁਨਿਕਤਾ, ਇਸੇ ਵਿਚਾਰਧਾਰਕ ਜੰਜ਼ੀਰ ਦੀ ਇਕ ਕੜੀ ਹੈ। ਇਸ ਨੂੰ ਹਾਲੇ, ਪੰਜਾਬੀ ਪਾਠਕ ਤਾਂ ਇਕ ਪਾਸੇ ਰਹੇ, ਪੰਜਾਬੀ ਅਲੋਚਕ ਤੇ ਅਲੋਚਨਾ ਦੇ ਪਾਠਕ ਵੀ ਪੂਰੀ ਤਰ੍ਹਾਂ ਗ੍ਰਹਿਣ ਨਹੀਂ ਕਰ ਰਹੇ। ਵੈਸੇ ਅਜਿਹੀ ਸਥਿਤੀ ਸਾਡੇ ਦੇਸ਼ ਦੇ ਬੁੱਧੀਜੀਵੀਆਂ ਦੇ ਵੱਡੇ ਸਮੂਹ ਦੀ ਤਾਂ ਹੈ ਹੀ, ਮਾਰਕਸੀ ਵਿਚਾਰਧਾਰਾ ਨਾਲ ਸੰਬੰਧਿਤ ਬੁੱਧੀਜੀਵੀ-ਅਲੋਚਕ ਵੀ ਪਛੜੇ ਦਿਖਾਈ ਦੇ ਰਹੇ ਹਨ। ਇਸ ਦਾ ਕਾਰਨ ਇਸ ਨਵੇਂ 'ਵਾਦ' ਨੂੰ ਸਮਝਣ ਲਈ, ਸਮਾਜਿਕ ਆਰਥਿਕ ਧਰਾਤਲ ਦਾ ਪੂਰੀ ਤਰ੍ਹਾਂ ਵਿਕਸਤ ਨਾ ਹੋਣਾ ਵੀ ਹੈ ਤੇ ਇਸ ਨਾਲ ਸੰਬੰਧਿਤ ਪੱਛਮੀ ਸਾਹਿਤ ਦਾ ਪ੍ਰਾਪਤ ਨਾ ਹੋਣਾ ਵੀ ਹੈ। ਇਥੇ ਜੋ ਪੱਛਮੀ ਸਾਹਿਤ, ਉੱਤਰ-ਆਧੁਨਿਕਤਾ ਨਾਲ ਸੰਬੰਧਿਤ ਹੈ ਵੀ ਮਹਿੰਗਾ। ਪ੍ਰੰਤੂ ਯੂਨੀਵਰਸ਼ਟੀਆਂ ਤਾਂ ਆਪਣੀਆਂ ਲਾਇਬਰੇਰੀਆਂ ਵਿੱਚ ਇਸਦਾ ਪ੍ਰਬੰਧ ਕਰ ਹੀ ਸਕਦੀਆਂ ਹਨ। ਪਹਿਲਾਂ ਪ੍ਰਯੋਗਵਾਦ, ਅਸਤਿਤਵਾਦ, ਸੰਰਚਨਾਵਾਦ ਆਦਿ ਵੀ



ਸਾਡੇ ਬੁੱਧੀਆਂ ਜੀਵੀਆਂ ਵਿੱਚ ਉਸ ਸਮੇਂ ਹੀ ਪੁੱਜੇ ਜਦੋਂ ਪੱਛਮ ਵਿਚ ਉਹ ਆਪਣੀ ਆਰਜਾ ਭੋਗ ਚੁੱਕੇ ਸਨ। ਉੱਤਰ-ਆਧੁਨਿਕਤਾਵਾਦ ਵੀ ਪੱਛਮ ਵਿਚ ਹੁਣ ਆਪਣੇ ਉਤਾਰ ਦੇ ਦੌਰ ਵਿਚ ਹੈ ਪ੍ਰੰਤੂ ਸਾਡੇ ਹਾਲੇ ਇਹ ਉਦੈ ਹੀ ਹੋ ਰਿਹਾ ਹੈ। ਇਸ ਲਈ ਇਹ ਕੋਈ ਮਿਹਣਾ ਜਾਂ ਔਗੁਣ ਨਹੀਂ ਹੈ ਕਿ ਬੁੱਧੀਜੀਵੀ ਵਰਗ ਇਸ ਜਾਣਕਾਰੀ ਤੋਂ ਪਛੜ ਗਿਆ ਹੈ, ਇਹ ਸਥਿਤੀ ਆਪਣੇ ਕਾਰਨਾਂ ਕਰਕੇ ਹਕੀਕਤ ਬਣੀ ਹੈ। ਟੀ. ਵੀ. ਤੇ ਫ਼ਿਲਮਾਂ ਦੁਆਰਾਂ ਇਹ ਵਸਤੂ ਦੇ ਰੂਪ ਵਿਚ ਤਾਂ ਪ੍ਰਾਪਤ ਹੈ ਪ੍ਰੰਤੂ ਸਾਹਿਤ ਦੇ ਰੂਪ ਵਿਚ ਤੇ ਵਿਚਾਰਧਾਰਕ ਸਮੱਗਰੀ ਦੇ ਰੂਪ ਵਿਚ ਹਾਲੇ ਆਮ ਪ੍ਰਾਪਤ ਨਹੀਂ ਹੈ। ਫ਼ਿਰ ਵੀ ਜਿਹੜੇ ਬੁੱਧੀਜੀਵੀ ਵਰਗ ਨੇ ਪੂੰਜੀਵਾਦ ਦੀ ਵਿਚਾਰਧਾਰਕ ਧਿਰ ਬਣਨਾ ਹੈ, ਉਹਨਾਂ ਇਸ ਨੂੰ ਸਮਝ ਕੇ ਇਸ ਬਾਰੇ ਗੱਲ ਤੋਰੀ ਹੈ। ਕੁਝ ਮਾਰਕਸੀ ਸੋਚ ਕੇ ਚਿੰਤਕਾਂ ਵੀ, ਇਸ ਨੂੰ ਗ੍ਰਹਿਣ ਕਰਕੇ ਵਿਚਾਰ ਪ੍ਰਗਟ ਕੀਤੇ ਹਨ। ਹਿੰਦੀ ਦੇ ਕੁਝ ਮਾਰਕਸੀ ਚਿੰਤਕਾਂ ਦੇ ਵਿਚਾਰ ਅਨੁਵਾਦ ਹੋ ਕੇ ਪੰਜਾਬੀ ਸਾਹਿਤਕ ਰਸਾਲਿਆਂ, ਖਾਸ ਕਰਕੇ 'ਚਿਰਾਗ' ਵਿਚ ਪ੍ਰਕਾਸ਼ਤ ਹੋਏ ਹਨ। ਦਿੱਲੀ ਦੇ ਪੰਜਾਬੀ ਵਿਦਵਾਨਾਂ ਵਿਚੋਂ ਬਹੁਤਿਆਂ ਨੇ ਉੱਤਰ-ਆਧੁਨਿਕਤਾ ਦੀ ਸਮਝ ਨੂੰ ਪੂਰੀ ਤਰ੍ਹਾਂ ਗ੍ਰਹਿਣ ਕੀਤਾ ਹੈ ਤੇ ਇਸ ਦੇ ਹਰਾਵਲ ਦਸਤੇ ਵਜੋਂ ਪੇਸ਼ਕਦਮੀ ਕੀਤੀ ਹੈ। 'ਸਮਦਰਸ਼ੀ' ਦਾ ਉੱਤਰ-ਆਧੁਨਿਕਤਾ ਬਾਰੇ ਵਿਸ਼ੇਸ਼ ਅੰਕ ਇਸ ਨੂੰ ਸੰਗਠਤ ਰੂਪ ਵਿਚ ਪੇਸ਼ ਕਰਦਾ ਹੈ। ਇਸ ਤੋਂ ਪਹਿਲਾਂ ਤ੍ਰੈਮਾਸਕ ਸਿਰਜਣਾ ਨੇ 104 ਅੰਕ ਵਿਚ ਸ੍ਰੀ ਪ੍ਰੀਤਮ ਸਿੰਘ ਦਾ ਲੇਖ 'ਸਮਾਜ ਅਤੇ ਸਾਹਿਤ : ਇੱਕੀਵੀਂ ਸਦੀ ਵਿਚ ਰੂਪ ਰੇਖਾ' ਦੇ ਨਾਂ ਹੇਠ ਪ੍ਰਕਾਸ਼ਤ ਕੀਤਾ ਹੈ।

ਇਥੇ ਅਸੀਂ ਸਿਰਜਣਾ ਦੇ 104 ਅੰਕ ਵਾਲੇ, ਸ੍ਰੀ ਪ੍ਰੀਤਮ ਸਿੰਘ ਦੇ ਲੇਖ ਨੂੰ ਧਿਆਨ ਵਿਚ ਰਖਦਿਆਂ ਵਿਚਾਰ ਕਰਨੀ ਚਾਹੁੰਦੇ ਹਾਂ। ਉਹਨਾਂ ਦੇ ਲੇਖ ਨੂੰ ਦੋ ਭਾਗਾਂ ਵਿਚ ਵੰਡ ਸਕਦੇ ਹਾਂ : ਪਹਿਲਾਂ ਪੂੰਜੀਵਾਦ ਅਤੇ ਸਮਾਜਵਾਦ, ਦੂਜਾ ਉੱਤਰ-ਆਧੁਨਿਕਤਾ ਜਾਂ ਉੱਤਰ-ਪੂੰਜੀਵਾਦ। ਉਹਨਾਂ ਅਨੁਸਾਰ ਅਸੀਂ ਹੁਣ ਇਕ ਨਵੇਂ ਯੁੱਗ ਵਿਚ ਪਰਵੇਸ਼ ਕਰ ਰਹੇ ਹਾਂ ਜਿਸ ਵਿਚ ਰਾਜ-ਸੱਤਾ ਦੀ ਵਾਗ ਡੋਰ 'ਗਿਆਨਵਾਨ ਕਾਮਿਆਂ' ਦੇ ਹੱਥ ਹੋਵੇਗੀ। ਉਹਨਾਂ ਐਲਾਨ ਕੀਤਾ ਹੈ ਕਿ "ਹੁਣ ਇਹ ਗੱਲ ਲਗਪਗ ਨਿਸਚਤ ਹੈ ਕਿ ਭਵਿੱਖ ਦਾ ਸਮਾਜ਼ ਸਮਾਜਵਾਦੀ ਨਹੀਂ ਹੋਵੇਗਾ। ਪਰ ਇਹ ਵੀ ਸਪਸ਼ਟ ਹੈ ਕਿ ਇਹ ਸਮਾਜ ਰਵਾਇਤੀ ਪੂੰਜੀਵਾਦੀ ਵੀ ਨਹੀਂ ਹੋਵੇਗਾ।"

ਫਿਰ ਇਹ 'ਨਵਾਂ' ਸਮਾਜ ਕੀ ਹੋਵੇਗਾ ? ਉੱਤਰ-ਆਧੁਨਿਕ ਸਮਾਜ !

ਸ੍ਰੀ ਪ੍ਰੀਤਮ ਸਿੰਘ ਦੇ ਸਿਰ ਇਹ ਸਿਹਰਾ ਬੱਝਦਾ ਹੈ ਕਿ ਉਹਨਾਂ ਉੱਤਰ-ਆਧੁਨਿਕਤਾਵਾਦ ਨੂੰ ਰਾਜਧਾਨੀ ਦਿੱਲੀ ਤੋਂ ਪੰਜਾਬ ਦੀ ਰਾਜਧਾਨੀ ਵਿੱਚ ਪਹੁੰਚਾ ਦਿੱਤਾ ਹੈ। ਸਿਰਜਣਾ ਦੇ ਸੰਪਾਦਿਕ ਸ੍ਰੀ ਰਘਬੀਰ ਸ਼ਿੰਘ ਨੇ ਵੀ ਇਸ ਲੇਖ ਨੂੰ 'ਉੱਤਰ-ਆਧੁਨਿਕਤਾ' ਦੇ ਵਿਚਾਰਧਾਰਕ ਲੇਖ ਵਜੋਂ ਨਹੀਂ, ਸਮਾਜਵਾਦ ਤੇ ਮਾਰਕਸਵਾਦ ਦੀ ਸਾਰਥਿਕਤਾ ਬਾਰੇ ਬਹਿਸ ਵਜੋਂ ਹੀ ਲਿਆ ਹੈ। ਉਹਨਾਂ ਦੁਖੀ ਹਿਰਦੇ ਨਾਲ ਕਿਹਾ ਹੈ, "ਹਾਲ ਦੀ ਘੜੀ ਤਾਂ ਆਦਰਸ਼ਾਂ ਦਾ ਇਕ ਅਜਿਹਾ ਖਲਾਅ ਪੈਦਾ ਕਰ ਦਿਤਾ ਹੈ ਕਿ ਇਸ ਉੱਤੇ ਰੁਦਨ ਕੀਤੇ ਬਿਨਾਂ ਨਹੀਂ ਰਿਹਾ ਜਾ ਸਕਦਾ।" ਅਤੇ ਫ਼ਿਰ ਉਤਸ਼ਾਹ ਵਰਧਕ ਟਿੱਪਣੀ ਕਰਦਿਆਂ, ਉਹਨਾਂ ਕਿਹਾ ਹੈ, "ਨਵੇਂ ਯਥਾਰਥ ਦੀ ਭਰਪੂਰ ਸੋਝੀ ਨਾਲ ਹੀ ਮਾਰਕਸਵਾਦ ਦੀ ਲੋਅ ਵਿਚ, ਆਦਰਸ਼ਹੀਣਤਾ ਦੀ ਵਰਤਮਾਨ ਸਥਿਤੀ ਤੋਂ ਛੇਤੀ ਛੁਟਕਾਰਾ ਪਾਇਆ ਜਾ ਸਕਦਾ ਹੈ।" ਸਿਰਜਣਾ ਦੇ ਸੰਪਾਦਕ ਨੇ, ਸ੍ਰੀ ਪ੍ਰੀਤਮ ਸਿੰਘ ਦੀ ਇਸ ਨਵੀਂ ਸੋਚ ਨੂੰ, ਬੁੱਧੀ-

ਜੀਵੀਆਂ ਦੀ ਆਦਰਸ਼ਹੀਣਤਾ ਦੇ ਕਾਰਨ ਵਜੋਂ ਹੀ ਨੋਟ ਕੀਤਾ ਹੈ। ਪ੍ਰੰਤੂ ਇਹ ਇਵੇਂ ਨਹੀਂ ਹੈ, ਖਾਸ ਕਰਕੇ ਸ੍ਰੀ ਪ੍ਰੀਤਮ ਸਿੰਘ ਦੇ ਸੰਬੰਧ ਵਿਚ। ਸ੍ਰੀ ਪ੍ਰੀਤਮ ਸਿੰਘ ਨੇ ਸਮਾਜ ਦੀ ਸ਼੍ਰੇਣਕ ਬਣਤਰ ਵਿੱਚ ਬੁਨਿਆਦੀ ਤਬਦੀਲੀ ਦੀ ਗੱਲ ਕੀਤੀ ਹੈ ਕਿ 'ਪੂੰਜੀਵਾਦੀ ਤੇ ਪ੍ਰੋਲੇਤਾਰੀ' ਸ਼ਰੇਣੀਆਂ ਖਤਮ ਹੋ ਗਈਆਂ ਹਨ ਤੇ ਇਹਨਾਂ ਦੀ ਥਾਂ ਉਪਰ 'ਗਿਆਨਵਾਨ ਕਾਮਿਆਂ ਅਤੇ ਸੇਵਾ ਕਾਮਗਾਰਾਂ' ਦੀਆਂ ਨਵੀਆਂ ਸ਼ਰੇਣੀਆਂ ਆ ਗਈਆਂ ਹਨ। ਅੱਗੇ ਅਸੀਂ ਇਹਨਾਂ ਨੁਕਤਿਆਂ ਉਪਰ ਵਿਚਾਰ ਕਰਾਂਗੇ।

**ਪੂੰਜੀਵਾਦੀ ਸਮਾਜ** ਦਾ ਅਰਥ ਹੈ ਉਹ ਸਮਾਜ ਜਿਸ ਵਿਚ ਪਰਮੁੱਖਤਾ ਪੂੰਜੀ ਤੇ ਪੂੰਜੀਪਤੀ ਸ਼ਰੇਣੀ ਦੀ ਹੋਵੇ, **ਸਮਾਜਵਾਦ** ਦਾ ਅਰਥ ਹੈ ਜਿਥੇ ਪਰਮੁੱਖਤਾ ਉਸ ਸਮਾਜ ਦੀ ਹੋਵੇ ਜਿਥੇ ਪੂੰਜੀ ਅਤੇ ਪੂੰਜੀ ਦਾ ਪਦਾਰਥਕ ਵਿਸਤਾਰ, ਸਮਾਜ ਦੇ ਨਿਯੰਤਰਣ ਵਿਚ, ਸਮਾਜ ਲਈ ਅਤੇ ਸਮਾਜ ਵਿਚ ਸਮੁੱਚੇ ਉਤਪਾਦਨ ਦੇ ਸਾਧਨਾਂ ਤੇ ਉਤਪਾਦਨ ਕਰਨ ਵਾਲੀ ਕਿਰਤੀ ਸ਼ਰੇਣੀ ਦੀ ਪ੍ਰਭੂਸੱਤਾ ਵਿਚ ਹੋਵੇ।

ਅਸੀਂ ਜਿਸ ਸਮਾਜ ਵਿਚ ਰਹਿ ਰਹੇ ਹਾਂ ਇਸ ਵਿਚ ਪਰਮੁਖਤਾ ਪੂੰਜੀ ਅਤੇ ਪੂੰਜੀਪਤੀਆਂ ਦੀ ਹੈ। ਸਾਰੀ ਪੂੰਜੀ ਨੂੰ, ਮੁਦਰਾ ਅਤੇ ਪਦਾਰਥਿਕ ਰੂਪ ਵਿਚ, ਸਮੇਤ ਇਸ ਦੇ ਹਰ ਪ੍ਰਕਾਰ ਦੇ ਤਕਨਾ-ਲੋਜੀ ਇੰਡਸ-ਟਰੀਅਲ ਰੂਪਾਂ ਵਿਚ ਦੇਖ ਰਹੇ ਹਾਂ। ਸਮਾਜ ਦਾ ਇਕ ਨਿੱਕਾ ਜਿਹਾ ਪੂੰਜੀਪਤੀ ਵਰਗ ਲਗਪਗ ਇਸ ਦੇ ਤਿੰਨ ਚੌਥਾਈ ਹਿੱਸੇ ਦਾ ਮਾਲਕ ਤੇ ਰਾਜਸੱਤਾ ਦਾ ਅਧਿਕਾਰੀ ਹੈ। ਜਿਸ ਕਾਰਨ ਸਮਾਜ ਦਾ ਵੱਡਾ ਹਿੱਸਾ ਆਰਥਿਕ, ਸਮਾਜਿਕ ਰਾਜਨੀਤਕ ਅਤੇ ਸੱਭਿਆਚਾਰਕ ਸੰਕਟਾਂ ਵਿਚ ਫ਼ਸਿਆ ਹੋਇਆ ਹੈ। ਨਵੇਂ ਇਲੈਕਟਰੋਨਿਕ-ਕੰਪਿਊਟਰੀ ਵਿਕਾਸ ਵਾਲੇ ਪੂੰਜੀਵਾਦੀ ਪ੍ਰਬੰਧ ਨੇ, ਸਮਾਜ ਦੀਆਂ ਮੁਸ਼ਕਲਾਂ ਨੂੰ ਹੱਲ ਨਹੀਂ ਕੀਤਾ, ਸਗੋਂ ਇਹਨਾਂ ਵਿਚ ਹੋਰ ਵੀ ਵਾਧਾ ਕਰਕੇ ਵਧੇਰੇ ਗੁੰਝਲਦਾਰ ਬਣਾ ਦਿੱਤਾ ਹੈ।

ਬਾਵਜੂਦ ਇਸ ਗੱਲ ਦੇ, ਕਿ ਪੂੰਜੀਵਾਦ ਅੱਜ ਸਰਬਤਰ ਹੋ ਗਿਆ ਹੈ, ਫ਼ਿਰ ਵੀ ਪੂੰਜੀਵਾਦੀ ਪ੍ਰਬੰਧ ਦੇ ਅੰਤਰਗਤ ਸਭ ਅੱਛਾ ਨਹੀਂ ਹੈ। ਇਸ ਦੀਆਂ ਅੰਦਰੂਨੀ ਵਿਰੋਧਤਾਈਆਂ ਨੇ ਹੀ ਉਹ ਸਮੱਸਿਆਵਾਂ ਪੈਦਾ ਕਰ ਦਿਤੀਆਂ ਹਨ ਜਿਨ੍ਹਾਂ ਦਾ ਹੱਲ ਇਸ ਦੇ ਅੰਤਰਗਤ ਨਹੀਂ ਹੈ। ਪੂੰਜੀਵਾਦ ਉਸ ਕੱਚੇ ਖਾਲ ਦੇ ਵਾਂਗ ਹੈ ਜਿਹੜਾ ਪਾਂਣੀ ਦੇ ਬਹਾ ਨਾਲ ਥਾਂ ਥਾਂ ਤੋਂ ਟੁੱਟਦਾ ਹੋਵੇ, ਇਸ ਦੀ ਵੱਟ ਨੂੰ ਇਕ ਥਾਂ ਤੇ ਤਕੜੀ ਕਰੀਏ ਤਾਂ ਦੂਜੇ ਥਾਂ ਤੋਂ ਟੁੱਟ ਜਾਂਦੀ ਹੋਵੇ। ਲੰਘੇ ਪੰਜਾਹ ਸਾਲਾਂ ਵਿੱਚ ਟੈਕਨਾਲੋਜੀਕਲ ਵਿਕਾਸ ਨੇ ਪੂੰਜੀਵਾਦ ਨੂੰ ਜਿਥੇ ਵਿਸਤਾਰ ਦਿੱਤਾ ਹੈ, ਉਥੇ ਇਸ ਦੇ ਸੰਚਾਰ ਦੀ ਬਿਜਲਈ ਤੇਜ ਰਫਤਾਰੀ ਨੇ ਇਸ ਦੇ ਪਰਦਿਆਂ ਨੂੰ ਵੀ ਜ਼ੀਰਨ ਕਰ ਦਿੱਤਾ ਹੈ। ਇਸ ਨਾਲ ਕੁਝ ਵੀ ਲੁਕਾ ਕੇ ਨਹੀਂ ਰੱਖਿਆ ਜਾ ਸਕਦਾ। ਇਸਦੇ ਕਾਰਨ ਪੂੰਜੀਵਾਦੀ ਰਾਜਨੀਤਕ ਆਗੂਆਂ ਦੇ ਭਰਿਸ਼ਟਾਚਾਰੀ ਚਰਿਤਰਾਂ ਨੂੰ ਲੋਕਾਂ ਵਿਚ ਨਸ਼ਰ ਕੀਤਾ ਗਿਆ ਹੈ। ਇਹ ਚਾਹੇ ਅਮਰੀਕਾ ਦਾ ਵਾਟਰਗੇਟ ਸਕੈਂਡਲ ਹੋਵੇ, ਚਾਹੇ ਇਟਲੀ ਦੇ ਅਨੇਕਾਂ ਪ੍ਰਧਾਨ ਮੰਤਰੀਆਂ ਦੇ ਘਪਲੇ ਹੋਣ, ਚਾਹੇ ਜਾਪਾਨ, ਦਖਣੀ ਕੋਰੀਆ, ਭਾਰਤ ਆਦਿ ਦੇ ਪ੍ਰਧਾਨ ਮੰਤਰੀਆਂ-ਮੰਤਰੀਆ ਤੇ ਉਹਨਾ ਦੇ ਪਰਵਾਰ ਦੇ ਅਦਾਲਤਾਂ ਵਿਚ ਚੱਲ ਰਹੇ ਅਨੇਕਾਂ ਮੁਕਦਮੇ ਹਨ। ਬੇਸ਼ੱਕ ਇਹਨਾਂ ਭਰਿਸ਼ਟਾਚਾਰੀ ਕੇਸਾਂ ਤੋਂ ਨਿਕਲਕੇ ਪੂੰਜੀਪਤੀ ਹਾਕਮ ਜਮਾਤ, ਨਵੇਂ ਬਦਲ ਪੇਸ਼ ਕਰਕੇ ਜਨਤਾ ਨੂੰ ਸੰਤੁਸ਼ਟ ਕਰ ਲੈਂਦੀ ਹੈ ਪ੍ਰੰਤੂ ਪੂੰਜੀਵਾਦੀ ਸਮਾਜੀ ਪ੍ਰਬੰਧ ਦੀਆਂ ਸਮੱਸਿਆਵਾਂ ਮੁੱਕ ਨਹੀਂ ਜਾਂਦੀਆਂ।



ਪਤਾ ਨਹੀਂ ਸ੍ਰੀ ਪ੍ਰੀਤਮ ਸਿੰਘ ਨੇ ਵੀਅਤਨਾਮ ਵਿਚ ਅਮਰੀਕਾ ਦੀ ਹਾਰ ਅਤੇ ਬੰਗਲਾ ਦੇਸ਼ ਦੀ ਸਥਾਪਨਾ ਦੇ ਕਾਰਨ ਨੂੰ ਪੂੰਜੀਵਾਦ ਦੇ ਅੰਤ ਹੋਣ ਵਜੋਂ ਕਿਵੇਂ ਦੇਖ ਲਿਆ ਹੈ। ਪਰ ਦੂਜੇ ਪਾਸੇ ਅਮਰੀਕਨਾ ਤੇ ਉਸਦੇ ਨਾਟੋ ਸੰਧੀ ਦੇ ਭਾਈਵਾਲਾਂ ਦੀਆਂ, ਨਵੇਂ ਵਿਕਸਤ ਹਥਿਆਰਾਂ ਦੀਆਂ ਲੰਮੀਆਂ ਬਾਂਹਾਂ ਨਾਲ ਗਰਨੇਡਾ, ਹੇਤੀ, ਲਿਬੀਆ, ਪਨਾਮਾ, ਇਰਾਕ, ਸ਼ੋਮਾਲੀਆ ਯੋਗੋਸਲਾਵੀਆ ਆਦਿ ਵਿੱਚ ਜਿਹੜੀ ਨੰਗੀ ਚਿੱਟੀ ਹਮਲਾਵਰੀ ਕੀਤੀ ਹੈ, ਇਸ ਨੂੰ ਲੇਖਕ ਨੇ ਕਿਹੜੇ ਸੰਧਰਭ ਵਿਚ ਰੱਖ ਕੇ ਸੰਤੋਖ ਦਿੱਤਾ ਹੈ? ਕਈ ਥਾਈਂ ਦੂਜੇ ਸਾਮਰਾਜੀਆਂ ਦੇ ਆਰਥਿਕ ਹਿਤ ਅਮਰੀਕਾ ਨੂੰ ਮਨਮਾਨੀ ਕਰਨ ਤੋਂ ਹੋੜਦੇ ਵੀ ਹਨ ਜਿਵੇਂ ਲੰਘੇ ਨਵੰਬਰ 97 ਵਿਚ, ਅਮਰੀਕਾ ਨੂੰ ਇਰਾਕ ਉਪਰ ਹਮਲਾ ਕਰਨ ਲਈ ਫਰਾਂਸ, ਜਰਮਨ, ਰੂਸ ਆਦਿ ਨੇ ਰੋਕ ਦਿਤਾ ਜਿਸ ਦੇ ਕਾਰਨ ਵਪਾਰਕ ਹਿੱਤਾਂ ਵਿਚ ਹਨ। ਫ਼ਿਰ ਵੀ ਪੂੰਜੀਵਾਦੀ '7-ਜੀ' ਦੇਸ਼ਾਂ ਦੇ ਯੂ. ਐਨ. ਓ. ਵਿੱਚ ਇਕ ਪਾਸੜ ਰੋਲ ਨੂੰ ਸਹਿਜੇ ਹੀ ਦੇਖ ਸਕਦੇ ਹਾਂ। ਇਸ ਤੋਂ ਅਸੀਂ ਲੇਖਕ ਦੀ ਧਾਰਨਾ ਦੇ ਵਿਪਰੀਤ ਇਹ ਸਿੱਟਾ ਕੱਢਦੇ ਹਾਂ ਕਿ ਪੂੰਜੀਵਾਦ ਦਾ ਅੰਤ ਨਹੀਂ ਹੋਇਆ, ਸਗੋਂ ਸੋਵੀਅਤ-ਸਮਾਜਵਾਦੀ ਕੈਂਪ ਦੇ ਪਤਨ ਦੇ ਕਾਰਨ ਪੂੰਜੀਵਾਦ ਹਾਲ ਦੀ ਘੜੀ ਤਾਂ ਤਕੜਾ ਹੀ ਹੋਇਆ ਹੈ। ਪ੍ਰੰਤੂ ਇਸ ਦੀ ਅੰਦਰੂਨੀ ਬੋਡ ਕੁਝ ਸਮੇਂ ਲਈ ਹੋਰ ਚੱਕੀ ਗਈ ਹੈ। ਸੰਸਾਰ ਪ੍ਰਸਿਧ ਜਰਮਨ ਵਿਦਵਾਨ **ਸ੍ਰੀ ਹਾਂਸ ਹੇਂਜ ਹੋਲਜ਼** ਪੂੰਜੀਵਾਦ ਦੀ ਇਸ ਸਥਿਤੀ ਨੂੰ **'ਪਰਦੇ ਹੇਠ ਲੁਕਿਆ ਸ਼੍ਰੇਣਿਕ ਸਮਾਜ'** ਕਹਿੰਦਾ ਹੈ। ਉਸ ਅਨੁਸਾਰ ਪੂੰਜੀਵਾਦੀ ਪ੍ਰਬੰਧ ਦੀਆਂ ਅੰਦਰੂਨੀ ਵਿਰੋਧਤਾਈਆਂ ਅਤੇ ਇਸ ਦਾ ਸਦੀਵੀ ਅਸਥਿਰਤਾ ਦਾ ਖਾਸਾ, ਇਸ ਨਾਲ ਨੌਂਹ ਮਾਸ ਵਾਂਗ ਜੁੜੇ ਹੋਏ ਹਨ। ਹਾਲ ਦੀ ਘੜੀ ਜੇਕਰ ਇਹ ਵਿਰੋਧਤਾਈਆਂ ਉਭਰਕੇ ਸਾਹਮਣੇ ਆਕੇ ਟਕਰਾ ਨਹੀਂ ਰਹੀਆਂ ਤਾਂ ਇਸ ਦਾ ਇਹ ਅਰਥ ਨਹੀਂ ਹੈ ਕਿ ਇਹ ਅਲੋਪ ਹੋ ਗਈਆਂ ਹਨ। ਸਮਾਜ ਵਿਚ ਆਰਥਿਕ ਅਸਾਂਵਾਪਨ ਇਸ ਦੀ ਅਸਥਿਰਤਾ ਦਾ ਕੈਂਸਰ ਹੈ।

ਜੇਕਰ ਸ੍ਰੀ ਪ੍ਰੀਤਮ ਸਿੰਘ ਪੂੰਜੀਵਾਦ ਵਿਚ ਅਜੋਕੀ ਟੁੱਟ ਭੱਜ ਅਤੇ ਟੈਕਨਾਲੋਜੀਕਲ-ਇਲੈਕ-ਟਰੋਨਿਕ-ਕੰਪਿਊਟਰੀ ਤਬਦੀਲੀ ਨੂੰ, ਪੂੰਜੀਵਾਦ ਤੋਂ ਨਿਆਰੀ ਦੇਖ ਰਹੇ ਹਨ ਤਾਂ ਉਹਨਾਂ ਨੂੰ ਇਸ ਉਪਰ ਕਈ ਬਾਰ ਸੋਚਣ ਦੀ ਲੜ ਹੈ। ਉਹ ਆਪਣੇ ਵਿਚਾਰਾਂ ਨੂੰ ਸਪਸ਼ਟ ਕਰਦਿਆਂ ਆਖਦੇ ਹਨ।

"ਹੁਣ ਉਦਯੋਗ ਦੀ ਚਾਲਕ ਸ਼ਕਤੀ ਪਹਿਲਾਂ ਵਾਂਗ ਪੂੰਜੀ ਨਹੀਂ ਬਲਕਿ ਗਿਆਨ" ਹੈ। ਹੁਣ ਉਤਪਾਦਨ ਦਾ ਪੂਰਨ ਤੌਰ 'ਤੇ ਨਿਰਣਾਇਕ ਕਾਰਕ ਨਾ ਭੋਂ ਹੈ ਨਾ ਪੂੰਜੀ ਅਤੇ ਨਾ ਹੀ ਕ੍ਰਿਤ, ਜਿਵੇਂ ਕਿ ਪੂੰਜੀਵਾਦ ਦੀ ਚੜ੍ਹਤ ਸਮੇਂ ਸੀ। ਅੱਜ ਕੱਲ੍ਹ ਹਕੀਕੀ ਅਤੇ ਨਿਯੰਤਰਕ "ਸਾਧਨ" ਗਿਆਨ ਹੈ। ਕਲਾਸਕੀ ਪੂੰਜੀਵਾਦੀ ਅਰਥ-ਵਿਵਸਥਾ ਵਿਚ ਪ੍ਰਸੰਗਕ ਸ਼ਰੇਣੀਆਂ ਕੇਵਲ ਦੋ ਹੀ ਸਨ ਪ੍ਰੋਲੇਤਾਰੀ ਅਤੇ ਪੂੰਜੀਪਤੀ। ਪਰ ਹੁਣ ਇਹਨਾਂ ਦੀ ਥਾਂ ਗਿਆਨਵਾਨ ਕਾਮਿਆਂ ਅਤੇ ਸੇਵਾ ਕਾਮ-ਗਾਰਾਂ ਨੇ ਲੈ ਲਈ ਹੈ। ਹੁਣ ਇਕ ਨਵੇਂ ਸਮਾਜ ਨੇ ਜਨਮ ਲੈ ਲਿਆ ਹੈ ਜਿਸ ਨੂੰ "ਇਨਫਰਮੇਸ਼ਨ ਸੋਸਾਇਟੀ" ਅਰਥਾਤ ਗਿਆਨਮੁਖੀ ਸਮਾਜ ਦਾ ਨਾਂ ਦਿੱਤਾ ਗਿਆ ਹੈ। ਇਸ ਸਮਾਜ ਵਿਚ ਸਰਬ-ਰਾਹੀ "ਗਿਆਨਵਾਨ ਕਾਮੇਂ" ਦੇ ਹੱਥ ਵਿਚ ਆ ਗਈ ਹੈ।" (ਸਿਰਜਣਾ ਅੰਕ 104, ਪੰਨਾ 61, ਅਪ੍ਰੈਲ-ਜੂਨ 1997)

ਕਿਸੇ ਵਿਅਕਤੀ ਦੇ ਇਹ ਕਹਿਣ ਨਾਲ ਕਿ ਸੂਰਜੀ ਧੁੱਪ ਦਾ ਰੰਗ ਕਾਲਾ ਹੈ ਤਾਂ ਉਹ ਕਾਲਾ ਨਹੀਂ ਹੋਣ ਲੱਗਾ। ਇਸ ਤਰ੍ਹਾਂ ਉਦਯੋਗ ਪਹਿਲਾਂ ਵੀ ਤੇ ਅੱਜ ਵੀ ਤੇ ਭਵਿੱਖ ਵਿਚ ਵੀ

ਭੌਂ, ਪੂੰਜੀ ਅਤੇ ਕਿਰਤ ਉਪਰ ਹੀ ਨਿਰਭਰ ਰਹਿਣਾ ਹੈ। ਭੌਂ ਅਤੇ ਪੂੰਜੀ ਦਾ ਰੂਪ ਅਬਦਲ ਹੈ ਪ੍ਰੰਤੂ ਕਿਰਤ ਦਾ ਰੂਪ ਬਦਲਦਾ ਹੈ। ਇਹ ਸਿੱਧੀ ਸਰੀਰਕ ਸ਼ਕਤੀ ਦੀ ਥਾਂ ਉਪਰ ਮਸ਼ੀਨੀ ਵਰਤੋਂ ਨਾਲ ਵੀ ਹੋ ਸਕਦੀ ਹੈ ਮਸ਼ੀਨ ਤੇ ਮਨੁੱਖ ਦੀ ਸਾਂਝੀ ਕਿਰਤ ਦੁਆਰਾ ਵੀ। ਇਹ ਨਿਰਭਰ ਕਰਦਾ ਹੈ ਕਿ ਤੁਸੀਂ ਕਿਸ ਉਦਯੋਗ ਦੀ ਗੱਲ ਕਰ ਰਹੇ ਹੋ। ਜੇਕਰ ਇਕ ਥਾਂ ਉਪਰ ਕਾਰ ਦੇ ਕੁਝ ਪੁਰਜ਼ੇ ਰੋਬਾਟ ਬਣਾਉਂਦੇ ਹਨ ਤੇ ਦੂਜੀ ਥਾਂ ਉਪਰ ਹੋਰ ਮਸ਼ੀਨਾਂ ਹੋਣ, ਫਿਰ ਵੀ ਉਹਨਾਂ ਦੇ ਕੰਟਰੋਲ ਲਈ ਮਨੁੱਖ ਦੀ ਹਾਜ਼ਰੀ ਜ਼ਰੂਰੀ ਹੈ। 'ਗਿਆਨ' ਦੇ ਅਭਾਵ ਵਿਚ ਤਾਂ ਕਦੇ ਵੀ ਕਿਸੇ ਯੁੱਗ ਵਿਚ ਕੁਝ ਵੀ ਸਿਰਜਿਆ ਨਹੀਂ ਜਾ ਸ਼ਕਦਾ। ਗਿਆਨ ਵੀ ਤਾਂ ਕਿਰਤ ਤੋਂ ਬਿਨਾਂ ਅਸੰਭਵ ਹੈ। ਭੌਂ ਤੇ ਪੂੰਜੀ ਦੀ ਵਰਤੋਂ ਮਨੁਖੀ ਗਿਆਨ ਨਾਲ ਸੰਭਵ ਹਨ। ਪ੍ਰੰਤੂ ਜਿਸ ਨੁਕਤੇ ਤੋਂ ਸ੍ਰੀ ਪ੍ਰੀਤਮ ਸਿੰਘ ਗਿਆਨ ਨੂੰ ਸਵਰਗ ਬਣਾ ਕੇ ਭੌਂ, ਪੂੰਜੀ ਤੇ ਕਿਰਤ ਨੂੰ ਰੱਟਣਾ ਚਾਹੁੰਦੇ ਹਨ ਉਹ ਅਸੰਭਵ ਹੈ। ਜਿਥੋਂ ਤੱਕ ਉਦਯੋਗ ਦੀ '**ਚਾਲਕ-ਸ਼ਕਤੀ**' ਦਾ ਸੰਬੰਧ ਹੈ ਇਸ ਨੂੰ ਲੇਖਕ ਅਧਿਆਤਮਿਕ ਦ੍ਰਿਸਟੀ ਤੋਂ ਦੇਖ ਰਿਹਾ ਜਾਪਦਾ ਹੈ। ਚਾਲਕ ਸ਼ਕਤੀ ਦੇ ਅਰਥ 'ਗਿਆਨ' ਦਾ, ਅਰੂਪ ਪੱਖ ਨਹੀਂ ਹੈ। ਕੋਈ ਵੀ ਉਦਯੋਗ ਹੋਵੇ ਉਸਦੇ ਚਲਾਉਣ ਲਈ ਪਹਿਲਾਂ ਮਨੁੱਖੀ ਸਰੀਰਕ ਸ਼ਕਤੀ, ਫਿਰ ਪਸ਼ੂ ਸ਼ਕਤੀ ਵਰਤੀ ਜਾਂਦੀ ਰਹੀ ਹੈ ਫਿਰ ਹੁਣ ਭਾਫ ਦੇ ਇੰਜਣ, ਬਿਜਲੀ, ਪ੍ਰਮਾਣੂ ਤੇ ਸੂਰਜੀ ਊਰਜਾ ਦੀ ਵਰਤੋਂ ਕੀਤੀ ਜਾਂਦੀ ਹੈ। ਚਾਲਕ ਸ਼ਕਤੀ ਅਤੇ ਸਿਰਜਣ ਸ਼ਕਤੀ ਦੋਵੇਂ ਇਕੋ ਨਹੀਂ ਹਨ। ਜੇ ਉਦਯੋਗ ਨੂੰ ਚਲਾਉਣ ਦੀ ਯੋਗਤਾ ਦੀ ਗੱਲ ਹੈ ਫਿਰ ਵੀ ਭੌਂ, ਪੂੰਜੀ ਤੇ ਕਿਰਤ ਨੂੰ ਮਨਫੀ ਨਹੀਂ ਕੀਤਾ ਜਾ ਸਕਦਾ। ਮਾਰਕਸ, ਕਮਿਊਨਿਜ਼ਮ ਦੀ ਉਚੀ ਸਮਾਜੀ ਅਵਸਥਾ ਵਿਚ ਪੂੰਜੀ ਦੇ 'ਮੁਦਰਾ' ਰੂਪ ਵਿਚ ਅਲੋਪ ਹੋ ਜਾਣ ਦੀ ਕਲਪਨਾ ਤਾਂ ਕਰਦੇ ਹਨ, ਪ੍ਰੰਤੂ ਪੂੰਜੀਵਾਦ ਦੇ ਦੌਰ ਦੇ ਸਿਖਰ ਉਪਰ ਪੂੰਜੀ ਤੋਂ ਬਿਨਾ ਉਦਯੋਗ ਦੀ ਸਥਾਪਨਾ ਬਾਰੇ ਤਾਂ ਸੋਚਿਆ ਵੀ ਨਹੀਂ ਜਾ ਸਕਦਾ। ਹਾਂ ਜੇਕਰ ਲੇਖਕ ਅਜੋਕੇ ਯੁੱਗ ਨੂੰ ਧੱਕੇ ਨਾਲ ਉੱਤਰ-ਪੂੰਜੀਵਾਦ ਦੀ ਕਲਪਨਾ ਨਾਲ ਪ੍ਰਗਟ ਕਰਨਾ ਚਾਹੁੰਦਾ ਹੈ ਤੇ ਫਿਰ ਉਸ ਵਿਚੋਂ ਪੂੰਜੀ ਭੌਂ ਤੇ ਕਿਰਤ ਨੂੰ ਖਾਰਜ ਹੀ ਕਰਨਾ ਚਾਹੁੰਦਾ ਹੈ ਤਾਂ ਇਹ ਉਸਦੀ ਕਲਪਨਾ ਤੱਕ ਹੀ ਮਹਿਦੂਦ ਰਹਿ ਕੇ ਤਾਂ ਸੰਭਵ ਹੈ। ਵਾਸਤਵ ਵਿਚ ਤਾਂ ਉਦਯੋਗ ਲਈ ਪੂੰਜੀ ਤੇ ਉਸਦੀ ਸਥਾਪਨਾ ਲਈ ਭੌਂ ਤੇ ਚਲਾਉਣ ਲਈ ਕਿਸੇ ਨਾ ਕਿਸੇ ਰੂਪ ਵਿਚ, ਘਟ ਤੋਂ ਘਟ ਵੀ ਮਨੁੱਖੀ ਕਿਰਤ ਬਿਨਾਂ ਗੁਜ਼ਾਰਾ ਨਹੀਂ ਹੈ, ਬੇਸ਼ਕ ਕੋਈ ਉਦਯੋਗ ਸੌ ਫੀਸਦੀ ਵੀ ਸਵੈ ਚਾਲਕ ਹੋਵੇ। ਜਿਵੇਂ ਬਿਜਲੀ ਦਾ ਗਰਿਡ, ਜਾਂ ਆਕਾਸ਼ ਵਿਚ ਘੁੰਮਣ ਵਾਲਾ ਉਪ-ਗ੍ਰਹਿ ਹੀ ਕਿਉਂ ਨਾ ਹੋਵੇ। ਮਨੁੱਖੀ ਕਿਰਤ ਉਸਨੂੰ ਸਿਰਜਦੀ, ਉਸ ਦੇ ਕਾਰਜ ਉਪਰ ਨਜ਼ਰ ਰਖਦੀ, ਉਸ ਦੇ 'ਡੇਟਾ' ਨੂੰ ਨਿਰਖਕੇ ਵਿਸ਼ਲੇਸ਼ਨ ਆਦਿ ਕਰੇਗੀ। ਇਸ ਕਿਰਤ ਵਿਚ ਗਿਆਨ ਦਾ ਸੁਮੇਲ ਤਾ ਅਵੱਸ਼ ਹੋਣਾ ਹੀ ਹੈ ਕਿਉਂਕਿ ਕਿਸੇ ਵੀ ਕਾਰਜ ਨੂੰ ਕਰਨ ਲਈ ਚੇਤਨ ਗਿਆਨ ਤਾਂ ਲੋੜੀਂਦਾ ਹੀ ਹੈ। ਬੇਵਕੂਫ਼ਾਂ ਤੋਂ ਤਾਂ ਇਹ ਆਸ ਨਹੀਂ ਰੱਖੀ ਜਾ ਸਕਦੀ।

ਲੇਖਕ ਹੋਰ ਵੀ ਅੱਗੇ ਜਾਂਦਾ ਹੈ ਕਿ 'ਕਲਾਸਕੀ' ਪੂੰਜੀਵਾਦੀ ਅਰਥ ਵਿਵਸਥਾ ਵਿਚ ਪ੍ਰਸੰਗਕ ਸ਼੍ਰੇਣੀਆਂ ਕੇਵਲ ਦੋ '**ਸਨ**', ਪ੍ਰੋਲੇਤਾਰੀ ਅਤੇ ਪੂੰਜੀਪਤੀ। ਪਰ ਹੁਣ ਇਹਨਾਂ ਦੀ ਥਾਂ ਗਿਆਨ ਕਾਮਿਆਂ ਤੇ ਸੇਵਾ ਕਾਮਗਾਰਾਂ ਨੇ ਲੈ ਲਈ '**ਹੈ**।' ਕੀ ਲੇਖਕ ਦੁਨੀਆਂ ਦੇ ਨਕਸ਼ੇ ਉਪਰ ਉਂਗਲ ਧਰ ਕੇ ਉਸ ਦੇਸ਼ ਜਾਂ ਸ਼ਹਿਰ ਦੀ ਨਿਸ਼ਾਨ ਦੇਹੀ ਕਰ ਸਕਦਾ ਹੈ ਜਿਥੇ ਪ੍ਰੋਲੇਤਾਰੀ ਤੇ ਪੂੰਜੀਪਤੀ ਅਲੋਪ ਹੋ ਗਏ ਹੋਣ ਤੇ ਉਹਨਾਂ ਦੀ ਥਾਂ ਦੋ ਨਵੀਆਂ ਸ਼੍ਰੇਣੀਆਂ ਨੇ ਲੈ ਲਈ ਹੋਵੇ? ਇਹ ਜੋ



ਵਿਸ਼ਵੀਕਰਨ ਦੇ ਚਰਚੇ ਹੋ ਰਹੇ ਹਨ ਕੀ ਇਹ ਪੂੰਜੀਪਤੀਆਂ ਤੋਂ ਬਿਨਾਂ ਹੀ ਹੋ ਰਹੇ ਹਨ? ਕੀ ਅਕਤੂਬਰ 1987 ਦਾ ਸਟਾਕ 'ਕਰੈਸ਼' ਅਤੇ ਹੁਣ ਦਸੰਬਰ 1997 ਦਾ ਮਲੇਸ਼ੀਆ ਤੇ ਦਖਣੀ ਕੋਰੀਆ ਦੀਆਂ ਕਰੰਸੀਆਂ ਦਾ ਵਾਸ਼ਪੀਕਰਨ, ਪਾਰ-ਕੌਮੀ ਕਾਰਪੋਰੇਸ਼ਨ ਦੇ ਪੂੰਜੀ ਨਾਟਕ ਦੇ ਖੇਲ ਦਾ ਹਿੱਸਾ ਨਹੀਂ? ਸੱਚ ਤਾਂ ਇਹ ਹੈ ਕਿ ਪੂੰਜੀ ਦੀ ਭੂਮਿਕਾ ਪਹਿਲੇ ਸਾਰੇ ਸਮਿਆਂ ਨਾਲੋਂ ਵੀ ਹੁਣ ਵਧੇਰੇ ਵਿਆਪਕ ਹੋ ਗਈ ਹੈ। ਪਿੰਡਾਂ ਦਾ ਸ਼ਹਿਰੀ ਕਰਨ, ਸ਼ਹਿਰਾਂ ਦਾ ਨਗਰਾਂ ਤੇ ਨਗਰਾਂ ਦੇ ਮਹਾਂ ਨਗਰਾਂ ਵਿਚ ਬਦਲਣ ਦੀ ਪ੍ਰਕਿਰਿਆ ਵਿਚ ਪੂੰਜੀ ਦੀ ਹੀ ਭੂਮਿਕਾ ਹੈ। ਇਹੋ ਹੀ ਨਹੀਂ ਹਰ ਵਿਅਕਤੀ, ਘਰ, ਸਮਾਜ ਇਸ ਵੇਲੇ ਪੂੰਜੀ ਦੁਆਲੇ ਹੀ ਘੁੰਮ ਰਹੇ ਹਨ। ਉਪਭੋਗਤਾ ਵਸਤਾਂ ਦੇ ਰੂਪ ਵਿਚ ਵਟ ਕੇ ਪੂੰਜੀ 'ਕੋਹਲੂ, ਚੱਕੀ, ਚੱਕ, ਮਧਾਣੀਆਂ, ਵਾ ਵਰੋਲਿਆ' ਵਾਂਗੂੰ ਘੁੰਮ ਰਹੀ ਹੈ। ਸਾਰਾ ਜਗਤ ਇਸ ਪਿਛੇ ਬੌਰਾਨਾ ਹੋਇਆ, ਭੱਖਾਂ ਦੇ ਜਲ ਵਾਂਗੂ ਮ੍ਰਿਗ ਦੇ ਭੁਲੇਖੇ ਵਾਂਗ, ਦੋੜ ਦਾ ਸਾਹੋ ਸਾਹ ਹੋਇਆ ਹਫਿਆ ਪਿਆ ਹੈ। ਤੇ ਤੁਸੀਂ ਕਹਿ ਰਹੇ ਹੋ ਕਿ ਪੂੰਜੀਵਾਦ ਵਿਚ ਕੇਵਲ ਦੋ ਸ਼੍ਰੇਣੀਆਂ '**ਸਨ**'। ਇਹ 'ਸਨ' ਕਦੋਂ ਤੋਂ 'ਹਨ' ਨੂੰ ਭੂਤਕਾਲ ਵਿਚ ਛੱਡ ਆਇਆ ਹੈ? ਸਾਡੇ ਨੌਜੁਆਨ ਏਸੇ ਪੂੰਜੀ ਦੌੜ ਵਿਚ ਪਰਦੇਸ਼ਾਂ ਨੂੰ ਦੌੜ ਰਹੇ ਹਨ ਜਾਂ ਇਸ ਦੀ ਅਗੇਰੇ ਚੜ੍ਹਤ ਦੇ ਪਰਮਾਣ ਹਨ? ਜਿਸ ਨੇ ਵਿਸ਼ਾਲ ਮਧ ਵਰਗ ਨੂੰ ਲਪੇਟ ਵਿਚ ਲੈ ਲਿਆ ਹੈ। ਕੀ ਸੱਚ ਮੁੱਚ ਹੀ ਪ੍ਰੋਲੇਤਾਰੀ ਤੇ ਪੂੰਜੀਪਤੀ ਸ਼੍ਰੇਣੀਆਂ 'ਮਾਲਕ-ਗੁਲਾਮ' ਯੁੱਗ ਵਾਂਗੂੰ ਇਤਿਹਾਸ ਬਣ ਗਈਆਂ ਹਨ ਤੇ ਅਲੋਪ ਹੋ ਗਈਆਂ ਹਨ? ਤੇ ਇਹਨਾਂ ਦੀ ਥਾਂ 'ਗਿਆਨਵਾਨ ਕਾਮਿਆਂ ਤੇ ਸੇਵਾ ਕਾਮਗਾਰਾਂ' ਨੇ ਲੈ ਲਈ ਹੈ। ਕੀ ਤੁਹਾਡਾ ਭਾਵ ਹੈ ਕਿ ਪੂੰਜੀਪਤੀ ਸ਼੍ਰੇਣੀ ਦੀ ਥਾਂ ਗਿਆਨਵਾਨ ਕਾਮੇ ਤੇ ਪ੍ਰੋਲੇਤਾਰੀ ਦੀ ਥਾਂ ਸੇਵਾ ਕਾਮਗਾਰਾਂ ਨੇ ਲੈ ਲਈ ਹੈ? ਇਸ ਦਾ ਅਰਥ ਹੈ ਕਿ ਪੂੰਜੀਪਤੀ ਸ਼੍ਰੇਣੀ, ਗਿਆਨਵਾਨ ਕਾਮਿਆਂ ਦੇ ਰੂਪ ਵਿਚ ਰੂਪਾਂਤਰਨ ਹੋ ਗਈ ਹੈ ਤੇ ਪ੍ਰੋਲੇਤਾਰੀ ਸੇਵਾ ਕਾਮਗਾਰਾਂ ਦੇ ਰੂਪ ਵਿਚ! ਭਾਵ ਇਹ ਹੈ ਕਿ ਪੂੰਜੀਪਤੀ ਸ਼੍ਰੇਣੀ ਧਰਤੀ ਤੋਂ ਅਲੋਪ ਹੋ ਗਈ ਹੈ ਜਾਂ ਗਿਆਨਵਾਨਾਂ ਦੇ ਹੇਠਾਂ ਲੁੱਕ ਗਈ ਹੈ ਤੇ ਹੁਣ ਗਿਆਨਵਾਨ ਕਾਮਿਆਂ ਦੀ ਸਰਬਰਾਹੀ ਹੋ ਗਈ ਹੈ—ਗਿਆਨਵਾਨ ਕਾਮੇ, ਪੂੰਜੀਪਤੀਆਂ ਦੀ ਥਾਂ ਉਪਰ ਸਾਮਰਾਜੀ ਲੁਟੇਰੇ ਸੱਤਾ ਦੀ ਰਾਜ ਸ਼ਕਤੀ ਬਣ ਗਏ ਹਨ। ਵਾਸਤਵ ਵਿਚ ਅਜਿਹਾ ਨਹੀਂ ਹੈ, ਇਹ ਵਿਚਾਰ ਕਿਸੇ ਕਾਲਪਨਿਕ ਭਰਾਂਤੀ ਦੀ ਉਤਪਤੀ ਹੀ ਹੋ ਸਕਦੇ ਹਨ।

'ਗਿਆਨਵਾਨ ਕਾਮਾ ਸ਼੍ਰੇਣੀ', ਜਿਨ੍ਹਾਂ ਵਿਚ ਕੰਪਿਊਟਰੀ-ਜਗਤ ਨਾਲ ਸੰਬੰਧਿਤ, ਵਿਗਿਆਨੀਆਂ, ਖੋਜਕਾਰਾਂ, ਟੈਕਨੀਸ਼ਨਾਂ, ਉਪਰੇਟਰਾਂ, ਸੈਕਟਰੀਆਂ (ਕਲਰਕਾਂ), ਮੰਡੀਕਰਨ ਦੇ ਵਿਸ਼ਾਲ ਅਮਲੇ ਆਦਿ ਦੇ ਖੇਤਰ ਵਿਚ ਲੱਖਾਂ ਲੋਕ ਆ ਗਏ ਹਨ। ਇਹ ਪਹਿਲੀ 'ਚਿੱਟ-ਕਾਲਰੀ' ਮਧ ਵਰਗੀ ਸ਼੍ਰੇਣੀ ਅਤੇ ਮਕੈਨੀਕਲ ਇੰਜਨੀਅਰਾਂ ਨਾਲ ਸੰਬੰਧਿਤ ਦੂਸਰੇ ਖੇਤਰਾਂ ਨਾਲ ਸੰਬੰਧਿਤ ਸ਼੍ਰੇਣੀਆਂ ਦਾ ਹੀ ਅਜੋਕਾ ਬਦਲਿਆ ਰੂਪ ਹੈ ਤੇ ਨਾਲ ਹੀ ਸੇਵਾ ਸੈਕਟਰ ਦੇ ਕਾਮਿਆਂ ਵਿਚ ਵਾਧਾ, ਬਦਲੀ ਹੋਈ ਟੈਕਨੀਕਲ ਸਥਿਤੀ ਦੇ ਕਾਰਨ ਹੀ ਹੋਇਆ ਹੈ। ਇਹ ਪਹਿਲਾਂ ਦੀ 'ਨੀਲ-ਕਾਲਰੀ' ਸ਼੍ਰੇਣੀ ਦਾ 'ਫਿਕੇ ਨੀਲ-ਕਾਲਰ' ਸ਼੍ਰੇਣੀ ਦੇ ਰੂਪ ਵਿਚ ਤਬਦੀਲ ਹੋਣਾ ਹੀ ਆਖਿਆ ਜਾ ਸਕਦਾ ਹੈ। 'ਨੀਲੇ ਅਤੇ ਫਿਕੇ ਨੀਲੇ ਕਾਲਰ' ਦੀਆਂ ਦੋਵੇਂ ਸ਼੍ਰੇਣੀਆਂ ਪਹਿਲਾਂ 'ਪ੍ਰੋਲੇਤਾਰੀ' ਦੇ ਨਾਂ ਨਾਲ ਜਾਣੀ ਜਾਂਦੀ ਸ਼੍ਰੇਣੀ ਦੇ ਹੀ ਵਿਕਸਤ ਰੂਪ ਹਨ। ਅਖੌਤੀ ਗਿਆਨਵਾਨ ਕਾਮਿਆ ਦਾ ਵੀ ਵੱਡਾ ਹਿੱਸਾ ਏਸੇ ਸ਼੍ਰੇਣੀ ਵਿਚ ਆ ਜਾਂਦਾ ਹੈ। ਭਾਵੇਂ ਉਹਨਾਂ ਦਾ ਕੰਮ ਕਾਰ ਮਧ ਵਰਗੀ ਰੂਪ ਦਾ ਹੈ।

ਇਥੇ ਇਹ ਗੱਲ ਵਿਸ਼ੇਸ਼ ਤੌਰ ਉਪਰ ਸਮਝਣ ਵਾਲੀ ਹੈ ਕਿ ਸੇਵਾ ਸੈਕਟਰ ਦੇ ਕਾਮੇਂ, ਪਿਛਲੇ ਡੇਢ ਕੁ ਦਹਾਕੇ ਵਿਚ ਗਿਣਤੀ ਦੇ ਲਿਹਾਜ਼ ਨਾਲ ਵਧਣ ਦੇ ਕਾਰਨ, ਹਾਲੇ ਟਰੇਡ ਯੂਨੀਅਨਾਂ ਵਿਚ ਪੂਰੀ ਤਰ੍ਹਾਂ ਸੰਗਠਤ ਨਹੀਂ ਹਨ। ਇਹ ਸੇਵਾ ਸੈਕਟਰ ਦੀਆਂ ਕੰਪਨੀਆਂ ਅਤੇ ਠੇਕੇਦਾਰਾਂ ਦੀ ਲੁੱਟ ਦੇ ਬੁਰੀ ਤਰ੍ਹਾਂ ਸ਼ਿਕਾਰ ਹਨ। ਜੋ ਨਿਜੀ ਤੌਰ ਉਪਰ ਘਰੋਂ ਹੀ ਕੰਮ ਕਰਦੇ ਹਨ ਉਹ ਕੰਮ ਦੇ ਬਹੁਤੇ ਘੰਟੇ, ਪਰਵਾਰ ਸਮੇਤ ਕੰਮ ਕਰਕੇ ਕੁਝ ਜ਼ਿਆਦਾ ਰਕਮ ਕਮਾ ਲੈਂਦੇ ਹਨ ਪ੍ਰੰਤੂ ਉਹਨਾਂ ਦਾ ਘਰੇਲੂ ਤੇ ਸਮਾਜੀ ਜੀਵਨ ਬੁਰੀ ਤਰ੍ਹਾਂ ਤਹਿਸ ਨਹਿਸ ਹੋ ਜਾਂਦਾ ਹੈ। ਉਹ ਬੱਚਿਆਂ ਦੀ ਦੇਖ ਭਾਲ ਲਈ ਵੀ ਸਮਾਂ ਨਹੀਂ ਕੱਢ ਸਕਦੇ ਜਿਸ ਨਾਲ ਉਹ ਵਿਦਿਆ ਵਿਹੂਣੇ ਹੋ ਕੇ ਆਵਾਰਾ ਹੋਏ ਨਸ਼ਿਆਂ ਦਾ ਸ਼ਿਕਾਰ ਹੋ ਰਹੇ ਹਨ। ਟਰੇਡ ਯੂਨੀਅਨਾਂ ਵਿਚ ਸੰਗਠਤ ਹੋਣ ਤੋਂ ਬਿਨਾਂ ਉਹ ਆਪਣੀ ਦਸ਼ਾ ਵਿਚ ਸੁਧਾਰ ਲਿਆ ਸਕਣ ਦੇ ਸਮਰਥ ਨਹੀਂ ਹੋ ਸਕਦੇ। ਇਹਨਾਂ ਦਾ ਅਜੋਕਾ ਅਣ-ਸੰਗਠਤ ਰੂਪ ਹੀ ਪੂੰਜੀਪਤੀਆਂ ਲਈ ਖੁਸ਼ੀ ਦਾ ਕਾਰਨ ਹੈ ਕਿਉਂਕਿ ਉਹ ਉਹਨਾਂ ਨੂੰ ਥੋੜਾ ਦੇ ਕੇ ਵੱਡੇ ਮੁਨਾਫੇ ਕਮਾ ਰਹੇ ਹਨ। ਉੱਤਰ-ਅਧੁਨਿਕਤਾਵਾਦੀਆਂ ਲਈ ਇਹ ਹਾਲ ਦੀ ਘੜੀ ਮਿਟੀ ਖਾਣੇ ਸੱਪ ਹੀ ਨਜ਼ਰ ਆ ਰਹੇ ਹਨ ਤੇ ਉਹਨਾਂ ਦੀ ਕਲਪਨਾਂ ਨੂੰ ਗ੍ਰਹਿਣਦੇ ਹਨ ਤੇ ਊਟ-ਪਟਾਂਗ ਸੋਚਣ ਲਈ ਕਾਰਨ ਬਣ ਰਹੇ ਹਨ। ਸਾਡੇ ਉੱਤਰ-ਅਧੁਨਿਕਤਾਵਾਦੀਆਂ ਲਈ ਵੱਡੀ ਭਰਾਂਤੀ ਇਹ ਸਥਿਤੀ ਸਿਰਜਦੀ ਹੈ ਕਿ ਉਹ ਭਾਰਤ ਵਿਚ ਰਹਿੰਦੇ ਹੋਏ, ਤੀਜੀ ਦੁਨੀਆਂ ਦੀ ਹੋਂਦ ਨੂੰ ਅਸਵੀਕਾਰ ਕਰਕੇ ਅਮਰੀਕਨ ਸਮਾਜ ਦੀ ਬਣਤਰ ਨੂੰ ਧਿਆਨ ਵਿਚ ਰਖਦੇ ਹੋਏ, ਉਤਪਾਦਨ ਵਿਚ ਲੱਗੀ ਸਾਡੀ ਕ੍ਰਿਤੀ ਸ਼੍ਰੇਣੀ ਨੂੰ ਭੁੱਲ ਜਾਂਦੇ ਹਨ। ਇਹ ਠੀਕ ਹੈ ਕਿ ਵਿਕਸਤ ਪੂੰਜੀਵਾਦੀ ਦੇਸ਼ਾਂ ਵਿਚ ਕੰਪਿਊਟਰੀ-ਇਲੈਕਟਰੌਨਿਕ ਟੈਕਨਾਲੋਜੀ ਦੇ ਆ ਜਾਣ ਦੇ ਕਾਰਨ ਉਤਪਾਦਨ ਵਿਚ ਲੱਗੇ ਕ੍ਰਿਤੀਆਂ ਦੀ ਗਿਣਤੀ ਘਟੀ ਹੈ ਤੇ ਸੇਵਾ ਸੈਕਟਰ ਦੇ ਕਾਮਿਆਂ ਦੀ ਵਧੀ ਹੈ। ਇਸ ਦੇ ਨਾਲ ਹੀ ਇਸ ਦਾ ਇਕ ਹੋਰ ਵੱਡਾ ਕਾਰਨ ਇਹ ਹੈ ਕਿ ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਇਹਨਾਂ ਦੀ ਗਿਣਤੀ (ਉਤਪਾਦਨ ਵਿਚ ਲੱਗੇ ਕਾਮਿਆਂ ਦੀ) ਸਗੋਂ ਵਧੀ ਹੈ ਅਤੇ ਨਾਲ ਹੀ ਸੇਵਾ ਸੈਕਟਰ ਦੀ ਗਿਣਤੀ ਵੀ ਵਧੀ ਹੈ। ਉਤਪਾਦਨ ਵਿਚ ਦੇ ਅਤੇ ਸੇਵਾ ਸੈਕਟਰ ਦੇ ਕਾਮਿਆਂ ਵਿਚਕਾਰ ਕੋਈ ਵਿਰੋਧਤਾਈ ਨਹੀਂ ਹੈ— ਸਗੋਂ ਦੋਵਾਂ ਦੀ ਆਪੋ ਆਪਣੇ ਥਾਂ ਉਪਰ ਪੂੰਜੀਪਤੀਆਂ ਵਲੋਂ ਬੇਕਿਰਕ ਲੁੱਟ ਦੇ ਹੋਣ ਕਾਰਨ, ਹਿੱਤ ਸਾਂਝੇ ਹਨ ਤੇ ਉਹਨਾਂ ਦੀ ਪੂੰਜੀਪਤੀ ਪ੍ਰਬੰਧ ਨਾਲ ਸਿੱਧੀ ਵਿਰੋਧਤਾਈ ਹੈ। ਤੀਜੀ ਦੁਨੀਆਂ ਵਿਚ ਉਤਪਾਦਨ ਤੇ ਸੇਵਾ ਸੈਕਟਰ ਦੀ ਕ੍ਰਿਤੀ ਸ਼੍ਰੇਣੀ ਦੇ ਵਾਧੇ ਦਾ ਕਾਰਨ, ਸੱਨਅਤ ਦੇ ਪਾਸਾਰ ਤੇ ਪੂੰਜੀਵਾਦੀ ਦੇਸ਼ਾਂ ਲਈ ਭਾਰੀ ਗਿਣਤੀ ਵਿਚੋਂ ਉਪਭੋਗਤਾ ਵਸਤਾਂ ਦੀ ਲੋੜ ਦੀ ਪੂਰਤੀ ਲਈ ਉਤਪਾਦਨ ਵਿਚ ਵਾਧਾ ਹੈ। ਇਸ ਸੱਨਅਤੀ ਪਾਸਾਰ ਵਿਚ ਪਾਰ ਕੌਮੀ ਤੇ ਬਹੁ ਕੌਮੀ ਕਾਰਪੋਰੇਸ਼ਨਾਂ ਵਲੋਂ ਅਰਬਾਂ ਡਾਲਰਾਂ ਦਾ ਇਥੇ ਕੀਤਾ ਨਿਵੇਸ਼ ਤੇ ਪੂੰਜੀਵਾਦੀ ਵਿਕਸਤ ਦੇਸ਼ਾਂ ਨੂੰ ਬਰਾਮਦਾਂ ਹਨ ਜਿਨ੍ਹਾਂ ਤੋਂ ਉਹ ਖ਼ਰਬਾਂ ਡਾਲਰ ਕਮਾ ਰਹੇ ਹਨ। ਪਾਰ ਕੌਮੀ ਕਾਰਪੋਰੇਸ਼ਨਾਂ ਦਾ ਇਹ ਵਪਾਰਕ ਨਾਟਕ ਥੋੜ-ਚਿਰਾ ਭਰਮਾਊ ਹੀ ਹੈ। ਫਿਰ ਵੀ ਇਸ ਦੇ ਪ੍ਰਭਾਵਾਂ ਦੇ ਕਾਰਨ ਜਨ-ਸਮੂਹ ਦੇ ਸੋਚਣ ਢੰਗ ਅਤੇ ਜੀਵਨ ਵਿਚ ਆ ਰਹੀ ਸੱਭਿਆਚਾਰਕ ਤਬਦੀਲੀ ਦੇ ਸਿੱਟੇ, ਨਵੀਆਂ ਵਿਰੋਧਤਾਈਆਂ ਨੂੰ ਜਨਮ ਦੇਣ ਵਾਲੇ ਹਨ।

ਗਿਆਨ ਕਾਮੇ ਆਪਣੇ ਕੰਪਿਊਟਰੀ-ਇਲੈਕਟਰੌਨਿਕ ਵਿਕਸਤ ਗਿਆਨ ਦੇ ਵੱਖੋ ਵੱਖ ਖੇਤਰਾਂ ਦੇ ਵਿਚ ਨਿਪੁੰਨ ਹੋਣ ਦੇ ਬਾਵਜੂਦ ਕਿਸੇ ਨਾ ਕਿਸੇ ਛੋਟੀ ਵੱਡੀ ਕੰਪਨੀ ਦੇ ਤਨਖਾਹਦਾਰ ਮੁਲਾਜ਼ਮਾਂ



ਤੋਂ ਵੱਧ ਕੁਝ ਵੀ ਨਹੀਂ ਹਨ। ਬੇਸ਼ਕ ਕੁਝ ਦੀ ਉਹਨਾਂ ਕੰਪਨੀਆਂ ਵਿਚ ਹਿੱਸੇਦਾਰੀ ਵੀ ਕਿਉਂ ਨਾ ਹੋਵੇ, ਉਹਨਾਂ ਨੂੰ ਕੰਪਨੀ ਦੀ ਮਾਲਕੀ ਦਾ ਉਹ ਦਰਜਾ ਪ੍ਰਾਪਤ ਨਹੀਂ ਹੋ ਸਕਦਾ, ਜੋ ਮੁੱਖ ਕੰਪਨੀ ਮਾਲਕ ਦਾ ਹੈ। ਤਨਖਾਹ ਦਾਰ ਮੁਲਾਜ਼ਮ, ਜੇਕਰ ਟ੍ਰੇਡ-ਯੂਨੀਅਨ ਦਾ ਮੈਂਬਰ ਨਹੀਂ ਜਾਂ ਉਸ ਦਾ ਲਿਖਤੀ ਸਮਾਂਬੱਧ-ਕੰਟਰੈਕਟ ਨਹੀਂ, ਕਦੇ ਵੀ ਮੱਖਣ ਚੋਂ ਵਾਲ ਵਾਂਗੂ ਕੱਢ ਕੇ ਬਾਹਰ ਸੁਟਿਆ ਜਾ ਸਕਦਾ ਹੈ। ਬਿਲਗੇਟਸ ਜੋ ਮਾਈਕਰੋਸਾਫਟ ਵੇਅਰ ਦੀ ਕੰਪਨੀ ਦਾ ਇਜਾਰੇਦਾਰ ਮਾਲਕ ਬਣ ਗਿਆ, ਉਸ ਨੇ ਆਪਣੇ ਨਾਲ 18000 ਦੇ ਕਰੀਬ 'ਗਿਆਨ ਕਾਮਿਆਂ' ਨੂੰ ਉਤਸ਼ਾਹਤ ਕਰਕੇ ਕੰਪਨੀ ਦੇ ਹਿੱਸਿਆਂ ਵਿਚ ਸ਼ਾਮਲ ਕਰ ਲਿਆ ਹੈ, ਤਾਂ ਇਸ ਦਾ ਇਹ ਅਰਥ ਨਹੀਂ ਹੋ ਜਾਂਦਾ ਕਿ ਉਸ ਦੀ ਕੰਪਨੀ ਦੇ ਮੁਲਾਜ਼ਮ (ਸ੍ਰੀ ਪ੍ਰੀਤਮ ਸਿੰਘ ਦੀ ਭਾਸ਼ਾ ਵਿਚ ਗਿਆਨ ਕਾਮੇ) ਕੰਪਨੀ ਦੇ ਮਾਲਕ ਬਣ ਗਏ ਹਨ। ਉਹਨਾਂ ਦਾ ਹਿੱਸਾ, ਜੇ ਕੁਇੰਟਲ ਦੀ ਬੋਰੀ ਵਿਚ ਦਸ ਗਰਾਮ ਹੋਵੇ, ਤੇ ਆਖਣ ਕਿ ਅਸੀਂ ਕੰਪਨੀ ਦੇ ਮਾਲਕ ਹਨ ਤਾਂ ਇਹ 'ਗਾਇਬੀ ਆਮਦ' ਦੇ ਸ਼ਿਅਰ ਆਖਣ ਵਾਲੇ ਸ਼ਾਇਰ ਮਿਰਜ਼ਾ ਗ਼ਾਲਿਬ ਦੇ ਕਥਨ "ਦਿਲ ਬਹਿਲਾਨੇ ਕੇ ਲੀਏ, ਗ਼ਾਲਿਬ ਯਿਹ ਖ਼ਿਆਲ ਅੱਛਾ ਹੈ" ਤੇ ਹੀ ਪੂਰਾ ਉੱਤਰੇਗਾ। ਇਹ ਉੱਤਰ-ਆਧੁਨਿਕਤਾ ਦੀ ਵਿਚਾਰਧਾਰਾ ਹੀ ਹੈ ਜੋ ਇਕ ਖਬਰਪਤੀ ਨੂੰ 'ਕਾਮਾ' ਬਣਾਉਣ ਦੇ ਸਮਰਥ ਹੈ ਜਾਂ ਇਹ ਕਰੋੜ ਮੁੱਲ ਦੀ ਕੋਠੀ ਉਪਰ ਲਿਖੇ 'ਆਲ੍ਹਣਾ' ਦੇ ਅਰਥਾਂ ਵਿਚ ਪੂਰਾ ਉੱਤਰਦਾ ਆਖਿਆ ਜਾ ਸਕਦਾ ਹੈ। ਅਜਿਹੀ ਸੋਚ ਦੇ ਸੋਚਵਾਨ ਦੀ ਖੁਸ਼ੀ ਤੇ ਤ੍ਰਿਪਤੀ ਵਿਚ ਕੌਣ ਵਿਘਨ ਪਾ ਸਕਦਾ ਹੈ?

ਜੇ ਕਰ ਬਿਲਗੇਟਸ ਆਪਣੇ ਵਿਦਿਆਰਥੀ ਜੀਵਨ ਵਿਚ ਜਦੋਂ ਕੰਪਿਊਟਰ ਦਾ ਯੁੱਗ ਵਿਕਸਤ ਹੋਣ ਦੇ ਮੁਢਲੇ ਪੜਾ ਉਪਰ ਸੀ, ਇਸ ਦੇ ਨਵੇਂ ਖੇਤਰਾਂ ਦੀਆਂ ਸੰਭਾਵਨਾਵਾਂ ਬਾਰੇ ਆਈ. ਬੀ. ਐਮ ਵਰਗੀਆਂ ਪਾਰ ਕੌਮੀ ਕਾਰਪੋਰੇਸ਼ਨਾਂ ਨੂੰ ਵੀ ਚਿੱਤ ਚੇਤਾ ਨਹੀਂ ਸੀ। ਉਸ ਸਮੇਂ ਬਿਲਗੇਟਸ ਵਲੋਂ, ਸਾਫਟ ਵੇਅਰ ਦੇ ਖੇਤਰ ਵਿਚ ਸਫਲਤਾ ਨਾਲ ਮੰਡੀਕਰਨ ਕਰਕੇ, ਅਰਬਾਂਪਤੀ ਬਣਨ ਦਾ ਇਹ ਅਰਥ ਨਹੀਂ, ਕਿ ਹਰ ਜਣਾ-ਖਣਾ ਹੀ ਅਰਬਾਂਪਤੀ ਬਣ ਸਕਦਾ ਹੈ।

ਕੰਪਿਊਟਰੀ-ਇਲੈਕਟਰੌਨਿਕ ਵਿਕਾਸ ਨਾਲ ਪੂੰਜੀਵਾਦੀ ਅਰਥ ਵਿਵਸਥਾ ਵਿਚ, ਜੋ ਗੁਣ-ਆਤਮਿਕ ਤਬਦੀਲੀ ਸੰਭਵ ਹੋਈ ਹੈ, ਇਸ ਨਾਲ ਸੰਸਾਰ ਦੇ ਪਛੜੇ ਦੇਸ਼ਾਂ ਵਿਚ, ਪਹਿਲੀ ਤੇ ਦੂਜੀ ਸੰਸਾਰ ਜੰਗ ਦਾ ਮੁਖ ਕਾਰਨ, ਮੰਡੀਆਂ ਉਪਰ ਕਬਜ਼ੇ ਦੀ ਦੌੜ ਤੋਂ ਪਿਛੋਂ ਬਸਤੀਵਾਦ ਦੇ ਅੰਤ ਹੋਣ ਉਪਰ, ਨਵ-ਬਸਤੀਵਾਦ ਦੀ ਸਥਿਤੀ ਵੀ ਅਲੋਪ ਹੋਣ ਉਪਰ ਹੈ। ਪਹਿਲਾਂ 'ਗੈਟ' ਤੇ ਫਿਰ 'ਵਰਲਡ ਟਰੇਡ ਔਰਗੇਨਾਈਜ਼ੇਸ਼ਨ' ਦੁਆਰਾ ਬਹੁ ਕੌਮੀ ਕਾਰਪੋਰੇਸ਼ਨਾਂ ਦੀਆਂ ਲੁੱਟਾਂ ਨੂੰ ਲੰਘ ਕੇ, ਪਾਰ ਕੌਮੀ ਕਾਰਪੋਰੇਸ਼ਨਾਂ ਨੇ ਵਿਸ਼ਵੀਕਰਨ ਦੁਆਰਾ, ਪ੍ਰਾਕਿਰਤਕ ਸੋਮਿਆਂ ਦੀ ਅੰਨ੍ਹੀ ਲੁੱਟ, ਵਾਤਾ-ਵਰਨ ਨੂੰ ਪਰਦੂਸ਼ਤ ਕਰਨ ਨੂੰ ਬੇਧਿਆਨਾ ਕਰਕੇ, ਜੋ ਵੱਡੇ ਮੁਨਾਫੇ ਕਮਾਏ ਹਨ, ਉਹਨਾਂ ਨੂੰ ਹੋਰ ਵਿਸਤਾਰ ਦੇਣ ਲਈ ਸੰਚਾਰ ਸਾਧਨਾ ਦੁਆਰਾ, ਸਭਿਆਚਾਰਕ ਤਬਦੀਲੀ ਲਿਆ ਕੇ, ਉਪਭੋਗਤਾ ਮਾਹੌਲ ਨੂੰ ਸਿਰਜਿਆ ਜਾ ਰਿਹਾ ਹੈ, ਤਾਂ ਜੋ ਜਨ-ਸਮੂਹ ਨੂੰ ਉਹਨਾਂ ਦੇ ਰਵਾਇਤੀ ਸੱਭਿਆਚਾਰ ਨਾਲੋਂ ਤੋੜ ਕੇ, ਮਾਨਸਿਕ ਕੰਗਾਲੀ ਨਾਲ ਮਾਲਾ ਮਾਲ ਕਰ ਦਿੱਤਾ ਜਾਵੇ। ਇਸ ਤਰ੍ਹਾਂ ਪੂੰਜੀਵਾਦੀ ਯੁੱਗ ਦੀ ਉਮਰ ਦਰਾਜ਼ ਕੀਤੀ ਜਾ ਸਕੇ। ਇਸ ਨੂੰ ਜੇਕਰ 'ਇੰਨਫ਼ਰਮੇਸ਼ਨ ਸੋਸਾਇਟੀ' ਦਾ ਲਕਬ ਵੀ ਦੇ ਦੇਈਏ ਤਾਂ ਵੀ ਸਥਿਤੀ ਵਿਚ ਕੋਈ ਤਬਦੀਲੀ ਨਹੀਂ ਆਉਂਦੀ। ਸਾਡੇ ਉੱਤਰ-ਆਧੁਨਿਕਤਾ-ਵਾਦੀ, ਜਨ-ਮਾਨਸ ਦੀ ਬੌਧਿਕ ਕੰਗਾਲੀ ਨੂੰ ਪਕੇਰੇ ਕਰਨ ਲਈ ਹੀ ਤਾਂ ਯਤਨਸ਼ੀਲ ਹਨ। ਪੁੱਛਿਆ

ਜਾ ਸਕਦਾ ਹੈ ਕਿ ਕਿਵੇਂ ? ਪੂੰਜੀਵਾਦੀ ਪ੍ਰਬੰਧ ਬਾਰੇ ਭੁਲੇਖੇ ਪੈਦਾ ਕਰਕੇ ਹੀ ਨਹੀਂ, ਸਗੋਂ ਉਸ ਦੀ ਹੋਂਦ ਤੋਂ ਹੀ ਮੁਨਕਰ ਹੋ ਕੇ। ਅਜੋਕੇ ਸਮੇਂ ਵਿਚ ਦੀਆਂ ਸਾਰੀਆਂ ਬੁਨਿਆਦੀ ਸਮੱਸਿਆਵਾਂ ਅਤੇ ਅਰਬਾਂ ਲੋਕਾਈ ਦੀ ਗੁਰਬਤ, ਅਣਪੜ੍ਹਤਾ, ਬੇਰੁਜ਼ਗਾਰੀ ਆਦਿ ਨੂੰ ਜਿਹੜਾ ਵਿਆਪਕ ਪੂੰਜੀਵਾਦੀ ਪ੍ਰਬੰਧ ਕਾਇਮ ਰੱਖ ਰਿਹਾ ਹੈ ਉਸ ਬਾਰੇ ਇਹ ਮਿੱਥ ਸਥਾਪਤ ਕਰਨੀ ਕਿ ਉਹ ਤਾਂ ਹੈ ਹੀ ਨਹੀਂ, ਉਹ ਖ਼ਤਮ ਹੋ ਚੁੱਕਾ ਹੈ। ਇਕ ਨਵੇਂ ਯੁੱਗ—ਉੱਤਰ-ਪੂੰਜੀਵਾਦ, ਉੱਤਰ-ਆਧੁਨਿਕ ਯੁਗ ਆ ਗਿਆ ਹੈ, ਹੁਣ ਤਾਂ ਬਿਲਗੇਟਸ ਵਾਂਗ ਸਭ ਨੇ ਕਰੋੜਾਂ ਪਤੀ ਬਣ ਜਾਣਾ ਹੈ। ਇਹ ਅਧਿਆਤਮਕ-ਵਾਦੀਆਂ ਦੇ ਸੰਸਾਰ ਨੂੰ ਸੁਪਨਾ ਦੱਸਣ ਵਾਂਗ ਹੀ ਤਾਂ ਹੈ।

ਲੇਖਕ ਵਿਸ਼ਵਾਸ਼ ਨਾਲ ਕਹਿ ਰਿਹਾ ਹੈ, "ਇਸ ਸਮਾਜ ਵਿਚ ਸਰਬਰਾਹੀ" **ਗਿਆਨਵਾਨ ਕਾਮੇ "ਦੇ ਹੱਥ ਆ ਗਈ ਹੈ।"** ਅਤੇ **'ਇਹ ਇਕ ਬਹੁਤ ਹੀ ਕਰਾਂਤੀਕਾਰੀ ਤਬਦੀਲੀ ਹੈ।"** (ਸਿਰਜਣਾ ਅੰਕ—104, ਪੰਨਾ 61 ਅਪ੍ਰੈਲ-ਜੂਨ 1997)।

ਸਾਡਾ ਸਮਾਜ, ਜੇਕਰ ਇਸ ਦੀ ਸਰਬਰਾਹੀ ਹੁਣ, 'ਗਿਆਨਵਾਨ ਕਾਮਿਆਂ' ਦੇ ਹੱਥ ਆ ਗਈ, ਤਾਂ ਹੁਣ ਜੋ ਇਸ ਕਾਰਨ 'ਬਹੁਤ ਹੀ ਕਰਾਂਤੀਕਾਰੀ ਤਬਦੀਲੀ' ਹੋਈ ਹੈ ਉਸ ਨਾਲ, ਵਿਸ਼ਾਲ ਜਨ ਸਮੂਹਾਂ ਦੀ ਸਮਾਜੀ-ਪਰਵਾਰਿਕ ਜ਼ਿੰਦਗੀ ਵਿਚ ਕਿਹੜੀ ਤਬਦੀਲੀ ਆਈ ਹੈ ? ਕੀ ਬੇਰੁਜ਼ਗਾਰੀ ਗਰੀਬੀ, ਮਹਿੰਗਾਈ ਖ਼ਤਮ ਹੋ ਗਈ ਹੈ ? ਕੀ ਭੁਖਮਰੀ, ਬੀਮਾਰੀ ਆਦਿ ਖ਼ਤਮ ਹੋ ਗਈਆਂ ਹਨ ਜਾਂ ਇਹ ਖ਼ਤਮ ਹੋਣ ਦੇ ਵੱਲ ਜਾ ਰਹੀਆਂ ਹਨ ? ਤੀਜੀ ਦੁਨੀਆਂ ਦੀ ਜੇ ਕਰ ਗੱਲ ਨਾ ਵੀ ਕਰੀਏ, ਕਿਉਂਕਿ ਇਹ ਤਾਂ ਲੇਖਕ ਦੀ ਕਲਪਨਾ ਵਿਚੋਂ ਗਾਇਬ ਹਨ, ਤਾ ਵਾਂ ਅਤਿ ਵਿਕਸਤ ਪੂੰਜੀਵਾਦੀ ਦੇਸ਼ਾਂ—ਇੰਗਲੈਂਡ ਦੀ ਛੇ ਕਰੋੜ ਦੀ ਆਬਾਦੀ ਵਿਚੋਂ ਇਕ ਕਰੋੜ ਚਾਲੀ ਲੱਖ ਲੋਕ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਬੀ. ਬੀ ਸੀ. ਦੀ ਨਵੰਬਰ 1997 ਸੂਚਨਾ) ਅਤੇ ਅਮਰੀਕਾ ਵਿਚ 1996 ਵਿਚ ਸਾਢੇ ਤਿੰਨ ਕਰੋੜ ਗਰੀਬ ਬੇਰੁਜ਼ਗਾਰ ਲੋਕਾਂ ਦੀ ਗਿਣਤੀ ਵਿਚੋਂ ਇਸ ਸਾਲ 16% ਦਾ ਵਾਧਾ ਹੋਇਆ ਹੈ। (ਬੀ. ਬੀ. ਸੀ. ਰੀਪੋਰਟ 1997) ਇਹ ਦੋਵੇਂ ਅਤਿ ਵਿਕਸਤ ਸਾਮਰਾਜੀ 'ਮਹਾਨ ਦੇਸ਼' ਹੀ ਅਖੌਤੀ 'ਇਨਫਰਮੇਸ਼ਨ ਸੋਸਾਇਟੀ' ਦੇ ਜਨਮ ਕੇਂਦਰ ਹਨ ਤੇ 'ਗਿਆਨਵਾਨ ਕਾਮਿਆਂ' ਦਾ ਜੱਦੀ ਘਰ ਹੈ। ਕੀ ਅਸੀਂ ਇਸ ਨੂੰ ਦੇਖਦੇ ਹੋਏ ਸਤਿਕਾਰ ਯੋਗ ਲੇਖਕ ਦੇ ਐਲਾਨਾਂ ਨੂੰ ਸੱਚ ਮੰਨ ਕੇ ਜਸ਼ਨ ਮਨਾਉਣੇ ਅਰੰਭ ਦੇਈਏ ਕਿ 'ਬਹੁਤ ਹੀ ਕਰਾਂਤੀਕਾਰੀ ਤਬਦੀਲੀ ਹੋਈ ਹੈ' ਜਾਂ ਫਿਰ ਲੇਖਕ ਦੀ ਸਮਝ ਉਤੇ ਕਿੰਤੂ ਕਰੀਏ ? ਹਾਂ, ਟੈਕਨਾਲੋਜੀ ਦੇ ਖੇਤਰ ਵਿਚ ਇਹ ਜ਼ਰੂਰ ਇਕ ਕਰਾਂਤੀਕਾਰੀ ਤਬਦੀਲੀ ਕਹੀ ਜਾ ਸਕਦੀ ਹੈ। ਕੀ ਇਸ 'ਕਰਾਂਤੀਕਾਰੀ ਤਬਦੀਲੀ' ਨੇ ਚੰਦ ਕੁ ਬਿਲਗੇਟਾਂ ਤੇ ਹਜ਼ਾਰਾਂ ਵੀ ਨਾ ਸਹੀਂ, ਲੱਖਾਂ ਗਿਆਨਵਾਨ ਕਾਮਿਆਂ ਨੂੰ ਕਰੋੜਾਂ ਪਤੀ ਬਣਾਉਣ ਵਿਚ ਸਫਲਤਾ ਕਰ ਲਈ ਹੈ ? ਤਾਂ ਕੀ ਸਾਡੇ ਸੰਸਾਰ ਦੀ ਅਰਬਾਂ ਵਸੋਂ ਇਸ ਤੋਂ ਸੰਤੁਸ਼ਟ ਹੋ ਕੇ ਬੈਠ ਜਾਵੇ ? ਇਸ 'ਕਰਾਂਤੀਕਾਰੀ ਤਬਦੀਲੀ' ਨੇ ਵਿਕਸਤ ਯੂਰਪ ਤੇ ਉੱਤਰੀ ਅਮਰੀਕਾ ਵਿਚ ਜੋ ਤਬਦੀਲੀ ਲਿਆਂਦੀ ਹੈ, ਉਹ ਇਹ ਹੈ ਕਿ ਕਰੋੜਾਂ ਲੋਕ ਬੇਰੁਜ਼ਗਾਰ ਹੋਣ ਦੇ ਕਾਰਨ, ਜੁਰਮਾਂ, ਨਸ਼ਿਆਂ, ਵਿਹਲੜਾਂ, ਮੰਗਤਿਆਂ, ਬਲਾਤਕਾਰੀਆਂ, ਤਲਾਕਾਂ ਕਾਰਨ ਪਰਵਾਰ ਦੇ ਵਿਖਰਨ ਕਾਰਨ ਬੱਚਿਆਂ ਦੇ ਜੀਵਨ ਦੇ ਔਝੜ ਪੈ ਜਾਣ ਆਦਿ ਵਿਚ ਫਸ ਗਏ ਹਨ। ਕੀ ਇਹ ਕੋਈ ਖੁਸ਼ ਗਵਾਰ ਸਥਿਤੀ ਹੈ ? ਜਦੋਂ ਕਿ ਉਹਨਾਂ ਦੇ ਜੀਵਨ ਦੀ ਪਰਫੁੱਲਤਾ ਲਈ ਖ਼ਰਚ ਕਰਨ ਦੀ ਥਾਵੇਂ, ਜੇਲ੍ਹਾਂ ਵਿਚ ਕੈਦਾਂ ਭੁਗਤ ਰਹੇ ਲੋਕਾਂ ਉਤੇ, ਅਰਬਾਂ ਡਾਲਰ ਖ਼ਰਚ ਕਰਨ



ਨੂੰ ਸ਼ਾਇਦ ਮਨੁੱਖੀ ਅਧਿਕਾਰਾਂ ਦੀ ਪਾਲਣਾ ਕਰਨਾ ਸਮਝ ਕੇ, ਪੂੰਜੀਵਾਦੀ ਵਿਵਸਥਾ ਦੇ ਚਾਲਕ ਮਾਣ ਮਹਿਸੂਸ ਕਰ ਰਹੇ ਹਨ। ਉਹ ਜੇਲ੍ਹਾਂ ਦੇ ਭਰ ਜਾਣ ਦੇ ਕਾਰਨ, ਕੈਦੀਆਂ ਨੂੰ ਘਰਾਂ ਵਿਚ ਹੀ ਕੈਦ ਕਰਨ ਲਈ ਮਜ਼ਬੂਰ ਹਨ। ਸਾਡੇ ਦੇਸ਼ ਵਿਚ ਇਸ 'ਕਰਾਂਤੀਕਾਰੀ ਤਬਦੀਲੀ' ਦਾ, ਅਸੀਂ ਜੋ ਪ੍ਰਭਾਵ ਦੇਖ ਰਹੇ ਹਾਂ, ਉਹ ਉਪਰੋਕਤ ਬੁਰਾਈਆਂ ਤੋਂ ਬਿਨਾਂ, ਹਾਕਮ ਜਮਾਤਾਂ ਦੀਆਂ ਰਾਜਨੀਤਕ ਪਾਰਟੀਆਂ ਵਿਚ ਅਪਰਾਧੀਕਰਨ ਦਾ ਵਿਆਪਕ ਪਾਸਾਰ, ਮਹਾਂ ਨਗਰਾਂ ਵਿਚ ਮਾਫੀਆਂ ਗੁੱਟਾਂ ਦੇ ਖੁੰਬਾਂ ਵਾਂਗੂੰ ਹੋਂਦ ਵਿਚ ਆ ਜਾਣ ਦੇ ਕਾਰਨ ਅਸੁਰੱਖਿਆਤਾ ਦਾ ਵਧ ਜਾਣਾ, ਭਰਿਸ਼ਟ ਅਫ਼ਸਰ-ਸ਼ਾਹੀ ਤੋਂ ਲੈ ਕੇ, ਛੋਟੇ ਤੋਂ ਵੱਡੇ ਵਪਾਰੀ, ਦੋ ਨੰਬਰ ਦੇ ਕਾਲੇ ਧਨ ਨਾਲ ਆਪਣੀ ਸੰਤਾਨ ਨੂੰ 'ਗਿਆਨ ਕਾਮਿਆਂ' ਦੀ ਸ਼੍ਰੇਣੀ ਵਿਚ ਸ਼ਾਮਲ ਕਰਨ ਲਈ ਕੰਪਿਊਟਰ, ਇੰਟਰਨੈੱਟ, ਫੈਕਸ, ਸੈਲੂਅਰ ਫੂਨਾਂ-ਪੇਜਰਾਂ ਆਦਿ ਨਾਲ ਲੈਸ ਕਰ ਰਹੇ ਹਨ। ਉਹਨਾਂ ਨੇ ਅੱਗੋਂ ਸ਼ਹਿਰਾਂ ਵਿਚ ਕੰਪਿਊਟਰ ਟਰੇਨਿੰਗ ਸਕੂਲ ਖੋਹਲ ਕੇ ਹੇਠਲੇ ਮਧ ਵਰਗ ਅਤੇ ਪੇਂਡੂ ਧਨੀ-ਕਿਸਾਨਾਂ ਜਾਂ ਮੁਲਾਜ਼ਮਾਂ ਦੇ ਧੀਆਂ-ਪੁੱਤਰਾਂ ਨੂੰ, ਤਿੰਨ ਤੋਂ ਪੰਜ ਹਜ਼ਾਰ ਰੁਪਏ ਮਹੀਨਾ ਫੀਸ ਵਾਲੇ ਕੰਪਿਊਟਰ-ਟਰੇਨਿੰਗ ਦੇ ਸਕੂਲ ਖੋਲ੍ਹ ਕੇ ਉਹ ਅੱਗੋਂ, 'ਗਿਆਨਵਾਨ ਕਾਮਿਆਂ' ਦੀ ਸ਼੍ਰੇਣੀ ਵਿਚ ਭਰਤੀ ਕਰਨ ਲਈ, ਸੁਨਹਿਰੀ ਮੌਕਾ ਪ੍ਰਦਾਨ ਕਰਕੇ ਪਰਉਪਕਾਰ ਕਰਨ ਵਿਚ ਰੁੱਝ ਗਏ ਹਨ। ਕੰਪਿਊਟਰ ਦਾ ਨਾਂ ਆਮ ਲੋਕਾਂ ਲਈ ਇਕ ਵੱਡੀ ਅਧਭੁੱਤ ਸ਼ੈ ਹੈ ਜਿਵੇਂ ਮਧ ਯੁੱਗ ਵਿਚ ਕਿਸੇ ਨੇ 'ਬ੍ਰਹਮ ਗਿਆਨ' ਦੀ ਪ੍ਰਾਪਤੀ ਕਰਨ ਲਈ ਹੁੰਦੀ ਸੀ ਪ੍ਰੰਤੂ ਇਸ ਦਾ ਅਰਥ 'ਇਹ ਨਹੀਂ ਹੈ ਕਿ ਸਾਡੀ ਨੌਜੁਆਨ ਪੀੜ੍ਹੀ ਕੰਪਿਊਟਰ ਦਾ ਗਿਆਨ ਪ੍ਰਾਪਤ ਨਾ ਕਰੇ। ਸਗੋਂ ਚਾਹੀਦਾ ਤਾਂ ਇਹ ਹੈ ਕਿ ਸਾਡੀ ਸਰਕਾਰ ਇਨ੍ਹਾਂ ਕੰਪਿਊਟਰ ਏਜੰਸੀਆਂ ਵਿਚ ਹੁੰਦੀ ਉੱਤਰ-ਆਧੁਨਿਕਤਾਈ ਲੁਟ ਨੂੰ ਰੋਕੇ ਅਤੇ ਸਕੂਲਾਂ ਵਿਚ ਪਹਿਲੀ ਜਮਾਤ ਤੇ ਅੰਗਰੇਜ਼ੀ ਦੀ ਪੜ੍ਹਾਈ ਸ਼ੁਰੂ ਕਰਨ ਦੀ ਮੂਰਖਤਾ ਭਰੀ ਯੋਜਨਾ ਨੂੰ ਬੰਦ ਕਰਕੇ, ਸਕੂਲਾਂ ਵਿਚੋਂ ਦਸ-ਦਸ ਕੰਪਿਊਟਰ ਸੈੱਟ, ਖਰੀਦ ਕੇ ਦੇਵੇ ਅਤੇ ਅੱਗੋਂ ਹਰ ਸਾਲ-ਛਮਾਹੀ ਛੇ, ਛੇ ਸੈੱਟ ਦੇਣ ਦੀ ਵਿਉਂਤਬੰਦੀ ਕਰੇ। ਇਸ ਤਰ੍ਹਾਂ ਲੋਕਾਂ ਦੀ ਲੁੱਟ ਖ਼ਤਮ ਹੋ ਕੇ, ਨੌਜੁਆਨ ਪੀੜ੍ਹੀ ਲਈ ਵਿਗਿਆਨ ਵੱਲ ਉਤਸ਼ਾਹ ਪੈਦਾ ਕਰਨ ਦੇ ਨਾਲ ਨਾਲ, ਕੌਮੀ ਆਰਥਿਕਤਾ ਨੂੰ ਇੱਕਵੀਂ-ਸਦੀ ਦੇ ਹਾਣ ਦੀ ਬਣਾਉਣ ਵਿਚ ਪਹਿਲ ਕਦਮੀ ਕਰੇ।

ਰਹੀ ਗੱਲ ਕੁਝ ਦੇਸ਼ਾਂ ਵਿਚ ਸਮਾਜਵਾਦ ਦੇ ਪਤਨ ਦੀ। ਲੇਖਕ ਇਸ ਦੇ ਫੇਲ ਹੋਣ ਦਾ ਕਾਰਨ ਇਹ ਦਸਦਾ ਹੈ ਕਿ ਉਥੇ ਉਤਪਾਦਿਕਤਾ ਦੀ ਨੀਵੀਂ ਪੱਧਰ ਸੀ। ਉਹ ਲਿਖਦਾ ਹੈ, **"ਸਮਾਜਵਾਦੀ ਅਰਥਵਿਵਸਥਾ ਸਥਾਪਤ ਹੋਈ ਸੀ ਕਿਰਤੀ ਵਰਗ ਦੇ ਹਿਤ ਪੂਰਨ ਲਈ, ਪਰ ਇਹ ਸੁਪਨਾ ਵੀ ਸਾਕਾਰ ਨਾ ਹੋਇਆ। ਉਤਪਾਦਿਕਤਾ ਵਿਚ ਬੇਮਿਸਾਲ ਵਾਧੇ ਕਾਰਨ ਸਰਮਾਏਦਾਰ ਦੇਸ਼ਾਂ ਵਿਚ ਮਜ਼ਦੂਰਾਂ ਦੀ ਆਰਥਿਕ ਹਾਲਤ ਵਿਚ ਕਾਫ਼ੀ ਸੁਧਾਰ ਆਇਆ।"** ਸਮਾਜਵਾਦ ਕੇਵਲ ਕਿਰਤੀ ਵਰਗ ਦੇ ਹਿਤ ਪੂਰਨ ਲਈ ਹੀ ਨਹੀਂ, ਸਗੋਂ ਸਮੁੱਚੇ ਸਮਾਜ ਦੇ ਵਿਕਾਸ ਲਈ ਹੁੰਦਾ ਹੈ। ਸਮਾਜਵਾਦ ਦਾ ਅਰਥ ਹੀ ਇਹ ਹੈ, ਕਿ ਉਹ ਅਰਥ-ਵਿਵਸਥਾ, ਜੋ ਸਮਾਜ ਮੁਖੀ ਹੋਵੇ। ਸਮਾਜ ਵਿਚ ਕੇਵਲ ਕਿਰਤੀ ਵਰਗ ਹੀ ਨਹੀਂ ਹੁੰਦਾ। ਉਥੇ ਸੋਸ਼ਨ ਕਰਨ ਵਾਲੇ ਵਰਗ, ਮਧ ਵਰਗ, ਕਿਸਾਨ, ਗਰੀਬ ਕਿਸਾਨ ਆਦਿ ਹੋਰ ਵੀ ਵਰਗ ਦਰ ਵਰਗ ਹੁੰਦੇ ਹਨ। ਇਸ ਲਈ ਸਮਾਜਵਾਦ, ਸਮਾਜ ਵਿਚ ਮਨੁੱਖ ਹੱਥੋਂ ਮਨੁੱਖ ਦਾ ਸੋਸ਼ਨ ਸਮਾਪਤ ਕਰਕੇ, ਸਮਾਜ ਦੇ ਹਰ ਮੈਂਬਰ ਲਈ ਬਰਾਬਰਤਾ ਸਥਾਪਤ ਕਰਦਾ ਹੈ। ਸੋਵੀਅਤ ਯਨੀਅਨ ਵਿਚ

ਇਹੋ ਵੱਡੀ ਹੱਦ ਤਕ ਸਥਾਪਤ ਹੋਈ ਵੀ। ਇਸ ਦੇ ਕਾਰਨ ਹੀ 95% ਅਣਪੜ੍ਹ ਦੇਸ਼, ਸੌ ਪ੍ਰਤੀਸ਼ਤ ਪੜ੍ਹਿਆਂ ਲਿਖਿਆਂ ਦਾ ਦੇਸ਼ ਬਣ ਕੇ, ਬੇਰੁਜ਼ਗਾਰੀ, ਗਰੀਬੀ ਨੂੰ ਸਦਾ ਸਦਾ ਲਈ ਹੂੰਝ ਕੇ, ਤਕਨਾਲੋਜੀ ਵਿਚ ਦੁਨੀਆਂ ਦਾ ਮੋਹਰੀ ਦੇਸ਼ ਬਣ ਕੇ, ਹਰ ਖੇਤਰ ਵਿਚ ਉਤਪਾਦਨ ਵਿਚ ਮੋਹਰੀ ਦੇਸ਼ ਬਣਿਆ, ਜਿਸ ਦੇ ਕਾਰਨ ਉਹ ਫਾਸ਼ਿਜ਼ਮ ਵਿਰੁੱਧ ਜਿੱਤ ਜਿੱਤਣ ਦਾ ਇਤਿਹਾਸਕ ਕਾਰਨਾਮਾ ਕਰ ਗੁਜ਼ਰਿਆ। ਪੂੰਜੀਵਾਦੀ ਦੇਸ਼ਾਂ ਨੇ ਹਿਟਲਰ ਨੂੰ ਹਰਾਉਣ ਵਿਚ ਜਿਥੇ ਸੋਵੀਅਤ ਦਾ ਸਹਿਯੋਗ ਲਿਆ, ਉਥੇ ਉਸ ਨਾਲ ਵਿਸਾਹਘਾਤ ਕਰਕੇ, ਜ਼ੰਗ ਕਾਰਨ ਤਬਾਹ ਹੋਈ ਆਰਥਿਕਤਾ ਤੇ ਸ਼ਹਿਰਾਂ ਦੀ ਉਸਾਰੀ, ਸਕੂਲਾਂ, ਕਾਲਜਾਂ, ਮੈਡੀਕਲ ਇੰਨਸਟੀਚੂਟਸ ਤੋਂ ਬਿਨਾਂ ਦੂਜੇ ਖੇਤਰਾਂ ਨੂੰ ਉਸਾਰਨ ਲਈ ਸਹਾਇਤਾ ਤਾਂ ਕੀ ਦੇਣੀ ਸੀ, ਸਗੋਂ ਨਾਕਾਬੰਦੀ ਕਰਕੇ ਮੁਸ਼ਕਲਾਂ ਪੈਦਾ ਕਰ ਦਿੱਤੀਆਂ। ਸਭ ਕੁਝ ਦਾ ਸਾਹਮਣਾ ਕਰਦਾ ਹੋਇਆ ਸਮਾਜਵਾਦੀ ਸੋਵੀਅਤ ਯੂਨੀਅਨ ਮੁੜ ਉਸਾਰੀ ਕਰਨ ਦੇ ਨਾਲ ਨਾਲ, ਸਾਮਰਾਜੀ ਦੇਸ਼ਾਂ ਦੇ ਫੌਜੀ ਨਾਟੋ ਸੰਗਠਨ ਦਾ ਮੂੰਹ ਭੰਨਣ ਲਈ ਫੌਜੀ ਤੌਰ ਉਪਰ ਵੀ ਸਮਰੱਥਾ ਪ੍ਰਾਪਤ ਕਰ ਸਕਿਆ। ਪ੍ਰਮਾਣੂ ਖੇਤਰ ਵਿਚ ਸਾਮਰਾਜੀ ਅਮਰੀਕਾ ਦੀ ਇਜਾਰੇਦਾਰੀ ਤੋੜ ਕੇ, ਪੁਲਾੜ ਵਿਚ ਜਿੱਤਾਂ ਦਾ ਮੂਹਰੈਲੀ ਬਣ ਗਿਆ। ਇੰਨਾ ਹੀ ਨਹੀਂ, ਬਸਤੀਵਾਦ ਤੋਂ ਮੁਕਤ ਹੋਏ ਦੁਨੀਆਂ ਦੇ ਅਨੇਕਾਂ ਦੇਸ਼ਾਂ ਨੂੰ ਵੀ ਹਰ ਤਰ੍ਹਾਂ ਦੀ ਸਹਾਇਤਾ ਦੇਣ ਵਿਚ ਅੱਗੇ ਆਇਆ। ਜਿਸ ਨਾਲ ਇਹਨਾਂ ਦੇਸ਼ਾਂ ਦੀ ਸਾਮਰਾਜ ਉਪਰ ਨਿਰਭਰਤਾ ਖ਼ਤਮ ਹੋਈ। ਸਾਡੇ ਦੇਸ਼ ਦੀ ਮਿਸਾਲ ਇਸ ਲਈ ਮੂੰਹੋਂ ਬੋਲਦੀ ਹੈ। ਸੋ ਲੇਖਕ ਵਲੋਂ ਦੋ ਝਰੀਟਾਂ ਵਾਹ ਦੇਣ ਨਾਲ ਸੱਚ ਨੂੰ ਕੂੜ ਕਵਾੜ ਨਹੀਂ ਬਣਾਇਆ ਜਾ ਸਕਦਾ। ਪਰ ਜੇ ਕਰ ਉਸ ਨੇ ਪੂਰਵਧਾਰਨਾ ਹੀ ਅਜਿਹੀ ਬਣਾ ਲਈ ਹੋਈ ਹੈ ਕਿ ਉਸ ਨੇ ਉੱਤਰ-ਆਧੁਨਿਕਤਾ ਦੇ ਭੁਲੇਖੇ ਦੇ ਰੱਹਸ ਨੂੰ ਸਮੂਰਤ ਕਰਨਾ ਹੈ ਤਾਂ ਉਹ ਇਸ ਵਿਚ ਸਫਲ ਹੈ। ਸਮਾਜਵਾਦ ਦੀ ਸਫਲਤਾ ਦੀ ਗਰੰਟੀ ਕੇਵਲ ਅਤੇ ਕੇਵਲ ਕਿਰਤੀ ਵਰਗ ਦੀ ਪਾਰਟੀ ਦੀ ਅਗਵਾਈ ਵਿਚ ਹੀ ਸੰਭਵ ਹੈ। ਜੇਕਰ ਕਿਰਤੀ ਵਰਗ ਦੀ ਪਾਰਟੀ ਦੇ ਨਾਂ ਦੇ ਸਾਈਨ ਬੋਰਡ ਲਾ ਕੇ, ਉਸ ਵਿਚ ਮਧ ਵਰਗੀ, ਅਫਸਰਸ਼ਾਹੀ ਤੇ ਮੌਕਾਪ੍ਰਸਤਾਂ ਦਾ ਚੋਣਾ ਭਰ ਲਿਆ ਜਾਵੇ ਤਾਂ ਸਮਾਜਵਾਦ ਦਾ ਢਹਿ ਢੇਰੀ ਹੋਣਾ ਅਵੱਸ਼ ਹੈ। ਖ਼ਰੋਸਚੇਵ ਤੋਂ ਲੈ ਕੇ ਬੈਲਤਸਿਵ-ਗੋਰਬਾਚੋਣ ਤੱਕ ਕਿਰਤੀ ਵਰਗ ਨੂੰ ਪਰੇ ਕਰਕੇ, ਸਾਡੇ ਦੇਸ਼ ਦੀ ਕਾਂਗਰਸ ਪਾਰਟੀ ਵਰਗੇ ਮੈਂਬਰਾਂ ਨਾਲ ਪਾਰਟੀ ਨੂੰ ਭਰਕੇ, ਇਹੋ ਕੁਝ ਹੀ ਨਤੀਜਾ ਪ੍ਰਾਪਤ ਹੋਣਾ ਸੀ ਕਿ ਸਮਾਜਵਾਦੀ ਸੋਵੀਅਤ ਯੂਨੀਅਨ ਢਹਿ ਢੇਰੀ ਹੋ ਗਿਆ। ਸ੍ਰੀ ਪ੍ਰੀਤਮ ਸਿੰਘ ਸਾਮਰਾਜੀ ਦੇਸ਼ਾਂ ਦੀ ਪ੍ਰਸੰਸਾ ਕਰਦੇ ਹਨ ਕਿ '**ਸਰਮਾਏਦਾਰ ਦੇਸ਼ਾਂ ਦੇ ਮਜ਼ਦੂਰਾਂ ਦੀ ਆਰਥਿਕ ਹਾਲਤ ਵਿਚ ਕਾਫੀ ਸੁਧਾਰ ਆਇਆ ਹੈ।**' ਨਿਰਸੰਦਿਹ ਸਰਮਾਏਦਾਰੀ ਨੇ ਆਪਣੇ ਸਮਾਜ ਨੂੰ ਉਪਭੋਗਤਾ ਸਮਾਜ ਵਿਚ ਤਬਦੀਲ ਕਰਕੇ, ਉਤਪਾਦਿਕਤਾ ਵੀ ਵਧਾਈ ਤੇ ਉਸ ਦੀ ਖ਼ਪਤ ਵੀ। ਪ੍ਰੰਤੂ ਇਸ ਨੇ ਕਿਸੇ ਬਿੰਦੂ ਉਪਰ ਜਾ ਕੇ ਤਾਂ ਰੁਕਣਾ ਸੀ। ਉਹ ਬਿੰਦੂ ਵੀਹਵੀਂ ਸਦੀ ਦੇ ਪਿਛਲੇ ਦੋ ਦਹਾਕਿਆਂ ਤੋਂ ਸਥਾਪਤ ਹੋ ਰਿਹਾ ਹੈ। ਇਸ ਵਿਚ ਇਲੈਕਟਰੋਨਿਕ ਕੰਪਿਊਟਰੀ ਵਿਕਾਸ ਦਾ ਮੁਖ ਰੋਲ ਹੈ। ਜਿਸ ਕਾਰਨ, ਜਿਹੜੇ 'ਮਜ਼ਦਰ ਵਰਗ ਦੀ ਆਰਥਿਕ ਹਾਲਤ ਵਿਚ ਸੁਧਾਰ ਆਇਆ' ਸੀ, ਉਹ ਹੀ ਹੁਣ ਬੇਰੁਜ਼ਗਾਰੀ ਦੀ ਖੱਡ ਵਿਚ ਜਾ ਡਿਗਿਆ ਹੈ, ਇਹੋ ਨਹੀਂ ਮਧ ਵਰਗ ਵੀ ਭੁਰ ਰਿਹਾ ਹੈ ਤੇ ਬੜੀ ਤੇਜ਼ੀ ਨਾਲ ਭੁਰ ਰਿਹਾ ਹੈ। ਉਹਨਾਂ ਨੂੰ 'ਕੇਨਜ਼ੀਅਨ ਵੈਲਫੇਅਰ' ਦੀ ਛਤਰ ਛਾਇਆ ਤੋਂ ਵੀ ਵਿਰਵਾ ਕਰ ਦਿੱਤਾ ਜਾ ਰਿਹਾ ਹੈ। ਕਬਰ ਵਿਚ ਪਏ ਲਾਰਡ ਕੇਨਜ਼ ਦੀ ਚੀਕ ਪੁਕਾਰ ਕਬਰਾਂ ਦੀ ਖਾਮੋਸ਼ੀ ਵਿਚ ਕੋਈ



ਸੁਣਨ ਵਾਲਾ ਹੀ ਨਹੀਂ ਹੈ। ਇਹ ਜੋ ਕੁਝ ਮੈਂ ਲਿਖ ਰਿਹਾ ਹਾਂ ਇਹ ਅਖਬਾਰੀ ਰਿਪੋਰਟਾਂ ਤੇ ਆਧਾਰਿਤ ਹੀ ਨਹੀਂ ਹੈ ਮੇਰੇ ਨਿਜੀ ਤਜਰਬੇ ਤੇ ਆਧਾਰਤ ਹੈ। ਹੁਣ ਪੱਛਮੀ ਆਰਥਿਕਤਾਵਾਂ ਦੂਰਪੂਰਬ, ਮਧ ਪੂਰਬ ਤੇ ਦਖਣੀ ਏਸ਼ੀਆ, ਦਖਣੀ ਅਮਰੀਕਾ ਦੇ ਕਿਰਤੀ ਵਰਗ ਦੇ, ਪਾਰ ਕੌਮੀ ਕਾਰਪੋਰੇਸ਼ਨਾਂ ਦੁਆਰਾ ਸੋਸ਼ਨ ਤੇ ਉਤਪਾਦਿਕਤਾ ਦੇ ਨਾਲ ਹੀ ਜੀਵਤ ਹਨ। ਉਪਰੋਕਤ ਤੇ ਕੀ ਸ੍ਰੀ ਪ੍ਰੀਤਮ ਸਿੰਘ ਇਹ ਨਤੀਜਾ ਕੱਢ ਬੈਠੇ ਹਨ, ਕਿ ਸੋਵੀਅਤ ਦੇਸ਼ ਅਤੇ ਪੂਰਬੀ ਯੂਰਪੀ ਦੇਸ਼ਾਂ ਵਿਚ ਸਮਾਜਵਾਦ ਦੇ ਪਤਨ ਪਿਛੋਂ, ਪੂੰਜੀਵਾਦ ਦੀ ਬਹਾਲੀ ਤੇ ਅਮਰੀਕਾ-ਯੂਰਪ-ਜਾਪਾਨ ਆਦਿ ਵਿਚ, ਪੂੰਜੀਵਾਦੀ ਅਰਥ ਵਿਵਸਥਾ ਵਿਚ ਸੰਕਟ ਤੇ ਏਸ਼ੀਆ ਦੇ ਮੂਰਛਤ ਹੋ ਜਾਣ ਦੀ, ਜੋ ਸਥਿਤੀ ਪੈਦਾ ਹੋ ਜਾਂਦੀ ਹੈ, **ਉਸ ਨੂੰ ਪੂੰਜੀਵਾਦ ਦਾ ਸੰਕਟ ਨਾ ਆਖਿਆ ਜਾਵੇ, ਸਗੋਂ ਉੱਤਰ ਆਧੁਨਿਕਤਾ, ਉੱਤਰ ਪੂੰਜੀਵਾਦ ਜਾਂ ਉੱਤਰ ਇੰਡਸਟਰੀਅਲ ਯੁੱਗ ਕਿਹਾ ਜਾਵੇ।**

ਉੱਤਰ-ਆਧੁਨਿਕ ਚਿੰਤਕਾਂ ਵਲੋਂ ਕਲਪਿਤ ਆਧੁਨਿਕੀ ਕਲਪਨਾ ਦਾ ਰੂਪ, ਵਾਸਤਵ ਵਿਚ ਇਕ ਮਖੌਟੇ ਤੋਂ ਬਿਨਾ ਹੋਰ ਕੁਝ ਨਹੀਂ ਹੈ। ਇਹਨਾਂ ਚਿੰਤਕਾਂ ਦੀ ਅਜਿਹੀ ਕਲਪਨਾ ਇਨ੍ਹਾਂ ਨੂੰ ਜੋ ਵੀ ਸੱਚੀ ਝੂਠੀ ਸੰਤੋਖਤਾ ਬਖਸ਼ਦੀ ਹੋਵੇ, ਪ੍ਰੰਤੂ ਇਹ 'ਬਿਲਗੇਟ' ਨੂੰ ਘਟੋ ਘਟ ਅਜਿਹਾ ਸੰਤੋਖ ਦੇਣ ਦੀ ਥਾਵੇਂ ਚਿੰਤਾ ਵਿਚ ਪਾਉਂਦੀ ਹੈ ਅਤੇ ਆਪਣੀ ਪੂੰਜੀਵਾਦੀ ਘਰ ਕੌਮੀ ਕਾਰਪੋਰੇਸ਼ਨ ਸ਼ਰੇਣੀ ਨੂੰ ਵਾਰਨਿੰਗ ਦੇਣ ਲਈ ਵੀ ਮਜਬੂਰ ਕਰਦੀ ਹੈ। ਉਹ 'ਰੋਡ ਅਹੈਡ' ਵਿਚ ਲਿਖਦਾ ਹੈ, **ਸਿਰਫ ਇਸ ਲਈ ਕਿ ਮੈਂ ਆਸ਼ਾਵਾਦੀ ਹਾਂ ਇਸ ਦਾ ਅਰਥ ਬਿਲਕੁਲ ਨਹੀਂ ਕਿ ਮੈਂ ਇਸ ਬਾਰੇ ਚਿੰਤਾਵਾਨ ਨਹੀਂ ਹਾਂ ਜੋ ਸਾਡੇ ਸਾਰਿਆਂ ਨਾਲ ਵਾਪਰਨ ਵਾਲਾ ਹੈ।** (ਪੰਨਾ 295) **ਹੁਣ ਵਿਸਤ੍ਰਿਤ ਚਰਚਾ ਕਰਨ ਲਈ ਢੁੱਕਵਾਂ ਸਮਾਂ ਹੈ। ਸਾਡੇ ਕੋਲ ਹਾਲੇ ਕਾਫੀ ਸਾਲ ਹਨ ਕਿ ਆਉਂਦੇ ਇਨਕਲਾਬ ਦੇ ਮੁਹਾਣ ਨੂੰ ਜ਼ਾਂਚਣ ਪਰਖਣ ਦੇ। ਸਾਨੂੰ ਇਸ ਸਮੇਂ ਦੀ ਸੁਚੱਜੀ ਵਰਤੋਂ ਕਰਨੀ ਚਾਹੀਦੀ ਹੈ ਇਸ ਦੀ ਥਾਂ ਤੇ ਕਿ ਅਸੀਂ ਫਿਰ ਪ੍ਰਾਪਤ ਪ੍ਰਸਿਥੀਆਂ ਪ੍ਰਤੀ ਸਿਰਫ ਮੋੜਵੇਂ ਕਦਮ ਹੀ ਚੁੱਕ ਸਕੀਏ।**" (ਰੋਡ ਅਹੈਡ—ਬਿਲਗੇਟ ਪੰਨਾ-286)

ਇਸ ਤੋਂ ਇਹ ਸਪੱਸ਼ਟ ਹੈ ਕਿ ਕੰਪਿਊਟਰੀ-ਇਲੈਕਟਰੋਨਿਕ ਤਬਦੀਲੀ ਨਾਲ ਸੰਚਾਰ ਤੇ ਪਸਾਰ ਤੇ ਗਿਆਨ ਨਾਲ, ਜੋ ਪੂੰਜੀਵਾਦੀ ਪ੍ਰਬੰਧ ਦੇ ਧੋਖੇ ਅਤੇ ਭੁਲੇਖੇ, ਜਨਸਾਧਾਰਣ ਨੂੰ ਮੂਰਖ ਬਨਾਉਣ ਲਈ ਵਰਤੇ ਜਾਂਦੇ ਹਨ, ਨੰਗੇ ਹੋ ਜਾਣਗੇ ਤੇ ਲੁੱਟਾਂ ਦਾ ਸਿਲਸਲਾ ਤਾਰ ਤਾਰ ਹੋ ਜਾਵੇਗਾ। ਏਸੇ ਦੀ ਚਿੰਤਾ ਬਿਲਗੇਟ ਨੂੰ ਵੱਢ ਵੱਢ ਖਾ ਰਹੀ ਹੈ। ਉੱਤਰ ਆਧੁਨਿਕਤਾ ਦਾ ਬੌਧਿਕ ਪਰਦਾ ਵੀ ਪੂੰਜੀਵਾਦੀ ਭੁਲੇਖਿਆਂ ਦੀ ਸਾਜ਼ਸ਼ ਦਾ ਹੀ ਇਕ ਹਿੱਸਾ ਹੈ। ਜੋ ਜਨ ਮਾਨਸ ਨੂੰ ਇਹ ਨਿਸ਼ਚਤ ਕਰਵਾਉਣ ਲਈ ਯਤਨ ਕਰ ਰਿਹਾ ਹੈ ਕਿ ਆਉਣ ਵਾਲਾ ਯੁੱਗ ਸਮਾਜਵਾਦੀ ਨਹੀਂ ਹੋਵੇਗਾ, ਨਾ ਹੀ ਰਵਾਇਤੀ ਪੂੰਜੀਵਾਦੀ'। ਉਤਰ ਆਧੁਨਿਕ ਟੈਕਨਾਲੋਜੀ ਨਾਲ ਲੈਸ ਬਿਲਗੇਟਸ ਨੂੰ ਭਰੋਸਾ ਨਹੀਂ ਕਿ ਆ ਰਹੇ 'ਇਨਕਲਾਬ' ਨੂੰ ਅਸੀਂ ਕੰਟਰੋਲ ਕਰ ਸਕਾਂਗੇ। ਉਹ ਇਹ ਵਾਰਨਿੰਗ ਪੂੰਜੀਵਾਦੀ ਸ਼ਰੇਣੀ ਨੂੰ ਦੇ ਰਿਹਾ ਹੈ। ਬਿਲਗੇਟਸ 'ਕਮਿਊਨਿਸਟ ਮੈਨੀਫੈਸਟੋ' ਵਿਚੋਂ ਮਾਰਕਸ-ਏਂਗਲਜ ਦੀ ਭਵਿਖਵਾਣੀ ਤੋਂ ਚਿੰਤਿਤ ਹੈ ਜੋ 'ਕਿਰਤੀ ਸ਼ਰੇਣੀ' ਨੂੰ ਪੂੰਜੀਵਾਦ ਦੇ ਕਬਰਪੁਟ ਵਜੋਂ ਐਲਾਨ ਕਰਦੀ ਹੈ। ਹੁਣ ਜੇਕਰ ਉਤਪਾਦਨ ਵਿਚ ਲੱਗੇ ਕਾਮੇ ਥੇਲਚੋਂ ਪਰਾਂ ਸੁੱਟ ਬੈਠੇ ਹਨ ਤਾਂ ਉਹਨਾਂ ਦੇ ਵਾਰਸ ਨਵੀਨ ਟੈਕਨਾਲੋਜੀ ਨਾਲ ਲੈਸ ਬੁਲਡੋਜ਼ਰਾਂ, 'ਬੈਕ ਹੋਆਂ'

(ਟੋਏ ਪੁਟਣ ਵਾਲੀ ਮਸ਼ੀਨ) ਆਦਿ ਨਾਲ ਮੁੜ੍ਹਕੇ-ਮੁੜ੍ਹਕੀ ਹੋਏ ਬਗੈਰ ਸਗੋਂ ਡੂੰਘੀਆਂ ਕਬਰਾਂ ਪੁੱਟਣ ਲਈ ਸਮਰੱਥ ਹਨ। ਇਹਨਾਂ ਕਬਰਾਂ ਪੁੱਟਣ ਦਾ ਸਮਾਂ ਕਿਹੜਾ ਹੋਵੇਗਾ? ਇਸਦੀ ਚਿੰਤਾ ਹੀ ਬਿਲਗੇਟਸ ਨੂੰ ਹੈ। ਪਰ ਇਹ ਅਵੱਸ਼ ਹੈ ਕਿ ਸ਼ਮਸ਼ਾਨ ਭੂਮੀ ਵਿਚ ਕਬਰਾਂ ਜਾਂ ਬਿਜਲਈ ਭੱਠੀਆਂ ਉਹਨਾਂ ਨੂੰ ਇਤਿਹਾਸ ਵਿਚ ਦਰਜ ਕਰਨ ਲਈ ਸਬਰ ਨਾਲ ਉਡੀਕ ਰਹੀਆਂ ਹਨ। ਦਿਨ ਰਾਤ ਧਰਮਸਥਾਨਾਂ ਵਿਚੋਂ ਸਪੀਕਰਾਂ ਦਾ ਪ੍ਰਦੂਸ਼ਨ, ਪੂੰਜੀਵਾਦ ਦੇ ਕਬਰਪੁੱਟਾਂ ਨੂੰ ਬੇਹਰਕਤ ਕਰਨ ਲਈ ਮੌਤ ਦਾ ਡਰ ਦੇ ਕੇ ਨਾਸ਼ਵਾਂਨਤਾ ਦੀ ਵਿਚਾਰਧਾਰਕ ਜ਼ਹਿਰ ਦੇ ਟੀਕੇ ਲਗਾ ਰਿਹਾ ਏ। ਇਹ ਠੀਕ ਹੈ ਕਿ ਚਲੰਤ ਪੀੜ੍ਹੀ ਇਸ ਦੀ ਸ਼ਿਕਾਰ ਹੈ ਪਰੰਤੂ ਨਵੀਂ ਪੀੜ੍ਹੀ ਦੇ ਨੌਜੁਆਨ, ਇਸ ਵੇਲੇ ਭਵਿੱਖ ਵਿਚ ਹਨੇਰਾ ਦੇਖਕੇ ਵਿਆਕੁਲ ਹਨ। ਉਹਨਾਂ ਨੂੰ ਇੰਨਕਲਾਬੀ ਸੂਝਬੂਝ ਤੋਂ ਸੱਖਣਾ ਕਰਨ ਲਈ ਉੱਤਰ-ਆਧੁਨਿਕਤਾ ਦੇ ਸਭਿਆਚਾਰਕ ਹਥਿਆਰ—ਅਸ਼ਲੀਲ ਫਿਲਮਾਂ, ਅਸ਼ਲੀਲ ਗੀਤ ਗਾਣੇ, ਸ਼ਰਾਬਾਂ, ਨਸ਼ੀਲੀਆਂ ਦਵਾਈਆਂ, ਟੀ. ਵੀ. ਦੇ ਮਾਰਧਾੜ ਦੇ ਸੀਰੀਅਲ, ਧਾਰਮਿਕ ਮਿਥਿਹਾਸਕ ਕਥਾਵਾਂ ਆਦਿ ਵਰਤੇ ਜਾ ਰਹੇ ਹਨ। ਮੱਧ ਵਰਗੀ ਸ਼ਰੇਣੀਆਂ ਦੇ ਨੌਜੁਆਨਾਂ ਨੂੰ ਐਸ਼ੋਇਸ਼ਰਤ ਦੇ ਸਮਾਨ, ਪੈਸੇ ਕਮਾਉਣ ਦੀ ਅੰਨੀ ਲਾਲਸਾ, ਠੱਗੀਆਂ, ਵਪਾਰ, ਸਟਾਕ-ਐਕਸਚੇਂਜ ਆਦਿ ਦੇ ਜਾਲ ਵਿਚ ਫਸਾਇਆ ਜਾ ਰਿਹਾ ਏ, ਫਿਰ ਵੀ ਉਹਨਾਂ ਦੀ ਤਰਿਪਤੀ ਨਹੀਂ ਹੋ ਰਹੀ। ਦੂਜੇ ਪਾਸੇ ਕਾਲਜਾਂ ਯੂਨੀਵਰਸਿਟੀਆਂ ਅਤੇ ਬੁੱਧੀਜੀਵੀਆਂ ਨੂੰ ਉੱਤਰ-ਆਧੁਨਿਕਤਾ ਦੀ ਕਮਾਲ-ਕਲਪਣਾ ਦੇ ਫਰੇਬ ਵਿਚ ਉਲਝਾਉਣ ਲਈ ਉੱਤਰ-ਆਧੁਨਿਕੀ-ਚਿੰਤਕ ਟਟੀਹਰੀ ਬਣੇ ਹੋਏ ਹਨ। ਇਥੇ ਵਿਗਿਆਨਕ ਸਮਝ ਵਾਲੇ ਤੇ ਮਾਰਕਸੀ ਵਿਚਾਰਵਾਨਾਂ ਨੂੰ ਚੈਲੰਜ ਕਬੂਲ ਕਰਕੇ, ਇਸ ਹਨੇਰੀ-ਧੁੰਦ ਵਿਚੋਂ ਮਿਸ਼ਾਲਾਂ ਬਾਲਣ ਲਈ ਯਤਨਸ਼ੀਲ ਹੋਣ ਦੀ ਲੋੜ ਹੈ।

ਅਸੀਂ ਇਸ ਵਿਸ਼ਵਾਸ ਦੇ ਧਾਰਨੀ ਹਾਂ ਕਿ ਪੂੰਜੀਵਾਦ ਸਮੱਸਿਆਵਾਂ ਪੈਦਾ ਤਾਂ ਕਰ ਸਕਦਾ ਹੈ ਪਰੰਤੂ ਇਹਨਾਂ ਦਾ ਸਮਾਜਮੁਖੀ-ਲੋਕ ਹਿਤੂ ਹੱਲ ਨਹੀਂ ਕਰ ਸਕਦਾ। ਇਹ ਸਿਰਫ ਸਮਾਜਵਾਦ ਹੀ ਹੈ ਜੋ ਸਮੱਸਿਆਵਾਂ ਦੇ ਸਮਾਧਾਨ ਦਾ ਹੀ ਦੂਜਾ ਨਾਂ ਕਿਹਾ ਜਾ ਸਕਦਾ ਹੈ। ਬੇਸ਼ਕ ਸਮਾਜਵਾਦ ਨੂੰ ਮੂਲ-ਸਿਧਾਂਤਾਂ ਦੀ ਉਲੰਘਣਾ ਦੇ ਕਾਰਨ, ਵੱਡਾ ਧੱਕਾ ਲਗਾ ਹੈ, ਪਰੰਤੂ ਲੰਘੀ ਪੌਣੀ ਸਦੀ ਵਿਚ ਇਸ ਦੀਆਂ ਪ੍ਰਾਪਤੀਆਂ ਤੋਂ ਕੋਈ ਵੀ ਇਨਕਾਰ ਨਹੀਂ ਕਰ ਸਕਦਾ ਸਗੋਂ ਇਸ ਨੇ ਅਧਿਆਤਮਵਾਦ ਅਤੇ ਪੂੰਜੀਵਾਦ ਦੇ ਦਰਸ਼ਨ ਨੂੰ ਰੱਦ ਕੇ ਇਨਸਾਨੀਅਤ ਦੀ ਰਾਹਨੁਮਾਈ ਕੀਤੀ ਹੈ। ਇਸ ਦੀ ਮਾਨਵਵਾਦੀ ਸਿੱਖਿਆ. ਉਦੇਸ਼ ਅਤੇ ਸੇਧ ਨਾਲ ਭਵਿੱਖ ਨੂੰ ਸੰਵਾਰਨ ਦਾ ਰਾਹ ਨਿਰਧਾਰਤ ਹੋਇਆ ਹੈ। ਰਾਹ ਜੋ ਸਰਲ ਅਤੇ ਸਿੱਧਾ ਨਹੀਂ ਹੈ। ਸ਼ਰੇਣੀਆਂ ਵਿਚ ਵੰਡੇ ਸਮਾਜ ਦੀਆਂ ਵਿਰੋਧਤਾਈਆਂ ਦੀ ਸਮਝ, ਸੰਘਰਸ਼ ਦੁਆਰਾ ਅੱਗੇ ਲੈਕੇ ਜਾਂਦੀ ਹੈ। ਏਸੇ ਸਮਾਜ ਨੂੰ ਮੇਟਣ ਲਈ ਲਈ ਉੱਤਰ-ਆਧੁਨਿਕਤਾਵਾਦੀ ਭਰਮ-ਭੁਲੇਖਿਆਂ ਨੂੰ ਫੈਲਾਉਂਦੇ ਹਨ। ਕਹਿੰਦੇ ਹਨ, ਇਤਿਹਾਸ ਦਾ ਅੰਤ ਹੋ ਗਿਆ ਹੈ। ਸ਼ਰੇਣੀਆਂ ਦਾ ਅੰਤ ਹੋ ਗਿਆ ਹੈ, ਪੂੰਜੀਵਾਦ ਦਾ ਅੰਤ ਹੋ ਗਿਆ ਹੈ, ਜਮਾਂਤੀ ਵਿਰੋਧਤਾਈਆਂ ਖਤਮ ਹੋ ਗਈਆਂ ਹਨ ਅਤੇ ਸਭ ਤੋਂ ਉਪਰ ਜੋ ਗੱਲ ਅਸਲ ਵਿਚ ਕਹਿਣੀ ਚਾਹੁੰਦੇ ਹਨ ਕਿ ਸਮਾਜਵਾਦ ਦਾ ਅੰਤ ਹੋ ਗਿਆ ਹੈ। ਇਸ ਲਈ ਸੰਸਾਰ ਦੇ ਦਿਓਕੱਦ ਪੂੰਜੀ-ਵਾਦੀ ਬੁਧੀਜੀਵੀ ਪੁਸਤਕਾਂ ਤੇ ਪੁਸਤਕਾਂ ਲਿਖ ਰਹੇ ਹਨ। ਪਰੰਤੂ ਪੰਜਾਬੀ ਅਖਾਣਾਂ ਅਨੁਸਾਰ 'ਕਾਵਾਂ ਦੇ ਕਹੇ ਢੱਗੇ ਮਰਦੇ ਨਹੀਂ', 'ਕਬੂਤਰ ਦੇ ਅੱਖਾਂ ਮੀਟਿਆਂ ਬਿੱਲੀ ਅਲੋਪ ਨਹੀਂ ਹੋ ਜਾਂਦੀ'।

ਸੰਸਾਰ ਦੇ ਲੋਕਾਂ ਸਮਾਜਵਾਦ ਦੇ ਨਾਂ ਹੇਠ ਵਿਕਸ਼ਿਤ ਹੋਏ ਸੋਵੀਅਤ ਅਤੇ ਹੋਰਨਾਂ ਸਮਾਜ-



ਵਾਦੀ ਦੇਸ਼ਾਂ ਦੇ ਸਮਾਜ ਤੋਂ, ਜੋ ਸਬਕ ਪ੍ਰਾਪਤ ਕੀਤੇ ਹਨ ਉਹ ਭਵਿੱਖ ਲਈ ਸੇਧ ਦੇਣ ਵਿਚ ਕੰਮ ਆਉਣ ਵਾਲੇ ਹਨ। ਇਸ ਦਾ ਅਰਥ ਇਹ ਨਹੀਂ ਹੈ ਕਿ ਇਸ ਨਾਲ ਸਮਾਜਵਾਦ ਦਾ ਕੋਈ ਨਿਸ-ਚਤ ਚੌਖਟੇ ਵਿਚ ਚੱਲਣ ਦਾ ਕੋਈ ਨਿਸਚਤ ਨੁਸਖਾ ਬਣ ਗਿਆ ਹੈ। ਸਗੋਂ ਇਸ ਨਾਲ ਇਹ ਸਿੱਧ ਹੋਇਆ ਹੈ ਕਿ ਸਮਾਜ ਵਿੱਚ ਦੀਆਂ ਸੱਤਾ ਸੰਪੰਨ ਸ਼੍ਰੇਣੀਆਂ ਦੀ ਸੰਪਤੀ ਤੇ ਰਾਜ ਸੱਤਾ ਉਪਰ ਅਜਾਰੇਦਾਰੀ ਖਤਮ ਕਰਕੇ, ਪੈਦਾਵਾਰ ਦੇ ਸਾਧਨਾਂ ਨੂੰ ਆਮ ਵਿਸ਼ਾਲ ਜਨ-ਸਮੂਹ ਦੇ ਜੀਵਨ ਵਿਕਾਸ ਲਈ ਸੁਚੱਜੇ ਢੰਗ ਨਾਲ ਵਰਤਿਆ ਜਾ ਸਕਦਾ ਹੈ ਅਤੇ ਵੱਡੀ ਗੱਲ ਇਹ ਕਿ ਇਹ ਹਰ ਦੇਸ਼ ਦੀ ਆਂਪਣੀ ਸਥਿਤੀ ਅਨੁਸਾਰ ਤੇ ਪਰੰਪਰਾਵਾਂ ਅਨੁਸਾਰ ਅਮਲ ਵਿਚ ਲਿਆਂਦਾ ਜਾਣਾ ਹੈ। ਇਹ ਪ੍ਰਕਿਰਿਆ ਵਿਰੋਧ ਵਿਕਾਸੀ ਹੈ ਅਤੇ ਇਤਿਹਾਸਕ-ਪਦਾਰਥਿਕ ਸੰਦਰਭ ਵਿਚ ਹੀ ਵਿਕਸਤ ਹੋਣੀ ਹੈ। ਪੂੰਜੀਵਾਦੀ ਦੇਸ਼ਾਂ ਦੀਆਂ ਸਰਕਾਰਾਂ 'ਕੇਨਜ਼ੀਅਨ-ਵੈਲਫੇਅਰ' ਨੂੰ ਤਿਲਾਂਜਲੀ ਦੇ ਕੇ, ਆਪ ਦੇ ਦੇਸ਼ਾਂ ਨੇ ਮਜ਼ਦੂਰ ਵਰਗ ਤੇ ਮਧਵਰਗ ਵਲੋਂ ਇਸ ਦੇ ਤੀਬਰ ਵਿਰੋਧ ਲਈ, ਕੀਤੀਆਂ ਆਮ ਹੜ-ਤਾਲਾਂ ਦਾ ਜੇਕਰ ਸਾਹਮਣਾ ਕਰ ਰਹੀਆਂ ਹਨ ਤਾਂ ਸਾਬਕਾ ਸਮਾਜਵਾਦੀ ਲੋਕ ਸਭੇ ਸੁੱਖ-ਸਹੂਲਤਾਂ ਗੁਆ ਕੇ, ਪੂੰਜੀਵਾਦ ਦੀ ਬਹਾਲੀ ਨਾਲ ਪੇਸ਼ ਆ ਰਹੇ ਜਾਨ-ਲੇਵਾ ਸੰਕਟਾਂ ਨੂੰ ਕਿਵੇਂ ਚੁੱਪ ਧਾਰ ਕੇ ਬਰਦਾਸ਼ਤ ਕਰ ਸਕਦੇ ਹਨ। 1996-97 ਅਜਿਹੇ ਸੰਘਰਸ਼ਾ ਦੇ ਮੁੱਢ ਦੇ ਵਰ੍ਹੇ ਹਨ, ਜਿਹਨਾਂ ਭਵਿੱਖ ਵਿਚ ਹੋਰ ਵਿਕਰਾਲ ਰੂਪ ਧਾਰਨ ਕਰਨਾ ਹੈ। ਕੀ ਅਸੀਂ ਇਸ ਨੂੰ ਉੱਤਰ-ਆਧੁਨਿਕਤਾ ਦੇ ਵਿਰੋਧ ਵਜੋਂ ਜਾਂ ਸਿੱਟੇ ਵਜੋਂ ਜਾਂ ਭਵਿੱਖੀ ਪਰੀਵਰਤਨ ਵਜੋਂ ਸਮਝੀਏ ਜਾਂ ਪੂੰਜੀਵਾਦ ਦੇ ਸਪਾਟ ਸੰਕਟ ਵਜੋਂ ਦੇਖੀਏ?

ਸੂਚਨਾ-ਸਮਾਜ (ਇੰਨਫਰਮੇਸ਼ਨ ਸੁਸਾਇਟੀ) ਦੇ ਹੋਂਦ ਵਿਚ ਆ ਜਾਣ ਨਾਲ ਤੁਰੰਤ ਲਾਭ, ਅੱਜ ਦੀ ਘੜੀ, ਤਾਂ ਪੂੰਜੀਵਾਦੀ ਸ਼੍ਰੇਣੀ ਨੂੰ ਹੀ ਹੋਇਆ ਹੈ। 'ਸਟਾਕ ਐਕਸਚੇਂਜ' ਵਿੱਚ ਕਲਾ-ਬਾਜ਼ੀਆਂ ਦਾ ਖਿਲਵਾੜ, ਜਿਥੇ ਪੂੰਜੀਵਾਦ ਲਈ ਆਤਮਘਾਤੀ ਹੈ, ਉਥੇ ਜਨ-ਸਾਧਾਰਨ ਦੇ ਜੀਵਨ ਨੂੰ ਵੀ ਮਹਿੰਗਾਈ ਵਿਚ ਵਾਧੇ ਕਰਕੇ ਮੁਸ਼ਕਲਾਂ ਪੈਦਾ ਕਰ ਰਿਹਾ ਹੈ। ਇਥੇ ਗਿਆਨਵਾਨ ਕਾਮੇਂ ਪੂੰਜੀ ਪ੍ਰਬੰਧ ਦੇ ਸਿਰਫ਼ ਪੁਰਜ਼ਿਆਂ ਤੋਂ ਵੱਧ ਹੋਰ ਕੋਈ ਰੋਲ ਅਦਾ ਨਹੀਂ ਕਰ ਰਹੇ। ਦਸ ਸਾਲ ਪਹਿਲਾਂ 1989 ਦਾ 'ਮਾਰਕਾਟ ਕਰੈਸ਼' 1996-97 ਦੇ ਪੂਰਬ ਏਸ਼ੀਆ ਦੀਆਂ ਸਟਾਕ ਐਕਸ-ਚੇਂਜਾਂ ਦੇ ਮਿਨੀ-ਕਰੈਸ਼ (ਹਾਂਗਕਾਂਗ, ਮਲੇਸ਼ੀਆ) ਤਕ ਜਨਵਰੀ 1998 ਦਾ ਇੰਡੋਨੇਸ਼ੀਆ ਦਾ ਮੁਦਰਾ ਸੰਕਟ ਇਹ ਦਸਦੇ ਹਨ ਕਿ ਪੂੰਜੀਵਾਦੀ ਪ੍ਰਬੰਧ ਦੀ ਅਸਥਿਰਤਾ ਦੀ ਸਦੀਵਤਾ ਨੂੰ, ਉੱਤਰ ਆਧੁਨਿਕ ਸੂਚਨਾ ਸਮਾਜ ਦਾ ਨਾਂ ਦਿਤਿਆਂ ਵੀ, ਇਸ ਦੇ ਕਬਰਾ ਵੱਲ ਸਫਰ ਨੂੰ ਰੋਕਿਆ ਨਹੀਂ ਜਾ ਸਕਦਾ। ਇਸ ਪੱਖੋਂ, ਜੇਕਰ ਇਸ ਸਥਿਤੀ ਨੂੰ 'ਕਰਾਂਤੀਕਾਰੀ ਤਬਦੀਲੀ' ਮੰਨ ਲਈਏ, ਤਾਂ ਸ੍ਰੀ ਪ੍ਰੀਤਮ ਸਿੰਘ ਨੂੰ ਮੁੜਕੇ ਸੋਚਣਾ ਪਵੇਗਾ ਕਿ ਇਹ ਤਬਦੀਲੀ ਦਾ ਭਾਵ ਅਰਥ ਕੀ ਹੈ। ਅਸੱਲ ਵਿਚ ਸੂਚਨਾ-ਸਮਾਜ ਵੀ ਪੂੰਜੀਵਾਦੀ ਪ੍ਰਬੰਧ ਦੇ ਅੰਤਰਗਤ ਸਥਾਪਤ ਹੋ ਰਿਹਾ ਹੈ ਜੋ ਹਾਲ ਦੀ ਘੜੀ ਪੂੰਜੀਵਾਦ ਦੇ ਲਈ ਹੋਰ ਮੁਨਾਫਿਆਂ ਦੀ ਲਾਲਸਾ ਅਤੇ ਜਨ ਸਾਧਾਰਨ ਲਈ ਜੀਵਨ-ਨਿਘਾਰ ਦਾ ਸੰਯੋਗਕ ਬਣਦਾ ਹੈ। ਇਹੋ ਕਾਰਨ ਹੈ ਕਿ ਪਾਰ ਕੋਮੀ ਕਾਰਪੋਰੇਸ਼ਨਾਂ ਦੀਆਂ ਤੀਜੀ ਦੁਨੀਆਂ ਅਤੇ ਸਾਬਕਾ ਸਮਾਜਵਾਦੀ ਦੇਸ਼ਾਂ ਵੱਲ ਦੌੜਾਂ ਲੱਗੀਆਂ ਹੋਈਆ ਹਨ। ਨਹੀਂ ਤਾ ਯੂਰਪੀ ਯੂਨੀਅਨ ਹੋਂਦ ਵਿੱਚ ਕਿਉਂ ਆਉਂਦੀ? ਸਾਮਰਾਜੀ ਦੇਸ਼ਾਂ ਉਦਾਰੀਕਰਨ ਲਈ ਤੇ 'ਪ੍ਰਾਈਵੇਟਾਈਜ਼ੇਸ਼ਨ' ਲਈ ਕਿਉਂ ਦਬਾਓ ਪਾਉਂਦੇ? ਕਿਉਂ 'ਵਰਲਡ ਟਰੇਡ ਆਰਗਨਾਈਜ਼ੇਸ਼ਨ' ਦੇ ਜ਼ਾਬਤੇ ਨੂੰ ਪਾਰਕੌਮੀ

ਕਾਰਪੋਰੇਸ਼ਨ ਲਈ, ਦੇਸ਼ਾਂ ਦੀਆਂ ਆਰਥਿਕਤਾਵਾਂ ਨੂੰ ਲਪੇਟਣ ਲਈ ਸਹਿਜ ਬਣਾਉਂਦਾ ? ਕਿਉਂ ਬਿਨਾਂ ਕਾਰਨ ਨਾਟੋ ਦੀ ਹੋਂਦ ਤੇ ਵਿਸਤਾਰ ਦੀ ਲੋੜ, ਇਕ ਧਰੁਵੀ ਸੰਸਾਰ ਦੀ ਸਥਾਪਤੀ ਨੂੰ ਪੱਕਾ ਕਰਨ ਲਈ ਜ਼ਰੂਰੀ ਸਮਝੀ ਜਾ ਰਹੀ ਹੈ ? ਕਿਉਂ ਪ੍ਰਮਾਣੂ ਹਥਿਆਰਾਂ ਦੇ ਖਾਤਮੇ ਦੇ ਲਈ ਸਮਾਂ ਨਿਸਚਤ ਨਹੀਂ ਕੀਤਾ ਜਾ ਰਿਹੈ ? ਕਿਉਂ ਇਰਾਕ, ਈਰਾਨ, ਲਿਬੀਆ, ਕਿਊਬਾ, ਉੱਤਰੀ-ਕੋਰੀਆ ਆਦਿ ਵਿਰੁੱਧ ਨਾਕਾਬੰਦੀਆਂ ਜਾਰੀ ਹਨ ? ਇਹਨਾਂ ਸੁਆਲਾਂ ਦਾ ਉੱਤਰ, ਕੀ ਉੱਤਰ-ਆਧੁਨਿਕਤਾ-ਵਾਦ ਕੋਲ ਕੋਈ ਹੈ ਜਾਂ ਕਿ ਹੁਣ ਰਵਾਇਤੀ ਪੂੰਜੀਵਾਦ ਅਤੇ ਸਮਾਜਵਾਦ ਬੀਤੇ ਦੀ ਗੱਲ ਬਣ ਗਏ ਹਨ, ਇਹੋ ਰਹੱਸਮਈ ਭਰਾਂਤਿਕ ਦਿੱਵ-ਫੁਰਮਾਨ ਹੈ ?

ਕਿਸੇ ਸਮੇਂ ਸਮਾਜੀ ਜੀਵਨ ਨੇ ਤਰਾਸਦੀਆਂ ਦੀ ਮਾਰ ਹੇਠ, ਇਹ ਯਥਾਰਥ ਸੂਤਰ ਬੱਧ ਕੀਤਾ ਸੀ ਕਿ 'ਕੱਲੀ' ਹੋਵੇ ਨਾ ਵਣਾਂ ਦੇ ਵਿੱਚ ਲੱਕੜੀ, ਕੱਲਾ ਨਾ ਹੋਵੇ ਪੁੱਤ ਜੱਟ ਦਾ'। ਅੱਜ ਪੂੰਜੀਵਾਦੀ ਵਿਕਸਤ ਸਮਾਜ ਨੇ ਜੋ ਤਰਾਸਦੀ ਪੈਦਾ ਕੀਤੀ ਹੈ ਉਹ ਇਹ ਹੈ ਕਿ ਵਿਅਕਤੀ, ਸ਼ਹਿਰੀ ਭੀੜਾਂ, ਪੇਂਡੂ ਸੱਥਾਂ ਅਤੇ ਘਰਾਂ ਵਿੱਚ, ਪਰਵਾਰਾਂ ਵਿੱਚ ਵਿਚਰਦਾ ਹੋਇਆ ਵੀ ਇਕੱਲਾ ਮਹਿਸੂਸ ਕਰ ਰਿਹਾ ਹੈ। ਇਹ ਇਕੱਲਤਾ ਦਾ ਅਹਿਸਾਸ ਪੂੰਜੀਵਾਦੀ ਅਰਥ ਵਿਵਸਥਾ ਦਾ ਖਾਸਾ ਹੈ, ਜੋ ਆਪਣੀ ਹੋਂਦ ਨੂੰ ਕਾਇਮ ਰੱਖਣ ਲਈ ਦੂਜੇ ਨੂੰ ਨਿਗਲਣ ਲਈ ਮੂੰਹ ਅੱਡੀ ਖਲੋਤਾ ਹੈ। ਇਹ ਵਿਅਕਤੀਵਾਦ ਤੋਂ ਵੀ ਅੱਗੇ ਲੰਘ ਕੇ, ਬੇਬਸ, ਬੇਹਿੱਸ, ਹਾਰੇ ਹੋਏ, ਉਦਾਸ ਤੇ ਆਪਣੇ ਆਪ ਵਿਚ ਗੁਆਚੇ ਹੋਏ ਵਿਅਕਤੀ ਦੀ ਹੋਣੀ ਬਣ ਗਿਆ ਹੈ। ਕਾਰਲ ਮਾਰਕਸ ਨੇ ਪੂੰਜੀਵਾਦੀ ਸਮਾਜ ਦੀ ਖੋਜ ਕਰਦਿਆਂ ਇਸ ਸਥਿਤੀ ਨੂੰ ਲੱਭਿਆ ਸੀ। ਇਹ ਉਹਨਾਂ ਦੀਆਂ 1844 ਦੀਆਂ 'ਆਰਥਿਕ ਅਤੇ ਫਿਲਾਸਫ਼ੀ ਹੱਥ ਲਿਖਤਾਂ' ਵਜੋਂ ਜਾਣੀ ਜਾਂਦੀ ਪੁਸਤਕ ਵਿਚ ਸੁਵਿਧਥਾਰ ਦਰਜ ਹਨ। ਕੁਝ ਵਿਦਵਾਨਾਂ ਦਾ ਮੱਤ ਹੈ ਕਿ ਇਹ ਇਹਨਾਂ ਲਿਖਤਾ ਦਾ ਵਿਸ਼ਾ ਵਸਤੂ ਹੀ ਸੀ ਜੋ ਉਹਨਾਂ ਲਈ ਅਗੇ ਆਰਥਿਕ-ਰਾਜਨੀਤੀ ਅਤੇ ਸਮਾਜੀ ਵਿਕਾਸ ਦੀ ਖੋਜ ਦਾ ਆਧਾਰ ਬਣਿਆ। ਇਸ ਨੂੰ ਇਕੱਲਤਾ ਜਾਂ ਨਿਖੇੜੇ ਦੀ ਭਾਵਨਾ (ALIENATION) ਕਿਹਾ ਜਾਂਦਾ ਹੈ। ਮਨੁੱਖ ਆਪਣੀ ਮਨੁੱਖਤਾ ਤੋਂ ਨਿਖੜ ਕੇ ਪ੍ਰਕਿਰਤੀ ਨਾਲੋਂ ਵੀ ਅਲੱਗ ਥਲੱਗ ਹੋ ਗਿਆ ਹੈ। ਪ੍ਰਕਿਰਤੀ ਨਾਲੋਂ ਦੂਰ ਕੀਤੇ ਜਾਣ ਅਤੇ ਉਸਦੀ ਆਪਣੀ ਕਿਰਤ ਨਾਲੋਂ ਨਿਖੇੜਨ ਵਾਲਾ 'ਫਾਨਾ' ਪੂੰਜੀਵਾਦੀ ਅਰਥ ਵਿਵਸਥਾ ਦਾ ਸਮਾਜੀ ਪ੍ਰਬੰਧ ਹੈ। ਮਨੁਖ ਦੀ ਮਨੁੱਖਤਾ ਬਹਾਲ ਕਰਨ ਲਈ ਅਤੇ ਪ੍ਰਕਿਰਤੀ ਨਾਲ ਮੁੜ ਜੁੜ ਕੇ ਖੁਸ਼ੀ ਦੀ ਪ੍ਰਾਪਤੀ ਦਾ ਰਾਹ ਪੱਧਰਾ ਕਰਨ ਲਈ ਅਤੇ ਉਹ ਉਸਦੀ ਕਿਰਤ ਦਾ ਸੁਆਮੀ ਬਣਾਉਣ ਲਈ ਇਸ 'ਫਾਨੇ' ਨੂੰ ਕੱਢਣਾ ਲਾਜ਼ਮੀ ਹੈ। ਇਸ ਤੋਂ ਪਿਛੋਂ ਦੀ ਸਮਾਜੀ ਵਿਵਸਥਾ ਦਾ, ਜੋ ਮਰਜ਼ੀ ਨਾਂ ਧਰ ਲਓ, ਪ੍ਰੰਤੂ ਹਾਲ ਦੀ ਘੜੀ ਤਾਂ ਉਸ ਨੂੰ ਸਮਾਜਵਾਦ ਹੀ ਕਿਹਾ ਜਾਵੇਗਾ।

ਅੱਜ ਦਾ ਵਿਅਕਤੀ ਇਸ ਲਈ ਸੁਆਰਥੀ ਬਣ ਗਿਆ ਹੈ ਕਿ ਉਸ ਨੂੰ ਆਪਣੀ ਹੋਂਦ ਕਾਇਮ ਰੱਖਣ ਲਈ ਕੋਈ ਰਾਹ ਨਹੀਂ ਰਹਿ ਗਿਆ ਹੈ। ਜੇ ਉਹ ਕਿਸਾਨ ਹੈ, ਮਜ਼ਦੂਰ ਹੈ ਜਾਂ ਮੁਲਾਜ਼ਮ ਹੈ, ਉਹ ਜੋ ਕਮਾਉਂਦਾ ਹੈ ਉਸ ਦੇ ਕੋਲ ਨਹੀਂ ਰਹਿੰਦਾ। ਉਸ ਦੇ ਉਤਪਾਦਨ ਨੂੰ ਪੂੰਜੀ ਦਾ ਮੰਡੀ ਪ੍ਰਬੰਧ ਸਮੇਟ ਲੈਂਦਾ ਹੈ। ਉਸ ਦੇ ਸੇਵਾ-ਫਲ ਨਾਲ ਜੀਵਨ ਲੋੜਾਂ ਵੀ ਪੂਰੀਆਂ ਨਹੀਂ ਹੁੰਦੀਆਂ। ਨਵੀਂ ਕੰਪਿਊਟਰੀ-ਇਲੈਕਟਰੋਨਿਕ ਟੈਕਨਾਲੋਜੀ ਵਧ ਰਹੀ ਆਬਾਦੀ ਲਈ ਰੁਜ਼ਗਾਰ ਦੇ ਮੌਕੇ ਹੋਰ ਹੋਰ ਖੋਹੰਦੀ ਜਾ ਰਹੀ ਹੈ। ਜਿਸ ਦੇ ਸਿੱਟੇ ਵਜੋਂ, ਚੋਰੀਆਂ, ਲੁੱਟਾਂ, ਡਾਕੇ, ਕਤਲਾਂ, ਆਤਮ ਹੱਤਿਆਵਾਂ (ਆਂਧਰਾ ਦੇ ਕਿਸਾਨਾਂ ਦੀਆਂ ਜਨਵਰੀ 1988 ਦੀਆਂ ਆਤਮ ਹੱਤਿਆਵਾਂ) ਅੰਤੇ ਮਾਨਸਿਕ ਤੇ ਸਰੀਰਕ ਬੀਮਾਰੀਆਂ (ਬਲੱਡ ਪ੍ਰੈਸ਼ਰ, ਦਿਲ ਦੇ ਰੋਗ ਆਦਿ) ਪੂੰਜੀਵਾਦੀ



ਪ੍ਰਬੰਧ ਦੀ ਮਾਨਵਤਾ ਨੂੰ ਦੇਣ ਹੈ। ਪੱਛਮੀ ਪੂੰਜੀਵਾਦੀ ਦੇਸ਼ਾਂ ਵਿਚ ਪੂੰਜੀਵਾਦ ਦੇ ਵਿਕਾਸ ਦੇ ਲੰਮੇ ਸਮੇਂ ਦੇ ਅੰਤ ਉਪਰ ਇਹ ਸਥਿਤੀ ਪੈਦਾ ਹੋਈ ਸੀ, ਪ੍ਰੰਤੂ ਤੀਜੀ ਦੁਨੀਆਂ, ਖਾਸ ਕਰਕੇ ਭਾਰਤੀ ਉਪਮਹਾਂਦੀਪ ਵਿੱਚ ਤਾਂ ਇਹ ਪੂੰਜੀਵਾਦ ਦੇ ਪਾਸਾਰ ਦੇ ਮੁੱਢ ਵਿਚ ਹੀ ਆਮ ਹੁੰਦੇ ਜਾ ਰਹੇ ਹਨ। ਇਹ 'ਮਹਾਂ-ਤਰਾਸਦਿਕ ਉੱਤਰ-ਆਧੁਨਿਕ ਸਥਿਤੀ ਵਿਅਕਤੀ ਦੇ ਇਸ ਇਕੱਲਤਾ ਦੇ ਰੋਗ ਦਾ ਇਲਾਜ ਧਰਮ ਸਥਾਨਾ ਦੀਆਂ ਯਾਤਰਾਵਾਂ, ਪਾਠਾਂ, ਕੀਰਤਨ ਦੀਵਾਨਾਂ, ਕਥਾ ਸਮਾਗਮਾਂ ਆਦਿ ਦਾ ਆਯੋਜਨ ਕਰਕੇ ਕਰ ਰਹੀ ਹੈ। ਪੱਛਮ ਵਿੱਚ ਧਰਮ ਤੀਰਥਾਂ ਦੀ ਬੜੀ ਥੁੜ ਹੈ ਇਸ ਲਈ ਉਥੇ ਇਸ ਦਾ ਦੂਜਾ ਰੂਪ ਸੰਸਾਰ ਭਰਮਣ ਦੀਆਂ ਯਾਤਰਾਵਾਂ ਦੇ ਰੂਪ ਵਿੱਚ ਕਰਕੇ ਕੀਤਾ ਜਾਂਦਾ ਹੈ। ਹੁਣ ਕਿਸੇ ਨੂੰ 'ਛੱਜੂ ਦਾ ਚੁਬਾਰਾ' ਸੁਰੱਖਿਅਤ ਨਹੀਂ ਜਾਪਦਾ। ਹਰ ਕੋਈ ਬਦੇਸ਼ਾਂ ਨੂੰ ਰੁਜ਼ਗਾਰ ਦੀ ਭਾਲ ਵਿਚ ਦੌੜ ਰਿਹਾ ਹੈ, ਜਹਾਜ਼ ਹਾਦਸਿਆਂ ਤੇ ਸਮੁੰਦਰਾਂ ਵਿਚ ਜਾਨਾਂ ਜਾ ਰਹੀਆ ਹਨ। ਨਿਸਚੇ ਹੀ ਇਹ ਉੱਤਰ-ਆਧੁਨਿਕ 'ਕਰਾਂਤੀਕਾਰੀ ਤਬਦੀਲੀ' ਸਮਾਜ ਦ ਨਿਘਾਰ ਵੱਲ ਲੈ ਤੁਰੀ ਹੈ ਅਤੇ ਇਸ ਦਾ ਲੁਕਮਾ ਮਨੁਖ-ਹੋਂਦ ਹੀ ਨਾ ਬਣ ਜਾਵੇ, ਇਸ ਲਈ ਵਿਰੋਧ ਵਜੋਂ ਪ੍ਰਕਿਰਤੀ ਦੀ ਰੱਖਿਆ ਈ ਵਾਤਾਵਰਨ ਸ਼ੁੱਧੀ ਦੀ ਲਹਿਰ, ਪ੍ਰਦੂਸ਼ਨ ਨਿਵਾਰਨ ਜਾਂ ਕੰਟਰੋਲ ਸੰਸਥਾਵਾਂ ਆਦਿ ਇਕ ਮੁੱਢਲਾ ਯਤਨ ਹਨ।

ਸਾਹਿਤ, ਜੋ ਸਮਾਜ ਦਾ ਦਰਪਨ ਹੁੰਦਾ ਹੈ, ਦੇ ਸਿਰਜਕ ਸਾਹਿਤਕਾਰ ਲਈ ਇਹੋ ਕਾਫ਼ੀ ਨਹੀਂ ਕਿ ਉਹ ਇਸ ਭਿਆਨਕ ਸਥਿਤੀ ਵਿਚ ਫਸੇ ਮਾਨਵ ਦੀ, ਵੱਖੋ ਵੱਖ ਵਿਧਾਵਾਂ ਦੁਆਰਾ, ਭਾਂਤ ਸੁਭਾਂਤੀਆਂ ਸ਼ੈਲੀਆਂ ਸਿਰਜ ਕੇ ਵਿਆਖਿਆ ਕਰਦਾ ਤੁਰਿਆ ਜਾਵੇ ਅਤੇ ਤਿੱਫਲ ਤਸੱਲੀਆਂ ਦੇ ਕੇ ਝੂਠੇ ਢਾਰਸ ਬੰਨ੍ਹਾਵੇ ਕਿ ਹੁਣ ਉੱਤਰ-ਆਧੁਨਿਕਤਾ ਦਾ ਯੁਗ ਆ ਗਿਆ ਹੈ, ਹੁਣ ਚਿੰਤਾ ਦੀ ਲੋੜ ਨਹੀਂ ਹੈ, ਕਿ ਕੰਪਿਊਟਰ ਨਾਲ ਸੰਬੰਧਿਤ ਅਨੇਕਾਂ ਕਾਰਜਾਂ ਨਾਲ ਜੁੜ ਕੇ ਤੁਸੀਂ ਗਿਆਨਵਾਦੀ ਕਾਮੇਂ ਬਣ ਜਾਣਾ ਹੈ ਤੇ ਕਰੋੜਾਂ ਪਤੀ ਬਣ ਜਾਣਾ ਹੈ; ਸਮਾਜਵਾਦ ਫੇਲ ਹੋ ਗਿਆ ਹੈ। 'ਰਵਾ-ਇਤੀ ਪੂੰਜੀਵਾਦ' ਤਾਂ ਬੀਤੇ ਦੀ ਗੱਲ ਬਣ ਜਾਣਾ ਹੈ ਆਦਿ। ਸਾਹਿਤਕਾਰ ਨੂੰ ਚਾਹੀਦਾ ਹੈ, ਕਿ ਭਵਿੱਖ ਦੀ ਚਾਪ ਸੁਣਨ ਲਈ ਆਪਣਾ ਕੰਨ, ਸਮਾਜੀ ਰੇਲ ਗੱਡੀ ਦੀ ਲੀਹ ਨਾਲ ਜੋੜੇ, ਕੰਨ ਖੋਹਲਕੇ ਆਪਣੇ ਆਲੇ ਦੁਆਲੇ ਪੂੰਜੀਵਾਦੀ ਸਮਾਜੀ ਪ੍ਰਬੰਧ ਦੇ ਦੁਖੀ ਕੀਤੇ, ਸਤਾਏ ਮਾਨਵ ਦੀ ਚੀਕ-ਪੁਕਾਰ, ਰੋਣੇ-ਕੀਰਨੇ, ਖੌਰੂ ਆਦਿ ਨੂੰ ਦੇਖੇ-ਸੁਣੇ। ਨਪੀੜੇ ਮਾਨਵ ਨੂੰ ਇਕੱਠੇ ਹੋ ਕੇ ਜਥੇਬੰਦਕ ਰੂਪ ਵਿਚ, ਇਸ ਸਥਿਤੀ ਨੂੰ ਪੈਦਾ ਕਰਨ ਵਾਲਿਆਂ ਨਾਲ ਟੱਕਰਨ ਲਈ ਸੁਚੇਤ ਕਰੇ। ਪਾਠਕ ਨੂੰ ਪੂੰਜੀਵਾਦੀ ਪ੍ਰਬੰਧ ਵਿਚੋਂ ਉਪਜੀਆਂ ਮੁਸਕਲਾਂ ਵਿਚ ਹੋਰ ਉਲਝਾਉਣ ਲਈ ਉੱਤਰ-ਆਧੁਨਿਕਤਾ ਵਰਗੇ ਭਰਮ-ਭਰੋਸੇ ਨਹੀਂ ਪਰੋਸਣੇ ਚਾਹੀਦੇ। ਬੇਸ਼ੱਕ ਸਾਹਿਤਕਾਰ ਦਾ ਇਹ ਕਾਰਜ ਨਹੀਂ ਹੈ ਕਿ ਉਹ ਕੋਈ ਵਿਸ਼ੇਸ਼ ਨਿਰਦੇਸ਼ਨ ਦੇਵੇ। ਪ੍ਰੰਤੂ ਉਸ ਦੀ ਰਚਨਾ ਪਾਠਕ ਨੂੰ ਇਸ ਯੋਗ ਬਣਨ ਵਿਚ ਸਹਾਈ ਜ਼ਰੂਰ ਹੋਣੀ ਚਾਹੀਦੀ ਹੈ ਕਿ ਉਹ ਇਹ ਸਮਝ ਸਕੇ ਕਿ ਉਹ ਇਸ ਉਪਭੋਗਤਾ ਸਮਾਜ ਵਿਚ, ਖੁਦ ਕੋਈ ਭੋਗੀ ਜਾਣ ਵਾਲੀ ਵਸਤੂ ਨਹੀਂ ਹੈ, ਜਿਸਨੂੰ ਕਿ ਅੱਜ ਉਸ ਨੂੰ ਇਕ ਵਸਤੂ ਬਣਾ ਦਿੱਤਾ ਹੈ। ਸਗੋਂ ਉਹ ਸਮੁੱਚੇ ਪਦਾਰਥਿਕ ਜਗਤ ਦਾ ਸੁਆਮੀ ਹੈ। ਸਮਾਜ ਵਿਚ ਵਰਤੀ ਜਾਣ ਵਾਲੀ ਹਰ ਵਸਤੂ ਉਸਦੀ ਕਿਰਤ ਹੈ। ਜਿਸ ਸਮਾਜੀ ਪ੍ਰਬੰਧ ਨੇ ਉਸ ਨੂੰ ਪ੍ਰਬੰਧ ਦਾ ਪੁਰਜ਼ਾ ਜਾਂ ਵਸਤੂ ਬਣਾ ਦਿੱਤਾ ਹੈ, ਉਸ ਪ੍ਰਬੰਧ ਨੂੰ ਪਛਾਣ ਕੇ ਉਸ ਵਿਚ 'ਕਰਾਂਤੀਕਾਰੀ ਤਬਦੀਲੀ' ਲਿਆਉਣ ਲਈ ਉਸ ਨੂੰ ਲਹੂ ਵੀਟਵਾਂ ਸੰਘਰਸ਼ ਕਰਨ ਤੋਂ ਬਿਨਾ ਕੋਈ ਚਾਰਾ ਨਹੀਂ ਹੈ। ਇਸ ਤੋਂ ਬਿਨਾਂ ਵਿਅ-

ਕਤੀ ਆਪਣੀ ਕਿਰਤ ਨੂੰ ਜੀਵਨ ਵਿਚ ਵਰਤਦਾ ਹੋਇਆ ਵੀ ਅੰਤ ਉਪਜਾਉਂਦਾ ਹੋਇਆ ਵੀ, ਅਨੰਦ ਮਾਣ ਸਕੇ ਜਿਵੇਂ ਛੱਜ ਘਾੜੇ ਛੱਜ ਬਣਾਉਂਦੇ ਹੋਏ ਮਸਤੀ ਵਿਚ ਗੀਤ ਗਾਉਂਦੇ ਹੁੰਦੇ ਹਨ । ਉਹ ਕਿਰਤ ਕਰਦੇ ਹੋਏ ਤੇ ਉਸ ਨੂੰ ਵੇਚਕੇ ਖੁਸ਼ੀ ਮਹਿਸੂਸ ਕਰਦੇ ਹਨ ਕਿਉਂਕਿ ਉਹ ਆਪਣੀ ਕਿਰਤ ਦੇ ਪੂਰਨ ਸੁਆਮੀ ਹੁੰਦੇ ਹਨ । ਜੇਕਰ ਅਜੋਕਾ ਵਿਗਿਆਨਿਕ ਵਿਕਾਸ ਮਨੁੱਖਤਾ ਦੇ ਕੰਟਰੋਲ ਵਿਚ ਨਹੀਂ ਰਹਿੰਦਾ ਸਗੋਂ ਸਮਾਜ ਦੀ ਪੂੰਜੀਪਤੀ ਜਮਾਤ ਤੇ ਉਨ੍ਹਾਂ ਦੀ ਰਾਜਸੱਤਾ ਦੇ ਕੰਟਰੋਲ ਵਿਚ ਹੈ ਅਤੇ ਉਹ ਮਨੁੱਖ ਨੂੰ ਇਕ ਪੁਰਜ਼ਾ ਬਣਨ ਤੱਕ ਡੇਗ ਰਿਹਾ ਹੈ, ਉਸ ਦੀ ਹੋਂਦ ਨੂੰ ਨਕਾਰਦਾ ਹੈ । ਇਸ ਸਥਿਤੀ ਨੂੰ ਮਨੁੱਖਤਾ ਦੇ ਹਿੱਤਾਂ ਵਿਚ ਬਦਲਣ ਲਈ ਜਮਾਤੀ ਸੰਘਰਸ਼ ਦੀ ਚੇਤਨਾ ਨੂੰ ਪੈਦਾ ਕਰਨ ਵਿਚ ਸਾਹਿਤਕਾਰ ਦੀ ਅੱਜ ਵਿਸ਼ੇਸ਼ ਡਿਊਟੀ ਬਣਦੀ ਹੈ । ਜੇਕਰ ਸਾਹਿਤਕਾਰ ਅਥਵਾ ਬੁੱਧੀਜੀਵੀ ਨਵੀਆਂ ਸਾਹਿਤਕ ਧਾਰਵਾਂ ਸਿਰਜ ਕੇ ਪਾਠਕ ਦੀ ਚੇਤਨਾ ਨੂੰ ਗ੍ਰਹਿਣਦੇ ਹਨ ਤਾਂ ਉਹ ਨਿਸਚੇ ਹੀ ਮਾਨਵ ਦੁਸ਼ਮਣਾਂ ਦੀ ਕਤਾਰ ਵਿਚ ਹੀ ਆਉਂਦੇ ਹਨ । ਉੱਤਰ-ਆਧੁਨਿਕਤਾ ਦੀ ਸ਼ੈਲੀ ਦਾ ਸਾਹਿਤ ਇਸ ਦਾ ਨਵਾਂ ਰੂਪ ਹੈ । ਸਾਡੇ ਯੁੱਗ ਦੇ ਸਾਹਿਤ ਸਿਰਜਕਾਂ ਜ਼ਿੰਮੇ ਇਹ ਵੱਡੀ ਜ਼ਿੰਮੇਦਾਰੀ ਆਉਂਦੀ ਹੈ ਕਿ ਉਹ ਪਾਠਕ ਨੂੰ ਇਸ ਯੋਗ ਬਣਾਉਣ ਕਿ ਉਹ ਪ੍ਰਕਿਰਤੀ, ਸਮਾਜ ਅਤੇ ਪਦਾਰਥਿਕ ਵਿਕਾਸ ਨਾਲ ਮਨੁੱਖ ਦੀ ਇਕਸੁਰਤਾ ਨੂੰ ਜੋੜ ਕੇ, ਇਸ ਸਮਰੱਥ ਬਣਾਉਣ ਕਿ ਉਸ ਨੂੰ ਪ੍ਰਕਿਰਤੀ, ਸਮਾਜ ਤੇ ਪਦਾਰਥਿਕ ਜਕੜ ਨਾਲੋਂ ਤੋੜਨ ਵਾਲੀਆਂ ਵਿਚਾਰਧਾਰਾਵਾਂ —ਰਹੱਸਵਾਦ, ਪੂੰਜੀਵਾਦ, ਉੱਤਰ-ਆਧੁਨਿਕਤਾਵਾਦ ਅਤੇ ਇਹਨਾਂ ਦੇ ਨਾਲ ਸੰਬੰਧਿਤ ਰੁਝਾਵਾਂ ਜਿਵੇਂ ਉਦਾਸੀਨਤਾ, ਅੰਤਰਮੁਖਤਾ, ਮਿਥਿਆਵਾਦ, ਛਿੰਣਭੰਗਰਵਾਦ, ਇਕੱਲਤਾ ਆਦਿ ਨੂੰ ਸਮਝ ਕੇ ਰੱਦ ਕਰਨ ਦੇ ਸਮਰਥ ਬਣਨ ਵਿਚ ਸਹਾਈ ਹੋ ਸਕਦਾ ਹੋਵੇ । ਉੱਤਰ-ਆਧੁਨਿਕਤਾਵਾਦ ਦਾ ਸਾਰਾ ਜ਼ੋਰ ਇਸ ਧਾਰਨਾ ਉਪਰ ਹੈ ਕਿ ਸਮਾਜ ਵਿਚ ਜਮਾਤਾਂ ਦੀ ਹੋਂਦ ਦੇ ਤੱਥ ਨੂੰ ਗੌਣ ਬਣਾਇਆ ਜਾਵੇ, ਇਥੋਂ ਤੱਕ ਕਿ ਇਸ ਦੀ ਹੋਂਦ ਤੋਂ ਅੱਖਾਂ ਮੀਟੀਆਂ ਜਾਣ ਤਾਂ ਜੋ ਜਮਾਤੀ ਵਿਰੋਧਤਾਈਆਂ ਨੂੰ ਸਮਝਣ ਦੀ ਸੂਝ ਉਪਰ ਪਰਦਾ ਪਾਇਆ ਜਾਵੇ । ਇਸ ਤਰ੍ਹਾਂ ਉਹ ਜਮਾਤੀ ਵਿਰੋਧਤਾਈਆਂ ਨੂੰ ਅਣਡਿੱਠ ਕਰਕੇ ਜਮਾਤੀ ਸੰਘਰਸ਼ ਦੀ ਸਮਾਜੀ ਪ੍ਰਕਿਰਤੀ ਦੇ ਅਮਲ ਨੂੰ, ਅਲੋਪ ਹੋਇਆ ਦੇਖਣ ਦੀ ਫਜ਼ੂਲ ਇੱਛਾ ਦੀ ਪੂਰਤੀ ਲੋਚਦੇ ਹਨ । ਪ੍ਰੰਤੂ ਇਹ ਇੱਛਾ ਦਾ ਪ੍ਰਕਿਰਤੀ ਦੇ ਨਿਯਮਾਂ ਦੇ ਉਲਟ ਹੈ ਜੋ ਸਮਾਜ ਦੇ ਹੋਂਦ ਵਿਚ ਆਉਣ ਵੇਲੇ ਦੇ ਸਮੇਂ ਤੋਂ ਲੈ ਕੇ, ਸਮਾਜ ਦੇ ਵਿਕਾਸ ਦੀ ਮੁੱਖ ਚਾਲਕ ਸ਼ਕਤੀ ਹੈ । ਇਸ ਦਾ ਭਾਵ ਇਹ ਹੈ ਕਿ ਉੱਤਰ-ਆਧੁਨਿਕਤਾਵਾਦ ਸਮਾਜ ਦੇ ਵਿਕਾਸ ਨੂੰ ਰੋਕਣਾ ਲੋਚਦਾ ਹੈ । ਹਾਂ, ਇਸ ਵਿਚ ਇਹ ਮੰਨਣਾ ਜ਼ਰੂਰ ਪਵੇਗਾ ਕਿ ਪਦਾਰਥਿਕ ਜਗਤ ਦੇ ਅਜੋਕੇ ਵਿਪਾਰਕ ਜਟਲ ਵਿਸ਼ਵ-ਪ੍ਰਬੰਧ ਉਪਰ ਪਾਰ ਕੌਮੀ ਕਾਰਪੋਰੇਸ਼ਨ ਦਾ ਦਿਨ-ਬ-ਦਿਨ ਮਜ਼ਬੂਤ ਹੋ ਰਿਹਾ ਸ਼ਕੰਜਾ, ਸਮਾਜੀ ਤਬਦੀਲੀ ਵਿਚ ਕਰਾਂਤੀਕਾਰੀ ਅਮਲ ਨੂੰ ਆਰਜ਼ੀ ਤੌਰ ਉਪਰ ਮੱਠਾ ਪਾ ਦੇਵੇ, ਪ੍ਰੰਤੂ ਜਮਾਤੀ ਸੰਘਰਸ਼ ਦੇ ਅਮਲ ਨੂੰ ਰੋਕ ਨਹੀਂ ਸਕਦਾ । ਹੇਠਲਾ ਪੱਧਰ ਉੱਪਰ ਜਮਾਤੀ ਸੰਘਰਸ਼ ਦੀ ਪ੍ਰਕਿਰਿਆ ਤਾਂ ਲਗਾਤਾਰ ਜਾਰੀ ਹੈ । ਬਹੁਤ ਥਾਵਾਂ ਉਪਰ ਉਹ ਉਭਰਵੇਂ ਤੌਰ ਉਪਰ, ਖੰਡਤ ਰੂਪ ਵਿਚ ਜ਼ਾਹਰ ਵੀ ਹੁੰਦੀ ਹੈ । ਖੰਡਤ ਤੋਂ ਮੇਰਾ ਭਾਵ ਇਹ ਕਿ ਕੌਮ ਵਿਆਪੀ ਪੱਧਰ ਦੀ ਥਾਂ ਉਪਰ ਸੂਬਾਈ ਪੱਧਰ ਉਪਰ ਜਾ ਇਸ ਤੋਂ ਵੀ ਹਠਾਂ ਜ਼ਿਲੇ ਪੱਧਰ ਉਪਰ ਉਹ ਵੀ ਵਿਭਾਗੀ ਪੱਧਰ ਉਪਰ ਹੀ ਲਗਾਤਾਰ ਸੰਘਰਸ਼ ਜਾਰੀ ਹਨ । ਇਸ ਤੋਂ ਕੋਈ ਦੇਸ਼ ਵੀ, ਸਮੇਤ ਪਾਰ ਕੌਮੀ ਕਾਰਪੋਰੇਸ਼ਨਾਂ ਦੇ ਘਰ ਅਮਰੀਕਾ ਆਦਿ ਵੀ ਬਚੇ ਹੋਏ ਨਹੀਂ ਹਨ ।



ਨਿਰਸੰਦੇਹ ਅਜੋਕੇ ਮਹਾਂ ਨਗਰੀ ਸਾਹਿਤ ਵਿਚ ਉੱਤਰ-ਆਧੁਨਿਕਤਾਵਾਦੀ ਸਾਹਿਤ ਦੀ ਸਿਰਜਣਾ ਹੋਣੀ ਸ਼ੁਰੂ ਹੋ ਰਹੀ ਹੈ । ਉੱਤਰ-ਆਧੁਨਿਕਤਾ ਦੇ ਸਮਰਥਕ ਅਲੋਚਕ ਅਤੇ ਸਮਾਜੀ ਵਿਕਾਸ ਦੀ ਵਿਚਾਰਧਾਰਾ ਦੇ ਜਾਗਰੂਪ ਅਲੋਚਕ ਵਿਦਵਾਨਾਂ ਦਾ, ਸਾਡੇ ਦੇਸ਼ ਦੀ ਰਾਜਧਾਨੀ ਤੋਂ ਵਿਚਾਰਧਾਰਕ ਵਿਵਾਦ ਆਰੰਭ ਹੋ ਕੇ, ਸੂਬਿਆਂ ਦੀ ਰਾਜਧਾਨੀਆਂ ਅਤੇ ਕੌਮੀ ਭਾਸ਼ਾਵਾਂ ਵਿਚ ਪ੍ਰਕਾਸ਼ਤ ਹੋਣਾ ਸ਼ੁਰੂ ਹੋ ਰਿਹਾ ਹੈ । ਸ਼ਕਤੀਸ਼ਾਲੀ ਪਾਰਕੌਮੀ ਕਾਰਪੋਰੇਸ਼ਨਾਂ ਦੇ 'ਗਿਆਨਵਾਨ ਕਾਮਿਆਂ' ਦਾ ਸਿਰਜਿਆ ਉਪਭੋਗਤਾ ਸੱਭਿਆਚਾਰ ਜੋ ਵਿਅਕਤੀ ਨੂੰ ਵੀ 'ਵਸਤੂ' ਵਿਚ ਬਦਲ ਰਿਹਾ ਹੈ, ਦੇ ਪ੍ਰਭਾਵਾਂ ਤੋਂ ਪ੍ਰਭਾਵਤ ਹੋਣਾ ਲਾਜ਼ਮੀ ਹੈ । ਸ਼ਹਿਰਾਂ ਵਿਚ ਇਸ ਦਾ ਪ੍ਰਭਾਵ ਵਧੇਰੇ ਹੈ ਤੇ ਇਸ ਪ੍ਰਭਾਵ ਦਾ ਮੁਹਾਣ ਪਿੰਡ ਵਿਚ ਨੌਜੁਆਨ ਪੀੜ੍ਹੀ ਉਪਰ ਵਿਸ਼ੇਸ਼ ਕਰਕੇ ਅਤੇ ਪੇਂਡੂ ਗਰੀਬ ਕਿਸਾਨਾਂ ਅਤੇ ਖੇਤ ਮਜ਼ਦੂਰਾਂ ਦੇ ਸੋਚਣ ਢੰਗ ਅਤੇ ਵਿਵਹਾਰ ਵਿਚ ਵੀ ਨਜ਼ਰ ਆਉਣ ਲੱਗਿਆਂ ਹੈ । (ਇਥੇ ਇਹ ਗੱਲ ਧਿਆਨ ਵਿਚ ਰੱਖਣ ਦੀ ਲੋੜ ਹੈ ਕਿ ਇਹ ਉੱਤਰ-ਆਧੁਨਿਕਤਾਵਾਦ ਆਪਣੇ ਆਪ ਵਿਚ ਪੂੰਜੀਵਾਦ ਦਾ ਨਵੇਂ ਇਲੈਕਟਰੋਨਿਕ ਕੰਪਿਊਟਰੀ ਸਮਾਜੀ ਪ੍ਰਬੰਧ ਦੇ ਨਵੇਂ ਰੂਪ ਤੋਂ ਬਿਨਾਂ, ਆਪਣੇ ਆਪ ਵਿਚ ਹੋਰ ਕੁਝ ਵੀ ਨਹੀਂ ਹੈ । ਕਿਉਂਕਿ ਇਸ ਨੂੰ, ਇਸ ਦੇ ਵਿਦਵਾਨਾਂ ਦੀਆਂ ਸ਼ਾਬਦਿਕ ਕਲਾਬਾਜ਼ੀਆਂ, ਪੂੰਜੀਵਾਦੀ ਸੰਬੰਧਾਂ ਵਿਚ ਕੋਈ ਪ੍ਰੀਵਰਤਨ ਨਹੀਂ ਲਿਆਉਂਦੀਆਂ । ਸੋ ਸਮਾਜ ਦੀ ਜਮਾਤੀ ਬਣਤਰ ਤੇ ਬੁਣਤਰ ਅਤੇ ਜਮਾਤੀ ਵਿਰੋਧਤਾਈਆਂ ਕਾਇਮ ਰਹਿੰਦੀਆਂ ਹਨ ।) ਅਜਿਹੀ ਸਥਿਤੀ ਵਿਚ ਪੂੰਜੀਵਾਦ ਦੇ ਸਮਰਥਕ ਬੁਧੀਜੀਵੀ-ਅਲੋਚਕ ਸਾਧਾਰਨ ਸਾਹਿਤਕਾਰ ਨੂੰ ਪ੍ਰਭਾਵਤ ਕਰਨ ਵਿਚ ਅਨੇਕਾਂ ਬੌਧਿਕ ਜਾਲ ਵਿਛਾ ਰਹੇ ਹਨ । ਇਹਨਾਂ ਜਾਲਾਂ ਵਿਚ ਆਮ ਲੇਖਕ ਫਸ ਜਾਵੇ, ਐਨ ਮੁਮਕਿਨ ਹੈ । ਵੈਸੇ ਵੀ ਲੇਖਕ ਨੇ ਆਪਣਾ ਅਨੁਭਵ ਸਮਾਜ ਤੋਂ ਹੀ ਗ੍ਰਹਿਣ ਕਰਨਾ ਹੁੰਦਾ ਹੈ । ਪ੍ਰੰਤੂ ਆਮ ਜਨ ਸਾਧਾਰਨ ਅਤੇ ਲੇਖਕ ਵਿਚ ਅਨੁਭਵ ਦਾ ਫਰਕ ਹੁੰਦਾ ਹੈ । ਜੇਕਰ ਲੇਖਕ ਅਨੁਭਵ ਰਹਿਤ ਹੋ ਕੇ, ਜਨਸਾਧਾਰਨ ਦੇ ਵਾਂਗ ਹੀ ਵਿਚਾਰ ਪ੍ਰਗਟ ਕਰਨ ਲਗਦਾ ਹੈ ਤਾਂ ਉਸ ਦਾ ਜਨ ਸਾਧਾਰਨ ਨਾਲੋਂ ਫਰਕ ਮਿਟ ਜਾਂਦਾ ਹੈ । ਫਿਰ ਉਹ ਲਿਖਣ ਪ੍ਰਕਿਰਿਆ ਵਿਚ ਸਿਰਜਣਾ ਕਰਦਾ ਹੋਇਆ ਵੀ, ਇਕ ਜਨਸਾਧਾਰਨ ਦੀ ਇਕ ਫੋਟੋ ਸਟੇਟ ਬਣ ਕੇ ਰਹਿ ਜਾਂਦਾ ਹੈ । ਉੱਤਰ-ਆਧੁਨਿਕਤਾਵਾਦੀ ਬੁੱਧੀਜੀਵੀਆਂ ਦਾ ਇਹੋ ਯਤਨ ਹੈ ਕਿ ਉਹ ਆਪਣੇ ਅਲੋਚਨਾ ਦੇ ਅੰਕਸ ਦੁਆਰਾ ਲੇਖਕ ਜਨਸਾਧਾਰਨ ਦੀ ਜਾਂ ਕਹੋ ਪ੍ਰਾਪਤ ਉਪਭੋਗਤਾ ਸਮਾਜ ਦੀ, ਇਕ ਫੋਟੋ ਸਟੇਟ ਬਣ ਕੇ ਰਹਿ ਜਾਵੇ । ਸਾਹਿਤਕਾਰ ਆਪਣੀ ਸਿਰਜਣਾ ਨੂੰ ਤਦ ਹੀ ਭਾਵ ਪੂਰਤ ਬਣਾਉਣ ਵਿਚ ਸਫ਼ਲ ਹੋਵੇਗਾ ਜੇਕਰ ਉਹ ਮਾਨਵਮੁਖੀ ਅਥਵਾ ਸਮਾਜ-ਮੁਖੀ ਬਣਕੇ, ਮਾਨਵ-ਸਮਾਜ ਨੂੰ, ਉੱਤਰ-ਆਧੁਨਿਕਤਾ ਦੇ ਨਾਂ ਹੇਠ ਲੁਕਣ ਦੇ ਯਤਨ ਨੂੰ ਹਾਰ ਦੇ ਕੇ ਪੂੰਜੀਵਾਦੀ ਪ੍ਰਬੰਧ ਦੇ ਅਸਲੀ ਮੁਹਾਂਦਰੇ ਨੂੰ ਚੌਰਾਹੇ ਵਿਚ ਖੜਾ ਕਰ ਸਕੇਗਾ । ਪੂੰਜੀਵਾਦੀ ਜਟਲਤਾ ਨੂੰ ਸਾਹਿਤਕ ਵਿਸ਼ਲੇਸ਼ਣ ਦੁਆਰਾ ਪਾਠਕ ਦੇ ਸਨਮੁਖ ਸਰਲਤਾ ਵਿਚ ਪੇਸ਼ ਕਰਕੇ, ਸਾਹਿਤਕਾਰ, ਆਪਣਾ ਇਤਿਹਾਸਕ ਫਰਜ਼ ਨਿਭਾ ਰਿਹਾ ਹੋਵੇਗਾ ਜਦੋਂ ਉਹ ਅਜਿਹੀ ਰਚਨਾ ਕਰਦਾ ਹੋਇਆ ਉਸ ਲਈ ਅਨੰਦ ਦਾ ਅਨੁਭਵ ਕਰਵਾ ਸਕੇਗਾ ਤੇ ਸਮਾਜ ਲਈ ਕਲਿਆਣਕਾਰੀ ਸੰਘਰਸ਼ ਵਿਚ ਸ਼ਾਮਲ ਹੋਣ ਲਈ ਪਰੇਰਤ ਕਰਦਾ ਹੋਇਆ, ਸੁੰਦਰ ਜੀਵਨ ਦੀ ਪ੍ਰਾਪਤੀ ਦਾ ਨਿਸ਼ਾਨਾ ਮਿਥਣ ਲਈ ਅਨੁਭਵ ਪ੍ਰਦਾਨ ਕਰ ਸਕੇਗਾ । ਸ੍ਰੀ ਪ੍ਰੀਤਮ ਸਿੰਘ ਦੇ ਸਿਰਜਣਾ ਦੇ ਅੰਕ 104 ਦੇ ਲੇਖ ਨੂੰ ਏਸੇ ਸੰਦਰਭ ਵਿਚ ਰੱਖਕੇ ਵਿਚਾਰਨ ਦੀ ਲੋੜ ਹੈ ।

0—0

## ਪੰਜਾਬੀ ਸਾਹਿਤ ਵਿਚ ਨਾਰੀ ਚੇਤਨਾ/ਡਾ. ਕਰਮਜੀਤ ਸਿੰਘ

ਸਾਹਿਤ ਵਿਚ ਨਾਰੀ ਚੇਤਨਾ ਦੀ ਸਥਿਤੀ ਦਾ ਵਿਸ਼ਲੇਸ਼ਣ ਕਰਨ ਤੋਂ ਪਹਿਲਾਂ ਸਾਹਿਤ ਤੇ ਸਮਾਜ ਦੇ ਗੁੰਝਲਦਾਰ ਸੰਬੰਧਾਂ ਨੂੰ ਧਿਆਨ ਵਿਚ ਰੱਖਣਾ ਜ਼ਰੂਰੀ ਹੈ, ਕਿਉਂਕਿ ਸਮਾਜ ਵਿਚ ਪ੍ਰਾਪਤ ਪ੍ਰਸਥਿਤੀਆਂ ਦਾ ਸਾਹਿਤ ਵਿਚ ਅਨੇਕ-ਪਰਤੀ ਪੁਨਰਸਿਰਜਣ ਹੋਣਾ ਹੁੰਦਾ ਹੈ। ਇਤਿਹਾਸਕ ਪੜਾਅ ਤੇ ਸ਼ਮਾਜ ਵਿਚ ਜੋ ਸਥਿਤੀ ਔਰਤ ਦੀ ਹੋਵੇਗੀ ਉਸਦਾ ਸਿੱਧਾ ਵਰਣਨ, ਨਾਰੀ ਪ੍ਰਤੀ ਵਰਗ ਦ੍ਰਿਸ਼ਟੀਕੋਣ, ਲੇਖਕ ਦੇ ਚੇਤੰਨ ਵਿਚਾਰ ਅਤੇ ਸਾਮੂਹਿਕ ਅਵਚੇਤਨ ਵਿਚੋਂ ਅਚੇਤ ਗ੍ਰਹਿਣ ਕੀਤੇ ਵਿਚਾਰਾਂ ਨੇ ਇਕੋ ਸਮੇਂ ਕਲਾ ਸਿਰਜਣਾ ਦਾ ਹਿੱਸਾ ਬਣਕੇ ਅਨੇਕਾਂ ਧੁਨੀਆਂ ਪੈਦਾ ਕਰਨੀਆਂ ਹੁੰਦੀਆਂ ਹਨ। ਇਸ ਸਭ ਤੋਂ ਹੀ ਇਸਤਰੀ ਪ੍ਰਤਿ ਚੇਤਨਾ ਦਾ ਅਭਾਸ ਹੋਣਾ ਹੁੰਦਾ ਹੈ। ਲੇਖਕ ਕਿਸੇ ਵੀ ਸਾਹਿਤ ਰੂਪ ਵਿਚ ਆਪਣੇ ਚੇਤੰਨ ਵਿਚਾਰ ਸਿੱਧੇ ਜਾਂ ਕਿਸੇ ਪਾਤਰ ਰਾਹੀਂ ਪੇਸ਼ ਕਰਦਾ ਹੈ। ਪਰੰਤੂ ਸਾਮੂਹਿਕ ਅਵਚੇਤਨ ਵਿਚ ਪਏ ਵਿਚਾਰ ਬਹੁਤੀ ਵਾਰੀ ਅਣਜਾਣੇ ਹੀ ਲੇਖਕ ਦੀ ਭਾਵੁਕ ਬਣਤਰ ਦਾ ਹਿੱਸਾ ਬਣੇ ਹੁੰਦੇ ਹਨ ਜਿਨ੍ਹਾਂ ਨੂੰ ਉਹ ਸਾਹਿਤ ਦੀਆਂ ਭਾਵੁਕ ਪ੍ਰਸਥਿਤੀਆਂ ਵਿਚ ਪੇਸ਼ ਕਰ ਦਿੰਦਾ ਹੈ। ਇਥੇ ਹੀ ਲੇਖਕ ਦੀ ਚੇਤੰਨ ਸੋਚ ਅਤੇ ਸਾਮੂਹਿਕ ਅਵਚੇਤਨ ਵਿਚ ਅੰਤਰ ਵਿਰੋਧ ਸਾਹਮਣੇ ਆਉਂਦੇ ਹਨ। ਕਈ ਵਾਰ ਇਕੋ ਸਮੇਂ ਲੇਖਕ ਇਕੋ ਰਚਨਾ ਵਿਚ ਸੁਚੇਤ ਤੌਰ ਤੇ ਇਸਤਰੀ ਦੇ ਹੱਕ ਵਿਚ ਬੋਲ ਰਿਹਾ ਹੁੰਦਾ ਹੈ ਪਰ ਉਸ ਸਮੇਂ ਸਾਮੂਹਿਕ ਅਵਚੇਤਨ ਵਿਚ ਵਸੇ ਵਿਰੋਧੀ ਦ੍ਰਿਸ਼ਟੀਕੋਣ ਨੂੰ ਵੀ ਪੇਸ਼ ਕਰ ਰਿਹਾਂ ਹੁੰਦਾ ਹੈ। ਅਜਿਹੇ ਅੰਤਰ ਵਿਰੋਧ ਸਾਹਿਤ ਦੀ ਰੂਪਕ ਬਣਤਰ ਤਕ ਨੂੰ ਪ੍ਰਭਾਵਿਕ ਕਰਦੇ ਹਨ। ਜਿਵੇਂ ਵਿਚਾਰਕ ਪੱਧਰ ਤੇ ਤਾਂ ਲੇਖਕ ਇਸਤ੍ਰੀ ਦੇ ਹੱਕ ਵਿਚ ਭੁਗਤ ਰਿਹਾ ਹੋਵੇ ਪਰ ਬਿੰਬ ਸਿਰਜਣਾ ਦੀ ਪੱਧਰ ਤੇ ਉਹ ਵਿਰੋਧੀ ਧਿਰ ਵਿਚ ਵੀ ਖੜਾ ਹੋ ਸਕਦਾ ਹੈ।

ਜਦੋਂ ਮਰਦ-ਪ੍ਰਧਾਨ ਸਮਾਜ ਵਿਚ ਔਰਤ ਆਪਣੇ ਵਿਚਾਰ ਲਿਖਤੀ ਰੂਪ ਵਿਚ ਪ੍ਰਗਟਾਉਣ ਤੋਂ ਅਸਮਰੱਥ ਰੱਖੀ ਜਾਂਦੀ ਹੈ ਤਾਂ ਇਹ ਸੋਚਣਾ ਭੁੱਲ ਹੈ ਕਿ ਉਸਦੀਆਂ ਭਾਵਨਾਵਾਂ, ਵਿਚਾਰਾਂ ਜਾਂ ਉਮੰਗਾਂ ਨੂੰ ਪੂਰੀ ਪੂਰੀ ਤਰਜਮਾਨੀ ਮਿਲ ਸਕੇਗੀ। ਮਰਦ ਲੇਖਕ ਕਿਤੇ ਨਾ ਕਿਤੇ ਮਰਦ-ਪ੍ਰਧਾਨਤਾ ਦਾ ਸ਼ਿਕਾਰ ਹੋ ਹੀ ਜਾਂਦਾ ਹੈ। ਬਹੁਤੀ ਵਾਰੀ ਉਹ ਔਰਤ ਦੇ ਮਸਲਿਆਂ ਨੂੰ ਉਪਭਾਵੁਕ ਪੱਧਰ ਤੇ ਆਦਰਸ਼ਿਆ ਕੇ ਪੇਸ਼ ਕਰਦਾ ਹੈ ਜਾਂ ਫਿਰ ਉਸਦੇ ਹੱਕ ਵਿਚ ਸਟੇਟਮੈਂਟਾਂ ਜਾਰੀ ਕਰਦਾ ਹੈ। ਮੱਧ-ਕਾਲ ਵਿਚ ਕਿਸੇ ਵੀ ਪੰਜਾਬੀ ਲੇਖਕਾ ਦੀ ਅਣਹੋਂਦ ਇਹ ਪ੍ਰਤੀਤ ਕਰਵਾ ਦਿੰਦੀ ਹੈ ਕਿ ਇਸ ਯੁੱਗ ਵਿਚ ਪੈਦਾ ਹੋਏ ਸਾਹਿਤ ਵਿਚ ਉਪਰੋਕਤ ਊਣਾਂ ਅਵੱਸ਼ ਰਹਿਣ ਦੀ ਸੰਭਾਵਨਾ ਹੈ। (ਜ਼ਹਿਰ ਯਾਰ ਵਲੋਂ ਪੇਸ਼ ਪੀਰੋ ਪ੍ਰੇਮਣ ਦਾ ਪ੍ਰਸੰਗ ਅਪਵਾਦ ਹੀ ਹੈ।)

ਜਿਸ ਸਮੇਂ ਪੰਜਾਂਬੀ ਸਾਹਿਤ ਲਿਖਿਆ ਜਾਣਾ ਆਰੰਭ ਹੁੰਦਾ ਹੈ, ਉਸ ਸਮੇਂ ਇਕ ਬਹੁਤ ਵੱਡੀ ਇਤਿਹਾਸਕ ਘਟਨਾ ਵਾਪਰ ਰਹੀ ਸੀ। ਸਾਮੀ ਸਭਿਆਚਾਰ ਅਤੇ ਭਾਰਤੀ ਸਭਿਆਚਾਰ ਟਰਰਾਉ ਦੀ ਸਥਿਤੀ ਵਿਚ ਹਨ। ਪੰਜਾਬੀ ਸਾਹਿਤ ਵਿਚ ਦੋ ਸਭਿਆਚਾਰਾਂ ਦਾ ਟਕਰਾਉ ਤੇ ਸਮਨਵੈ ਇਕੋ ਸਮੇਂ ਦਿਖਾਈ ਦਿੰਦਾ ਹੈ। ਪਹਿਰਾਵੇ ਦਾ ਵਿਰੋਧ, (ਨੀਲ ਬਸਤਰ ਲੈ ਕਪੜੇ ਪਹਿਰੇ ਤੁਰਕ ਪਠਾਣੀ ਅਮਲ ਕੀਆ) ਧਾਰਮਿਕ-ਭਾਸ਼ਾਈ ਵਿਰੋਧ, (ਖੱਤਰੀਆਂ ਤਾਂ ਧਰਮ ਛੋਡਿਆ ਮਲੇਛ ਭਾਖਿਆ



ਗਹੀ।) ਸਪੱਸ਼ਟ ਸਾਹਮਣੇ ਆ ਰਹੇ ਹਨ। ਪਰੰਤੂ ਸੂਫੀ ਤੇ ਭਗਤੀ ਵਿਚਾਰਧਾਰਾ ਦਾ ਨਿਕਟਵਰਤੀ ਸੰਬੰਧ ਇਕ ਤੱਥ ਹੈ ਤੇ ਗੁਰੂਆਂ ਵਲੋਂ ਫਾਰਸੀ ਦਾ ਪ੍ਰਭਾਵ ਕਬੂਲਣਾ ਵੀ ਸਪੱਸ਼ਟ ਹੈ।

ਗੁਰਮਤਿ ਨੇ ਆਤਮਾ (ਇਸਤ੍ਰੀ) ਤੇ ਪਰਮਾਤਮਾ (ਮਰਦ) ਦੇ ਰਿਸ਼ਤੇ ਚਿਤਰਦਿਆਂ ਆਤਮਾ ਨੂੰ ਭਾਵੇਂ ਅਮਰ ਕਿਹਾ ਹੈ ਪਰ ਉਹ ਰਹਿੰਦੀ ਹਮੇਸ਼ਾ ਪਰਮਾਤਮਾ (ਮਰਦ) ਦੇ ਅਧੀਨ ਹੈ। ਉਸਦੀ ਆਪਣੀ ਕੋਈ ਸੁਤੰਤਰ-ਹੋਂਦ ਨਹੀਂ ਹੈ। ਬਾਬਾ ਫ਼ਰੀਦ ਤਾਂ ਨਿਮਾਣੀ ਜਿੰਦ ਦੇ ਮੁਕਾਬਲੇ ਤੇ ਮਰਣਵਰ ਨੂੰ ਅਜਿਹਾ ਤਾਕਤਵਰ ਪੇਸ਼ ਕਰਦਾ ਹੈ ਜਿਸਨੇ ਹੱਡਾਂ ਨੂੰ ਕੜਕਾ ਕੇ ਜਿੰਦ ਨੂੰ ਕੱਢ ਕੇ ਲੈ ਜਾਣਾ ਹੈ। (ਜਿੰਦ ਨਿਮਾਣੀ ਕਢੀਐ ਹੱਡਾਂ ਕੂ ਕੜਕਾਇ। ਸਾਹੇ ਲਿਖੇ ਨ ਚਲਨੀ ਜਿੰਦੂ ਕੂ ਸਮਝਾਇ।) ਚੇਤੰਨ ਪੱਧਰ ਤੇ ਗੁਰਮਤਿ ਕਾਵਿ ਵਿਚ ਔਰਤ ਨੂੰ ਮਾਂ ਹੋਣ ਦੇ ਨਾਤੇ ਬਹੁਤ ਉੱਚਾ ਦਰਜਾ ਦਿਤਾ ਗਿਆ ਹੈ ਤੇ ਕਾਰ-ਵਿਹਾਰ ਤੇ ਦੁਨੀਆਂਦਾਰੀ ਚਲਾਉਣ ਲਈ ਉਸਦੀ ਲੋੜ ਉਪਰ ਬਲ ਦਿੱਤਾ ਗਿਆ ਹੈ।

—ਭੰਡਿ ਜੰਮੀਐ, ਭੰਡਿ ਨਿੰਮੀਐ, ਭੰਡਿ ਮੰਗਣਿ ਵਿਆਹੁ ॥<br>
ਭੰਡਹੁ ਹੋਵੇ ਦੋਸਤੀ, ਭੰਡਹੁ ਚਲੇ ਰਾਹ ॥<br>
ਭੰਡੁ ਮੁਆ ਭੰਡੁ ਭਾਲੀਐ, ਭੰਡਿ ਹੋਵੈ ਬੰਧਾਨ ॥<br>
ਸੋ ਕਿਉ ਮੰਦਾ ਆਖੀਐ, ਜਿਤ ਜੰਮਹਿ ਰਾਜਾਨ ॥

(ਗੁਰੂ ਨਾਨਕ, ਆਸਾ ਦੀ ਵਾਰ)

—ਲੋਕ ਵੇਦ ਗੁਣ ਗਿਆਨ ਵਿਚਿ ਅਰਧ ਸਰੀਰੀ ਮੋਖ ਦੁਆਰੀ।<br>
ਗੁਰਮੁਖਿ ਸੁਖ ਫਲ ਨਿਹਚਉ ਨਾਰੀ। (ਭਾਈ ਗੁਰਦਾਸ) ਜਦੋਂ ਇਸਤਰੀ ਆਤਮਾ ਦਾ ਰੂਪ ਧਾਰਣ ਕਰਦੀ ਹੈ ਤਾਂ ਉਹ ਮਰਦ (ਬ੍ਰਹਮ) ਦੇ ਅਧੀਨ ਹੋ ਜਾਂਦੀ ਹੈ। ਇਥੋਂ ਤਕ ਕਿ ਉਸਨੂੰ ਆਪਣੇ ਮਾਲਕ ਤਕ ਪਹੁੰਚਣ ਲਈ ਇਕ ਹੋਰ ਮਰਦ (ਗੁਰੂ, ਮੁਰਸ਼ਦ) ਦੀ ਚਾਕਰੀ ਸਵੀਕਾਰਨੀ ਪੈਂਦੀ ਹੈ। ਇਸਤਰੀ (ਆਤਮਾ) ਨੂੰ ਹੀ ਸਹਿਜ, ਸੰਤੋਖ, ਮਿੱਠਾ ਬੋਲਣ, ਨਿਰਮਾਣਤਾ, ਚੱਜ ਆਚਾਰੀ ਹੋਣ ਤੇ ਹੁਕਮ ਮੰਨਣ ਦੀ ਕਰੜੀ ਤਾੜਨਾ ਕੀਤੀ ਗਈ ਹੈ।

—ਜਾਇ ਪੁਛਹੁ ਸੋਹਾਗਣੀ ਤੁਸੀਂ ਰਾਵਿਆ ਕਿੰਨੀ ਗੁਣੀ ?<br>
ਸਹਿਜ ਸੰਤੋਖਿ ਸੀਗਾਰੀਆ, ਮਿੱਠਾ ਬੋਲਣੀ। (ਸਿਰੀ ਰਾਗ ਮਹਲਾ ਪਹਿਲਾ)

—ਨਿਵਣੁ ਸੁ ਅੱਖਰੁ ਖਵਣੁ ਗੁਣ ਜਿਹਬਾ ਮਣੀਆ ਮੰਤੁ।<br>
ਏ ਤ੍ਰੈ ਭੈਣੇ ਵੇਸ ਕਰਿ, ਤਾਂ ਵਸਿ ਆਵੀ ਕੰਤੁ। (ਫਰੀਦ)

—ਪੇਈਅੜੇ ਸਹੁ ਸੇਵ ਤੂੰ ਸਾਹੁਰੜੇ ਸੁਖ ਵਸੁ।<br>
ਗੁਰ ਮਿਲ ਚਜੁ ਆਚਾਰ ਸਿਖ, ਤੁਧੁ ਕਦੇ ਨਾ ਲਗੇ ਦੁਖੁ। (ਸਿਰੀ ਰਾਗ ਮਹਲਾ-5)

—ਹੁਕਮ ਨਾ ਜਾਣੈ ਬਹੁਤਾ ਰੋਵੈ, ਅੰਦਰਿ ਧੋਖਾ ਨੀਂਦ ਨ ਸੋਵੈ ॥<br>
ਜੋ ਧਨ ਖਸਮੈ ਚਲੈ ਰਜਾਈ. ਕਰਿ ਘਰਿ ਸੋਭ ਮਹਲਿ ਬੁਲਾਈ ॥

(ਸਿਰੀ ਰਾਗ ਮਹਲਾ-3)

ਬ੍ਰਹਮ ਸਰਬ-ਸਮਰੱਥ ਹੈ। ਉਸ ਵਿਚ ਦੋਸ਼ ਕੋਈ ਹੋ ਹੀ ਨਹੀਂ ਸਕਦਾ। ਦੋਸ਼ ਸਿਰਫ ਆਤਮਾ (ਔਰਤ) ਦਾ ਹੈ ਜੋ ਆਪਣੇ ਕਰਮਾਂ ਕਰਕੇ ਬ੍ਰਹਮ (ਮਰਦ) ਤੋਂ ਵਿਛੜ ਕੇ ਭਟਕਣਾ ਵਿਚ ਪਈ ਰਹਿੰਦੀ ਹੈ।

'ਦਸਮ ਗ੍ਰੰਥ' ਦੇ ਚਰਿਤੋ ਪਾਖਯਾਨਾਂ ਵਿਚਲੇ ਕੁਝ ਚਰਿਤ੍ਰਾਂ ਨੂੰ ਛੱਡ ਕੇ (404 ਵਿਚੋਂ) ਬਾਕੀ ਸਾਰਿਆਂ ਵਿਚ ਇਸਤਰੀ ਨੂੰ ਧੋਖੇਬਾਜ਼ ਦੇ ਰੂਪ ਵਿਚ ਚਿਤ੍ਰਿਆ ਗਿਆ ਹੈ। ਇਨ੍ਹਾਂ ਚਰਿਤ੍ਰਾਂ ਵਿਚ ਹੇਠ ਲਿਖੇ ਕਥਨਾਂ ਦੀ ਵੀ ਭਰਮਾਰ ਹੈ।

—ਜਿਨਿ ਇਹ ਕੀਯੋ ਸੰਗਲ ਸੰਸਾਰੋ ॥
ਵਹੈ ਪਛਾਨ ਭੇਦ ਤ੍ਰਿਯ ਹਾਰੋ ॥ (ਚਰਿਤ੍ਰ-312)
—ਇਕ ਇਸਤਿਕ ਕੇ ਚਰਿਤ ਆਪਾਰਾ ॥
ਸਜ ਪਛਤਾਇਉ ਇਕ ਕਰਤਾਰਾ ॥ (ਚਰਿਤ੍ਰ-322)
—ਚੰਚਲਾਕ ਕੇ ਚਰਿਤ ਕੋ ਸ਼ਕਤ ਨ ਕੋਊ ਵਿਚਾਰ ॥
ਬ੍ਰਹਮ ਬਿਸ਼ਨ ਸ਼ਿਵ ਖਟ ਬਦਨ, ਜਿਨਿ ਸਿਰਜੀ ਕਰਤਾਰ ॥ (ਚਰਿਤ੍ਰ-339)

ਹੈਰਾਨੀ ਦੀ ਗੱਲ ਇਹ ਹੈ ਕਿ ਇਨ੍ਹਾਂ ਵਿਚਾਰਾਂ ਨੂੰ ਇਸ ਕਰਕੇ ਗੁਰਮਤਿ ਦੇ ਅਸੂਲਾਂ ਵਿਰੁੱਧ ਮੰਨਿਆ ਗਿਆ ਹੈ ਕਿਉਂਕਿ ਇਨ੍ਹਾਂ ਕਥਨਾਂ ਵਿਚ ਬ੍ਰਹਮ ਦੀ ਹੇਠੀ ਹੋਈ ਹੈ। ਔਰਤ ਦੀ ਅਤਿ ਦੀ ਹੇਠੀ ਦੀ ਏਨੀ ਚਿੰਤਾ ਵਿਖਾਈ ਨਹੀਂ ਦਿੰਦੀ। ਭਾਈ ਕਾਨ੍ਹ ਸਿੰਘ ਨਾਭਾ ਨੇ ਇਨ੍ਹਾਂ ਪੰਗਤੀਆਂ ਉਪਰ ਟਿੱਪਣੀ ਕਰਦਿਆ ਲਿਖਿਆ ਹੈ, "ਕਰਤਾਰ ਕਿਤਨਾ ਅਲਪਗਯ ਸਿੱਧ ਕੀਤਾ ਹੈ। ਇਸਤ੍ਰੀ ਰਚਣ ਵੇਲੇ ਕਰਤਾਰ ਨੂੰ ਪਤਾ ਨਹੀਂ ਸੀ ਕਿ ਮੈਨੂੰ ਇਹ ਰਚਕੇ ਪਛਤਾਉਣਾ ਪਊ। ਸਾਰੇ ਦਾਨਾ ਆਖਦੇ ਅਤੇ ਲਿਖਦੇ ਹਨ ਕਿ ਕਰਤਾਰ ਮਨ ਬੁੱਧਿ ਤੋਂ ਪਰੇ ਹੈ। ਪਰ ਇਸ ਕਥਨ ਅਨੁਸਾਰ ਇਸਤ੍ਰੀ ਦੇ ਚਰਿਤ੍ਰ ਦਾ ਭੇਤ ਕਰਤਾਰ ਨੂੰ ਭੀ ਨਹੀਂ ਮਿਲਦਾ। (ਗੁਰਮਤਿ ਮਾਰਤੰਡ, ਭਾਗ ਮਹਿਲਾ, ਪੰਨਾ-ਹ)

ਜੋਗੀ ਸਾਹਿਤ ਤੋਂ ਉਲਟ ਮਾਨਵੀ ਚਿੰਤਾਵਾਂ ਦੀ ਪ੍ਰਮੁੱਖਤਾ ਕਾਰਣ ਇਸਤ੍ਰੀ ਨੂੰ ਮੱਧਕਾਲੀ ਪੰਜਾਬੀ ਸਾਹਿਤ ਵਿਚ ਮਨੁੱਖ ਹੋਣ ਨਾਤੇ ਸਤਿਕਾਰ ਤਾਂ ਮਿਲ ਗਿਆ ਹੈ ਪਰੰਤੂ ਇਥੇ ਉਸਦੀ ਵੱਖਰੀ ਹਸਤੀ ਨੂੰ ਅਜੇ ਸਵੀਕਾਰ ਨਹੀਂ ਕੀਤਾ ਗਿਆ। ਮੱਧਕਾਲੀ ਨਿਰਗੁਣ ਅਧਿਆਤਮਕ ਸਾਹਿਤ ਵਿਚ ਬ੍ਰਿਹਾ ਤੇ ਇਸ ਨਾਲ ਹੋਰ ਸੰਬੰਧਿਤ ਕਲੇਸ਼ ਕੇਵਲ ਇਸਤ੍ਰੀ ਦੇ ਹਿੱਸੇ ਆਏ ਹਨ। ਅਰੂਪ ਬ੍ਰਹਮ ਮਾਨਵੀ ਸੰਵੇਦਨਾਵਾਂ ਤੋਂ ਉਪਰ ਵਿਚਰਦਾ ਹੈ।

—ਹਰ ਰਚਨਾ ਤੇਰੀ ਕਿਆ ਗਤ ਮੇਰੀ
ਹਰਿ ਬਿਨ ਘੜੀ ਨਾ ਜੀਵਾ (ਬਾਰਾਮਾਹ ਤੁਖਾਰੀ, ਮਹਲਾ ਪਹਿਲਾ)
—ਕੋਈ ਆਨ ਮਿਲਾਵੈ ਮੇਰਾ ਪ੍ਰੀਤਮ ਪਿਆਰਾ.
ਹਉ ਤਿਸ ਪਹਿ ਆਂਪ ਵੇਚਾਈ।
ਦਰਸਨ ਹਰ ਦੇਖਣ ਕੇ ਤਾਈ।
ਕ੍ਰਿਪਾ ਕਰਹਿ ਤਾਂ ਸਤਿਗੁਰ ਮੇਲਹਿ,
ਹਰਿ ਹਰਿ ਨਾਮ ਧਿਆਈ (ਮਹਲਾ-5)

ਸੂਫੀਆਂ ਦਾ ਲੋਕ-ਭਾਸ਼ਾਈ ਮੁਹਾਵਰਾ ਉਨ੍ਹਾਂ ਨੂੰ ਵਧੇਰੇ ਸੰਚਾਰ ਮੁਖ ਬਣਾਉਂਦਾ ਹੈ। ਪ੍ਰੰਤੂ ਪ੍ਰੇਮ ਸੂਫੀ ਕਾਵਿ ਵਿਚ ਵੀ ਇਕਤਰਫਾ ਹੈ। ਹਾਂ ਉਨ੍ਹਾਂ ਵਿਚ ਕਈ ਥਾਂ ਇਕ ਮਰਦ (ਮੁਰਸ਼ਦ) ਵਿਚੋਲਾ ਗਾਇਬ ਹੋਣ ਕਾਰਣ ਬ੍ਰਿਹਾ ਦੀ ਤੀਖਣਤਾ ਵਧੇਰੇ ਅਨੁਭਵ ਹੁੰਦੀ ਹੈ। (ਚਾਰੇ ਨੈਣ ਗਡਾਵਡ ਹੋਏ ਵਿਚ ਵਿਚੋਲਾ ਕੇਹਾ (ਸ਼ਾਹ ਹੁਸੈਨ) ਜਾਂ ਰਾਂਝਾ ਰਾਂਝਾ ਕਰਦੀ ਨੀ ਮੈਂ ਆਪੇ ਰਾਂਝਾ



ਹੋਈ। ਸੱਦੋ ਨੀ ਮੈਨੂੰ ਧੀਦੋ ਰਾਂਝਾ ਹੀਰ ਨਾ ਆਖੋ ਕੋਈ। ਬੁੱਲ੍ਹੇਸ਼ਾਹ ਸੂਫੀ ਸਾਹਿਤ ਵਿਚ ਕਿਉਂਕਿ ਮਿਜਾਜ਼ੀ ਇਸ਼ਕ ਨੂੰ ਹਕੀਕੀ ਇਸ਼ਕ ਤਕ ਪਹੁੰਚਣ ਦੀ ਪਉੜੀ ਮੰਨਿਆ ਗਿਆ ਹੈ ਇਸ ਲਈ ਦੁਨਿਆਵੀ ਭਾਵਨਾਵਾਂ ਦੂਜੇਲੇ ਪੱਧਰ ਦੀਆਂ ਬਣਕੇ ਰਹਿ ਜਾਂਦੀਆਂ ਹਨ।

ਸੰਤ ਸਿੰਘ ਸੇਖੋਂ ਨੇ ਮੱਧਕਾਲੀ ਸਾਹਿਤ ਵਿਚ ਨਾਰੀ ਬਾਰੇ ਚਰਚਾ ਕਰਦਿਆ ਕਿਹਾ ਹੈ ਕਿ, "ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਗੁਰੂ ਸਾਹਿਬਾਨ ਦੇ ਅਲੰਕਾਰਾਂ ਦੀ ਨੀਂਹ ਵਿਚ ਮਹਾਜਨੀ ਘਰਾਂ ਦੀ ਪਤੀ ਭਗਤਣੀ ਇਸਤਰੀ ਹੈ ਜਿਸ ਤੋਂ ਮਜ਼ਦੂਰੀ ਨਾਲੋਂ ਵਧੇਰੇ ਭਗਤੀ ਦੀ ਮੰਗ ਕੀਤੀ ਜਾਂਦੀ ਹੈ ਤੇ ਸ਼ਾਹ ਹੁਸੈਨ ਤੇ ਹਦਾਇਤੁੱਲਾ ਦੇ ਅਲੰਕਾਰਾਂ ਦੀ ਨੀਂਹ ਵਿਚ ਮਜ਼ਦੂਰ ਕਿਸਾਨ ਘਰਾਣਿਆਂ ਦੀ ਇਸਤਰੀ ਹੈ ਜਿਸਤੋਂ ਭਗਤੀ ਨਾਲੋਂ ਵਧੇਰੇ ਕੰਮ ਦੀ ਮੰਗ ਕੀਤੀ ਜਾਂਦੀ ਹੈ।" (ਪੰਜਾਬੀ ਕਾਵਿ ਸ਼ਰੋਮਣੀ, ਪੰਨਾ-40) ਗੁਰਮਤਿ ਵਿਚ ਇਸਤਰੀ ਤੋਂ ਭਗਤੀ-ਭਾਵ (ਹੁਕਮ ਅਧੀਨ ਚਲਣ) ਦੀ ਚਰਚਾ ਅਸੀਂ ਉਪਰ ਕਰ ਆਏ ਹਾਂ ਇਥੇ ਸੂਫੀਆਂ ਦੀ ਕੰਮ ਰੁੱਝੀ ਔਰਤ ਨੂੰ ਵੇਖਿਆ ਜਾ ਸਕਦਾ ਹੈ।

—ਘੁੰਮਿ ਚਰਖੜਿਆ ਵੇ,
ਤੇਰੀ ਕੱਤਣ ਵਾਲੀ ਜੀਵੇ, ਨਲੀਆਂ ਵੱਟਣ ਵਾਲੀ ਜੀਵੇ। (ਹੁਸੈਨ)
—ਜਦ ਤੂੰ ਪਿੰਜਾ ਲਿਆਵੇਂਗੀ,
ਸਈਆਂ ਵਿਚ ਪੂਣੀਆਂ ਪਾਵੇਂਗੀ,
ਮੁੜ ਆਪੇ ਹੀ ਪਈ ਭਾਵੇਂਗੀ,
ਵਿਚ ਸਾਰੇ ਜਗਿ ਜਹਾਨ ਕੁੜੇ, (ਬੁੱਲ੍ਹੇ ਸ਼ਾਹ)

ਕਿੱਸਾ ਸਾਹਿਤ ਵਿਚ ਔਰਤ ਮਰਦ ਦੇ ਦੁਨਿਆਵੀ ਪ੍ਰੇਮ ਸੰਬੰਧਾਂ ਨੂੰ ਮਾਨਤਾ ਦਿੱਤੀ ਗਈ ਹੈ। ਇਥੇ ਵਿਅਕਤੀ ਦੀ ਵਿਚਾਰ-ਸੁਤੰਤਰਤਾ ਦੀਆਂ ਝਲਕੀਆਂ ਦੇਖੀਆਂ ਜਾ ਸਕਦੀਆਂ ਹਨ ਭਾਵੇਂ ਅੰਤ ਉਪਰ ਕਈ ਥਾਂ ਪਾਤਰ/ਨਾਇਕ-ਨਾਇਕਾ ਆਪਣੇ ਆਪ ਹੀ ਸਮਾਜਿਕ ਬੰਧਨਾਂ ਨੂੰ ਸਵੀਕਾਰ ਕਰ ਲੈਂਦੇ ਹਨ। ਇਸ਼ਕ ਆਰਥਿਕ ਨਾਬਰਾਬਰੀ ਦੀਆਂ ਕੰਧਾਂ ਨੂੰ ਤੋੜਦਾ ਹੈ। ਇਸੇ ਤੋਂ ਅੰਤ ਉਪਰ ਦੁਖਾਂਤ ਵੀ ਵਾਪਰਦੇ ਹਨ। ਕਈ ਵਾਰ ਕਿੱਸਾਕਾਰ ਹਕੀਕੀ ਇਸ਼ਕ ਤੋਂ ਤਾਂ ਮੂੰਹ ਨਹੀਂ ਮੋੜਦੇ ਪਰੰਤੂ ਉਹ ਦੁਨਿਆਵੀ ਇਸ਼ਕ ਨੂੰ ਕਿਸੇ ਵੀ ਤਰ੍ਹਾਂ ਹਕੀਕੀ ਤੋਂ ਘੱਟ ਨਹੀਂ ਮੰਨਦੇ ਸਗੋਂ ਕਈ ਪੱਖਾਂ ਤੋਂ ਅਗਾਂਹ ਮੰਨਦੇ ਹਨ। ਬ੍ਰਿਹਾ ਇਸ਼ਕ ਵਿਚ ਭੋਗੇ ਕਸ਼ਟਾਂ ਨੂੰ ਜਿਨਾਂ ਆਦਰਸ਼ਿਆ ਕੇ ਕਿੱਸਾ-ਕਾਰਾਂ, ਵਿਸ਼ੇਸ਼ ਕਰਕੇ ਹਾਸ਼ਮ ਨੇ ਕੀਤਾ ਹੈ, ਉਸਦੀ ਮਿਸਾਲ ਦੂਸਰੇ ਮੱਧਕਾਲੀ ਕਾਵਿ ਰੂਪਾਂ ਵਿਚ ਪ੍ਰਾਪਤ ਨਹੀਂ। (ਹਾਸ਼ਮ ਇਸ਼ਕ ਸੁਖਾਲਾ ਨਾਹੀਂ ਮਰ ਕੇ ਆਸ਼ਕ ਥੀਂਦੇ। ਹਰ ਦਮ ਜਾਨ ਜਿਗਰ ਦਾ ਲੋਹੂ ਚੂਲੀਆਂ ਭਰ ਭਰ ਪੀਂਦੇ।)

ਕਿੱਸਾਕਾਰਾਂ ਨੇ ਨਾਇਕਾ ਨੂੰ ਨਾਇਕ ਨਾਲੋਂ ਵੀ ਵੱਧ ਰੀਝ ਨਾਲ ਚਿੱਤਰਿਆ ਹੈ। ਨਾਇਕਾ ਦੀ ਪਰੀਆਂ ਵਰਗੀ ਸੁੰਦਰਤਾ, ਬਹਾਦਰੀ ਸਗੋਂ ਪ੍ਰੇਮੀ ਲਈ ਪੂਰੇ ਸਮਾਜ ਨਾਲ ਟਕਰਾਅ ਜਾਣ ਦੀ ਸਮਰੱਥਾ ਅਜਿਹੇ ਗੁਣ ਹਨ ਜਿਨ੍ਹਾਂ ਦੇ ਆਧਾਰ ਤੇ ਕਿੱਸੇ ਦੀ ਨਾਮਕਰਣ ਵਿਚ ਇਸਤ੍ਰੀ ਪਹਿਲੇ ਥਾਂ ਆ ਗਈ ਹੈ ਜਿਵੇਂ, ਹੀਰ-ਰਾਂਝਾ, ਸੋਹਣੀ ਮਹੀਂਵਾਲ ਤੇ ਸੱਸੀ ਪੁੰਨੂੰ। ਪਰੰਤੂ ਜਿਵੇਂ ਪਹਿਲਾਂ ਵੀ ਕਿਹਾ ਗਿਆ ਹੈ ਕਿ ਅਚੇਤ ਪੱਧਰ ਤੇ ਪਿਤਾ ਪ੍ਰਧਾਨ ਜਾਗੀਰਦਾਰੀ ਦ੍ਰਿਸ਼ਟੀ ਮੂਲੋਂ ਹੀ ਗਾਇਬ ਨਹੀਂ ਹੋਈ। ਇਸੇ ਲਈ ਹੇਠ ਲਿਖੇ ਨਿੰਦਾ-ਵਾਕ ਵੀ ਥਾਂ ਥਾਂ ਹਾਜ਼ਰ ਹਨ।

—ਵਾਰਿਸ ਰੰਨ, ਫ਼ਕੀਰ, ਤਲਵਾਰ ਘੋੜਾ,
ਚਾਰੇ ਥੋਕ ਇਹ ਕਿਸੇ ਦੇ ਯਾਰ ਨਾਹੀਂ ।
—ਸੌਂਕਣ, ਰੰਨ, ਗਵਾਂਢ, ਕੁਪੱਤਿਆਂ ਦਾ,
ਭਲੇ ਮਰਦ ਦੇ ਬਾਬ ਦਾ ਸੋਗ ਹੈ ਜੀ । (ਵਾਰਿਸ਼)
—ਬਿੱਲੀ ਰੰਨ, ਫ਼ਕੀਹ ਤੇ ਅੱਗ ਬਾਂਦੀ,
ਇਨ੍ਹਾਂ ਫਿਰਨ ਘਰੋ ਘਰੀ ਕਾਰ ਹੈ ਵੇ । (ਵਾਰਿਸ)

ਪੁਰਾਤਨ ਕਾਲ ਦੇ ਕੁਝ ਹੋਰ ਭਗਤ ਕਵੀਆਂ ਵਿਚ ਵੀ ਜੋਗੀਆਂ ਵਾਲਾ ਗ੍ਰਹਿਸਤ ਤਿਆਗ ਤੇ ਇਸਤ੍ਰੀ-ਤ੍ਰਿਸਕਾਰ ਮਿਲ ਜਾਂਦਾ ਹੈ ।

—ਨਾਰੀ ਦੇ ਬਾਣ ਨਾ ਬੇਧਿਉ ਅਤੇ ਕ੍ਰੋਧ-2 ਅੰਗਿ ਲਗੀਆਂਹਿ ।
ਛੱਜੂ ਲੋਭ ਨਾ ਫਾਹੀ ਫਾਥਿਆ, ਤੇ ਤੀਨ ਲੋਕ ਜਿਤਆਹਿ ।
—ਕਾਮਦ ਸੰਦੀ ਪੁਤਲੀ, ਤਉ ਨਾ ਤ੍ਰਿਆ ਨਿਹਾਰ ।
ਯੇਹੀ ਮਾਰ ਲਿਜਾਵਹੀ, ਯਥਾ ਬਲੋਚਨ ਧਾੜ (ਛੱਜੂ)
—ਧੀਆਂ ਧਾੜ ਤੇ ਪੁੱਤਰ ਫਾਹ, ਰੰਨ ਦੁੱਖਾਂ ਦਾ ਖੂਹ ।
ਇਸ ਘਾਣੀ ਵਿਚੋਂ ਸੁਥਰਿਆ, ਕੋਈ ਹਰ ਜਨ ਕੱਢੇ ਧੂਹ ।

ਰਹੀ ਗੱਲ ਲੋਕ ਸਾਹਿਤ ਦੀ । ਲੋਕ ਗੀਤ ਵਧੇਰੇ ਇਸਤ੍ਰੀਆਂ ਦੀ ਆਪਣੀ ਰਚਨਾ ਹਨ । ਪਰੰਤੂ ਜਿਨ੍ਹਾਂ ਪ੍ਰਸਥਿਤੀਆਂ ਅਧੀਨ ਔਰਤਾਂ ਦੀ ਮਾਨਸਿਕਤਾ ਕੰਡੀਸ਼ੰਡ ਹੋਈ ਹੈ। ਉਹਨਾਂ ਨੇ ਮਰਦ-ਪ੍ਰਧਾਨ ਸਮਾਜ ਦੀਆਂ ਬਹੁਤ ਸਾਰੀਆਂ ਅਲਾਮਤਾਂ ਨੂੰ ਲੋਕ ਸਾਹਿਤ ਵਿਚ ਵੀ ਲੈ ਆਂਦਾ ਹੈ। ਫਿਰ ਵੀ ਲੋਕ ਸਾਹਿਤ ਵਿਚ ਔਰਤ ਆਪਣੇ ਯਥਾਰਥ ਪ੍ਰਤਿ ਵਧੇਰੇ ਜਾਗਰੂਕ ਹੈ। ਉਸਦੀ ਯਥਾਰਥ ਦ੍ਰਿਸ਼ਟੀ ਦਾ ਪ੍ਰਗਟਾਵਾ ਇਸ ਤੱਥ ਤੋਂ ਹੁੰਦਾ ਹੈ ਕਿ ਉਹ ਵਿਅਕਤੀਗਤ ਦੂਸ਼ਣਬਾਜ਼ੀ ਦੀ ਬਜਾਇ ਸਮਾਜਿਕ ਆਰਥਿਕ ਕਾਰਣਾਂ ਤਕ ਜਾਣ ਦਾ ਯਤਨ ਕਰਦੀ ਹੈ । ਉਹ ਸਮਝਦੀ ਹੈ ਕਿ ਢੋਲ ਪ੍ਰਦੇਸੀ ਕਿਉਂ ਹੋਇਆ ਹੈ ?

ਨੀ ਸੱਸੂ ਨੀ ਧੰਨ ਤੇਰਾ ਆਤਮਾ, ਧੰਨ ਤੇਰਾ ਜੀਅਰਾ,
ਧੰਨ ਤੇਰਾ ਜੀਅਰਾ, ਪੁੱਤ ਪਰਦੇਸਾਂ ਨੂੰ ਤੋਰਿਆ ਏ ।
ਨੀ ਨੌਂਹੇਂ ਨੀ ਤੇਰਾ ਨਾ ਘੱਲਿਆ, ਮੇਰਾ ਨਾ ਘੱਲਿਆ,
ਮੇਰਾ ਨਾ ਘੱਲਿਆ ਦੰਮਾਂ ਦੇ ਲੋਭ ਨੂੰ ਗਿਆ ਏ ।

ਲੋਕ-ਸਾਹਿਤ ਵਿਚ ਆਮ ਤੌਰ ਤੇ ਨੂੰਹ-ਸੱਸ ਦੀ ਵਾਰਤਾਲਾਪ ਅਜਿਹੇ ਸੁਖਾਵੇਂ ਮਾਹੌਲ ਵਿਚ ਘੱਟ ਹੀ ਹੁੰਦੀ ਹੈ । ਨੂੰਹ-ਸੱਸ ਦੀ ਲੜਾਈ ਤੇ ਸੌਂਕਣਾਂ ਦੀ ਲਾਗਤਬਾਜ਼ੀ ਦੇ ਰੂਪ ਵਿਚ ਇਸਤ੍ਰੀ-ਸਮੂਹ ਦੇ ਅੰਤਰ-ਵਿਰੋਧ ਸਾਹਮਣੇ ਆਉਂਦੇ ਹਨ । ਲੋਕ-ਗੀਤ, ਸਾਹਿਤ ਜੋ 'ਹੈ' ਦਾ ਜ਼ਿਕਰ ਕਰਦੇ 'ਜੋ ਚਾਹੀਦਾ ਹੈ' ਉਸ ਵੱਲ ਰੁਚਿਤ ਹੋ ਜਾਂਦੇ ਹਨ । ਇਸਤ੍ਰੀ ਨਾਇਕਾ ਵਲੋਂ ਆਪਣੇ ਕਾਲੇ, ਮਧਰੇ, ਲੰਬੇ, ਬੁੱਢੇ, ਅਮਲੀ ਪਤੀ ਦਾ ਮਖੌਲ ਉਡਾਉਣਾ, ਅਜੋੜ ਪਤੀ ਨਾਲ ਸ਼ਾਦੀ ਤੋਂ ਇਨਕਾਰ ਅਤੇ ਸਹੁਰੇ ਘਰ ਦੇ ਜੀਆਂ ਨੂੰ ਆਪਣੇ ਪੈਰੀਂ ਪੈਂਦੇ ਦਿਖਾਉਣਾ ਯਥਾਰਥ ਵਿਚ ਨਹੀਂ ਕਲਪਣਾ ਵਿਚ ਹੀ ਸੰਭਵ ਹੋ ਸਕਦਾ ਹੈ । ਅਸਲ ਵਿਚ ਉਸਦੀ ਤਾਂਘ ਬਰਾਬਰ ਦਾ ਵਰ ਪਾਉਣ ਦੀ ਅਤੇ ਦੂਜੇ ਜੀਆਂ ਵਾਂਗ ਆਪ ਪਹਿਚਾਣ ਬਣਾਉਣ ਦੀ ਹੈ । ਮਨੋ-ਇੱਛਾ ਪੂਰਤੀ ਦਾ ਇਕ ਪੱਖ ਇਸਤ੍ਰੀ ਵਲੋਂ ਆਪਣੇ



ਆਪਨੂੰ ਉਪਰਲੇ ਵਰਗ ਦੀਆਂ ਔਰਤਾਂ ਦੇ ਬਰਾਬਰ ਸਮਝਣ ਦਾ ਹੈ। ਜਿਥੇ 'ਘੋੜੀਆਂ' ਵਿਚ ਬਾਬਾ, ਪਿਉ, ਮਾਮਾ, ਨਾਨਾ, ਸਾਰੇ ਰਾਜੇ ਹਨ ਤੇ ਬੰਨਾ ਰਾਜਕੁਮਾਰ ਉਥੇ ਦਾਦੀ, ਮਾਂ, ਮਾਮੀ, ਨਾਨੀ ਆਦਿ ਸਾਰੀਆਂ ਰਾਣੀਆਂ ਹਨ ਅਤੇ ਕੁੜੀ ਆਪ ਰਾਜਕੁਮਾਰੀ । ਗਰੀਬ ਮਾਂ ਬਾਪ ਵਲੋਂ ਦਿੱਤਾ ਦਾਜ ਕਿਸੇ ਜਾਗੀਰਦਾਰ ਦੇ ਦਾਜ ਤੋਂ ਘੱਟ ਨਹੀਂ !

ਜਿਸ ਸਮਾਜ ਦੇ ਲੋਕ ਗੀਤ/ਲੋਕ ਸਾਹਿਤ ਪ੍ਰਾਪਤ ਹਨ ਉਸ ਵਿਚ ਧੀ ਮਾਪਿਆਂ ਦੇ ਸਿਰ ਭਾਰ ਹੈ ਜਿਸ ਨੂੰ ਵਿਆਹ ਕੇ ਹੀ ਮਾਪੇ ਸੁਰਖਰੂ ਹੁੰਦੇ ਹਨ । ਉਹ ਧੀ ਸਮੇਤ ਸਭ ਕੁਝ ਦੇ ਕੇ ਵੀ ਹਾਰਦੇ ਹਨ । ਇਸ ਹਾਰ ਦਾ ਬਦਲਾ ਉਹ ਪੁੱਤਾਂ ਦੇ ਵਿਆਹ ਵੇਲੇ ਲੈਂਦੇ ਹਨ । ਕੁੜੀ ਮੂੰਹੋਂ ਭਾਵੇਂ ਨਾ ਬੋਲੇ ਪਰ ਹੇਠਲੇ ਵਰਗ ਤੇ ਕਿਸਾਨੀ ਵਿਚੋਂ ਆਈ ਕੁੜੀ ਨੂੰ ਮਾਪਿਆਂ ਘਰ ਪੁੱਤਰਾਂ ਵਾਂਗ ਕਮਾਈ ਕਰਨ ਦਾ ਅਹਿਸਾਸ ਹੈ ।

ਜਮਾਤੀ ਸਮਾਜ ਵਿਚ ਆਰਥਿਕ ਰਿਸ਼ਤੇ ਸੱਚੀਆਂ-ਸੁੱਚੀਆਂ ਪ੍ਰੇਮ ਭਾਵਨਾਵਾਂ ਨੂੰ ਵਿਕ੍ਰਿਤ ਰੂਪ ਵਿਚ ਪੇਸ਼ ਕਰਦੇ ਹਨ । ਮਾਰਕਸ ਤੇ ਏਂਗਲਜ਼ ਦਾ ਕਥਨ ਹੈ ਕਿ, "ਪ੍ਰੇਮ ਜਿਸਨੇ ਸਭ ਨੂੰ ਇਕ ਸੂਤਰ ਵਿਚ ਪ੍ਰੋਣਾ ਹੁੰਦਾ ਹੈ । ਜਮਾਤੀ ਸਮਾਜ ਵਿਚ ਯੁੱਧਾਂ, ਤਕਰਾਰਾਂ, ਮੁਕੱਦਮੇਬਾਜ਼ੀਆਂ, ਘਰੇਲੂ ਝਗੜਿਆਂ ਅਤੇ ਸੰਭਵ-ਅਸੰਭਵ ਤਰੀਕੇ ਨਾਲ ਇਕ ਵਿਅਕਤੀ ਦੁਆਰਾ ਦੂਸਰੇ ਵਿਅਕਤੀ ਦੇ ਸ਼ੋਸਣ ਵਿਚ ਪ੍ਰਗਟ ਹੁੰਦਾ ਹੈ ।" (ਸੰਕਲਿਤ ਰਚਨਾਏ, ਭਾਗ ਚੌਥਾ, ਪੰਨਾ 40) ਇਹੋ ਕਾਰਣ ਹੈ ਕਿ ਲੋਕ ਸਾਹਿਤ ਵਿਚ ਵੀ ਇਸਦਾ ਨਤੀਜਾ ਦੁਖਾਤਾਂ ਵਿਚ ਨਿਕਲਦਾ ਹੈ । ਔਰਤ ਆਪ ਘਰੇਲੂ ਸ਼ਰਮ ਨਾਲ ਜੁੜੀ ਹੋਣ ਕਰਕੇ ਆਪਣੇ ਸਾਹਿਤ ਨੂੰ ਵੀ ਇਸ ਨਾਲ ਜੋੜਦੀ ਹੈ । ਕਈ ਵਾਰੀ ਸਿੱਧੇ ਰੂਪ ਵਿਚ ਤੇ ਕਈ ਵਾਰ ਅਸਿੱਧੇ ਰੂਪ ਵਿਚ ਔਖੇ ਸ਼ਰਮ ਵਿਚ ਲੈਅ ਭਰ ਕੇ ਸੌਖਿਆਂ ਕਰਨ ਲਈ। ਲੋਕ ਸਾਹਿਤ ਵਿਚ ਔਰਤ ਨੇ ਇਕ ਕੰਮ ਹੋਰ ਕੀਤਾ ਹੈ । ਉਸਨੇ ਦੇਵੀ, ਦੇਵਤਿਆਂ, ਰਾਜੇ ਮਹਾਂ-ਰਾਜਿਆਂ ਨੂੰ ਆਮ ਪੱਧਰ ਤੇ ਲਿਆ ਧਰਿਆ ਹੈ ।

ਮਰਦ ਪ੍ਰਧਾਨ ਸਮਾਜ ਵਿਚ ਮਰਦ ਜਾਇਦਾਦ ਦਾ ਹੀ ਵਾਰਿਸ ਨਹੀਂ ਹੈ ਸਗੋਂ ਸਮੁੱਚੀਆਂ ਸਮਾਜਿਕ ਸਰਗਰਮੀਆਂ ਦਾ ਕੇਂਦਰ ਵੀ ਹੈ । ਖੁਸ਼ੀਆਂ ਗਮੀਆਂ ਵੀ ਉਸਦੀ ਹੋਣੀ ਨਾਲ ਜੁੜ ਜਾਂਦੀਆਂ ਹਨ । ਜਨਮ ਦੇ ਗੀਤ ਇਸੇ ਦ੍ਰਿਸਟੀਕੋਣ ਦਾ ਪ੍ਰਗਟਾਵਾਂ ਹਨ । ਲੜਕੀ ਦੇ ਜੰਮਣ ਤੇ ਕਿਸੇ ਤਰ੍ਹਾਂ ਦੇ ਗੀਤਾਂ ਦੀ ਰਚਨਾ ਨਹੀਂ ਮਿਲਦੀ । ਜੇ ਮਿਲਦੀ ਹੈ ਤਾਂ ਲੜਕੀ ਜੰਮਣ ਦੇ ਵਿਰੋਧ ਵਿਚ । ਪਰਿਵਾਰ ਵਿਚ ਜਾਇਦਾਦ ਦੇ ਵਾਰਿਸ ਅਤੇ ਸਮਾਜ ਦੇ ਕੇਂਦਰ ਬਣਨ ਵਾਲੇ ਲੜਕੇ ਦੇ ਪੈਦਾ ਹੋਣ ਉਪਰ ਖੁਸ਼ੀਆਂ ਦਾ ਪ੍ਰਗਟਾਵਾ ਸੁਭਾਵਕ ਹੈ । ਸ਼ਰੀਕਾਂ ਵਲੋਂ ਜਾਇਦਾਦ ਖੁੱਸਣ ਦਾ ਡਰ ਵੀ ਉਨ੍ਹਾਂ ਹੀ ਸੁਭਾਵਕ ਹੈ । ਇਸੇ ਲਈ ਤਾਂ ਉਨ੍ਹਾਂ ਨੂੰ ਇਹ ਖੁਸ਼ੀ ਚੰਗੀ ਨਹੀਂ ਲੱਗਦੀ ।

ਢੋਲਾ ਅੱਧੀ ਅੱਧੀ ਰਾਤੀਂ ਕੋਈ ਵਡੜੇ ਸਵੇਰ,
ਮਾਂਡਲ ਕਿਸ ਘਰ ਜੀ ਵੱਜਦੇ ।
ਢੋਲਾ ਮਾਰੀਏ ਵੱਟਾ ਕੋਈ ਕਰਾਂ ਚਕਨਾ ਚੂਰ,
ਭਾਈਆਂ ਦੇ ਵਿਹੜੇ ਜੀ ਨਾ ਸੱਜਦੇ ।

ਪੁੱਤਰ ਜੰਮਣ ਨਾਲ ਇਸਤ੍ਰੀ ਦਾ ਸਮਾਜਿਕ ਦਰਜ਼ਾ ਉਚਾ ਹੁੰਦਾ ਹੈ ਇਸ ਲਈ ਉਹ ਆਪਣੇ ਪਤੀ ਪਾਸੋਂ ਕੁਝ ਵੀ ਮੰਗਣ ਦੀ ਹੱਕਦਾਰ ਹੋ ਜਾਂਦੀ ਹੈ ਅਤੇ ਮਾਣ ਅਧੀਨ ਉਹ ਸਮੁੱਚੇ ਸ਼ਰੀਕੇ ਨੂੰ ਨੀਵਾਂ ਦਿਖਾਉਣ ਦਾ ਦੁਸਾਹਸ ਵੀ ਕਰਦੀ ਹੈ । ਉਹ ਮੰਗਦੀ ਕੀ ਹੈ, 'ਮੈਂ ਕੀ ਮੰਗਣਾ ਵੇ, ਲੈਣੀ

ਖੂਹੇ ਜਿੱਡੀ ਨੱਥ, ਜਾਂ ਫਿਰ ਮੂਸਲ ਜਿੱਡਾ ਚੌਂਕ, ਚਿੜੀਆਂ ਦਾ ਦੁੱਧ, ਤਾਰਿਆਂ ਦਾ ਹਾਰ'। ਪਰ ਅਜਿਹੀਆਂ ਮੰਗਾਂ ਮਰਦ ਨੂੰ 'ਕਾਰਸਤਾਨੀਆਂ ਦੀ ਮੱਤ' ਦਿਖਾਈ ਦਿੰਦੀਆਂ ਹਨ ਕਿਉਂਕਿ ਉਹ ਸਮਝਦਾ ਹੈ ਕਿ ਉਹਦੀ ਮਤ ਉਸਦੇ ਅਧੀਨ ਹੈ। ਸਤੀ ਮਾਤਾ ਨੂੰ ਆਦਰਸ਼ਿਆਂ ਕੇ ਪੇਸ਼ ਕਰਨਾ ਇਸਤ੍ਰੀ ਪੱਖ ਦੀ ਗੱਲ ਨਹੀਂ। ਮੂਲ ਰੂਪ ਵਿਚ ਲੋਕ-ਸਾਹਿਤ ਵਿਰੇਚਕ ਦੀ ਭੂਮਿਕਾ ਨਿਭਾਉਂਦਾ ਹੈ। ਪੰਜਾਬੀ ਲੋਕ ਸਾਹਿਤ ਵੀ ਇਸਤ੍ਰੀ ਨੂੰ ਸਮਾਜਿਕ ਸਭਿਆਚਾਰਕ ਦਬਾਵਾਂ ਤੋਂ ਪਲ ਭਰ ਦੀ ਰਾਹਤ ਪ੍ਰਦਾਨ ਕਰਦਾ ਹੈ। ਦੂਸਰੇ ਲੋਕ ਸਾਹਿਤ ਦੇ ਰੂਪਾਂ ਉਪਰ ਵੀ ਇਸੇ ਦ੍ਰਿਸ਼ਟੀ ਤੋਂ ਵਿਚਾਰ ਕੀਤਾ ਜਾ ਸਕਦਾ ਹੈ।

1849 ਵਿਚ ਪੰਜਾਬ ਅੰਗ੍ਰੇਜ਼ਾਂ ਦੇ ਅਧੀਨ ਹੋ ਜਾਣ ਨਾਲ ਇਕ ਨਵੇਂ ਯੁੱਗ ਦੀ ਸ਼ੁਰੂਆਤ ਹੁੰਦੀ ਹੈ। ਬਾਹਰੀ ਸਭਿਆਚਾਰ ਦੇ ਟਕਰਾਉਂ ਤੋਂ ਭਾਰਤੀ/ਪੰਜਾਬੀ ਸਭਿਆਚਾਰ ਵਿਚ ਇਕ ਨਵੀਂ ਟੁੱਟ ਭੱਜ ਸ਼ੁਰੂ ਹੁੰਦੀ ਹੈ। ਇਹ ਆਧੁਨਿਕਤਾ ਦੀ ਸ਼ੁਰੂਆਤ ਹੈ। ਇਸ ਯੁੱਗ ਦੀ ਆਧੁਨਿਕਤਾ ਬਾਰੇ ਡਾ. ਕੇਸਰ ਸਿੰਘ 'ਕੇਸਰ' ਦੇ ਵਿਚਾਰ ਬਹੁਤ ਹੀ ਮਹੱਤਵਪੂਰਣ ਹਨ। "ਇਕ ਪਾਸਿਉਂ ਇਹ ਆਧੁਨਿਕਤਾ ਬਰਤਾਨਵੀ ਸਾਮਰਾਜ ਦੀ ਸਿਖਿਆ ਨੀਤੀ ਦੇ ਯੂਰਪੀ ਸਾਹਿਤ ਦੇ ਪ੍ਰਭਾਵ ਦੀ ਦੇਣ ਸੀ। ਇਸ ਪ੍ਰਭਾਵ ਨੇ ਤਰਕਸ਼ੀਲਤਾ ਨਵੀਨਤਾ ਤੇ ਪ੍ਰਗਤੀਸ਼ੀਲਤਾ ਜਿਹੀਆਂ ਗਿਆਨ-ਮੂਲਕ ਕੈਟੇਗਰੀਆਂ ਤੇ ਜ਼ੋਰ ਦੇ ਕੇ ਪੁਰਾਣੀਆਂ ਸਾਹਿਤ ਰਵਾਇਤਾਂ, ਮਾਡਲਾਂ ਤੇ ਪ੍ਰਤਿਮਾਨਾਂ ਨੂੰ ਤਿਆਗਣ ਦੀ ਸਾਹਿਤਕ ਸੋਝੀ ਪੈਦਾ ਕੀਤੀ। ਨਵੀਂ ਸੰਵੇਦਨਾ, ਨਵੇਂ ਇਹ ਲੌਕਿਕ ਦ੍ਰਿਸ਼ਟੀਕੋਣ ਅਤੇ ਨਵੀਆਂ ਮਾਨਵਵਾਦੀ ਵਿਚਾਰਧਾਰਾਵਾਂ ਦੀ ਮੰਗ ਅਨੁਸਾਰ ਨਵੇਂ ਪਾਠਕਾਂ ਤੇ ਨਵੇਂ ਸਾਹਿਤ-ਰੂਪਾਂ ਦੀ ਲੋੜ ਪੈਦਾ ਹੋਈ। ਆਧੁਨਿਕ ਵਸਤੂ ਨੇ ਨਾਵਲ ਨਿੱਕੀ ਕਹਾਣੀ, ਛੋਟੀ ਕਵਿਤਾ ਆਦਿ ਅਨੇਕ ਸਾਹਿਤ ਰੂਪਾਂ ਦਾ ਰੰਗ ਵਟਾਇਆ......ਪਰ ਆਧੁਨਿਕੀਕਰਨ ਦੀ ਤਸਵੀਰ ਦਾ ਇਹ ਇਕ ਪਾਸਾ ਹੈ..... ਦੂਜਾ ਪਾਸਾ.. ...ਬਰਤਾਨਵੀ ਸਾਮਰਾਜ ਦੀਆਂ ਬਸਤੀਵਾਦੀ ਸਿਆਸੀ ਨੀਤੀਆਂ ਦਾ ਪ੍ਰਤਿਰੋਧ, ਰਾਸ਼ਟਰੀ ਤੇ ਕੌਮੀ ਚੇਤਨਾ ਅਤੇ ਸੁਤੰਤਰਤਾ ਸੰਗਰਾਮ ਵਿਚ ਪੰਜਾਬੀਆਂ ਦੀ ਵਿਸ਼ੇਸ਼ ਭੂਮਿਕਾ ਪੰਜਾਬੀ ਸਾਹਿਤ ਦੀ ਆਧੁਨਿਕਤਾ ਦੀ ਤਸਵੀਰ ਨੂੰ ਦੂਜੇ ਰੁਖ ਤੋਂ ਦਿਖਾਉਂਦੀ ਹੈ, ਜਿਸ ਵਿਚ ਮੱਧਕਾਲੀ ਪਰ ਲੋਕ ਮੁਖੀ ਰੂਪ ਵਿਧੀਆਂ ਵਿਦਰੋਹੀ ਵਿਰਸੇ ਦਾ ਪ੍ਰਭਾਵ-ਮੰਡਲ, ਸਮਾਜਮੁਖੀ ਧਾਰਮਿਕਤਾ, ਕਿੱਸਾ-ਕਾਵਿ ਦੀਆਂ ਸਰੋਤਾ-ਮੁਖ ਸਾਹਿਤ ਰੂੜ੍ਹੀਆਂ ਆਪਣੇ ਪੂਰੇ ਜਲਾਲ ਵਿਚ ਤੇ ਨਵੇਂ ਵਸਤੂ ਸਮੇਤ ਦ੍ਰਿਸ਼ਟੀਗੋਚਰ ਹੁੰਦੀਆਂ ਹਨ।" (ਸੋਵੀਨਰ, 12ਵੀਂ ਪੰਜਾਬੀ ਸਰਬ ਹਿੰਦ ਪੰਜਾਬੀ ਲੇਖਕ ਕਾਨਫਰੰਸ ਚੰਡੀਗੜ੍ਹ **25-26** ਅਕਤੂਬਰ, 1997)

ਇਸ ਪਿਛੋਕੜ ਵਿਚ ਹੀ ਸ਼ੁਰੂ ਹੁੰਦਾ ਹੈ ਨਾਰੀ ਪ੍ਰਤਿ ਚੇਤਨਾ ਦਾ ਨਵਾਂ ਦੌਰ। ਭਾਈ ਵੀਰ ਸਿੰਘ ਜਿਹੇ ਧਾਰਮਿਕ ਸਾਹਿਤਕਾਰਾਂ ਨੇ ਤਾਂ ਇਸਤ੍ਰੀ ਨੂੰ ਨਾਇਕਾ ਬਣਾ ਕੇ 18ਵੀਂ ਸਦੀ ਦੇ ਸਿੱਖ ਚੜ੍ਹਤ ਦੇ ਦੌਰ ਨੂੰ ਪਿਛੋਕੜ ਵਿਚ ਰੱਖ ਕੇ ਰਾਜ ਤੋਂ ਵਾਂਝੇ ਗਏ ਸਿੱਖ ਸਮੂਹ ਦੀ ਮਾਨਸਿਕਤਾ ਨੂੰ ਉਚਿਆਣ ਦਾ ਯਤਨ ਕੀਤਾ ਹੈ। ਪਰੰਤੂ ਉਸਨੇ ਮਰਦ ਦੀ ਉੱਚਤਾ ਨੂੰ ਵੀ ਬਰਕਰਾਰ ਰੱਖਿਆ ਹੈ। ਭਾਈ ਵੀਰ ਸਿੰਘ ਕਾਵਿ ਵਿਚ ਕਿਉਂਕਿ ਮੱਧਕਾਲੀ ਗੁਰਮਤਿ ਤੇ ਸੂਫ਼ੀ ਧਾਰਾ ਨੂੰ ਅਗਾਂਹ ਤੋਰਿਆ ਗਿਆ ਹੈ ਇਸ ਲਈ ਇਥੇ ਵੀ ਆਤਮਾ (ਔਰਤ) ਬ੍ਰਹਮ (ਮਰਦ) ਨੂੰ ਪਾਉਣ ਲਈ ਕਰੜੀ ਘਾਲਣਾ ਘਾਲਦੀ ਹੈ। ਬ੍ਰਹਮ (ਮਰਦ) ਅਰੂਪ ਹੋਣ ਕਾਰਣ ਭਾਵਨਾ-ਹੀਣ ਹੈ। ਉਹ ਮਿਲਾਪ ਦਾ ਸੁਆਦ ਤਕ ਨਹੀਂ ਚੱਖ ਜਾਂ ਦੱਸ ਸਕਦਾ। ਇਥੇ ਪ੍ਰਕ੍ਰਿਤੀ (ਇਸਤ੍ਰੀ) ਦੀ ਕਾਦਰ (ਮਰਦ)



ਤੋਂ ਵੱਖਰੀ ਕੋਈ ਸੁਤੰਤਰ ਹੋਂਦ ਨਹੀਂ। ਮੋਟੇ ਤੌਰ ਤੇ ਭਾਈ ਵੀਰ ਸਿੰਘ ਤੇ ਉਸਦੀ ਵਿਚਾਰਧਾਰਾ ਦੇ ਲੇਖਕਾਂ ਨੇ ਬਾਹਰੀ ਪ੍ਰਭਾਵਾਂ ਅਧੀਨ ਮੱਧ ਵਰਗੀ ਸੰਸਕਾਰਾਂ ਹੇਠ ਔਰਤ ਦੀ ਹੋਂਦ ਨੂੰ ਸਵੀਕਾਰ ਕਰਨਾ ਤਾਂ ਸ਼ੁਰੂ ਕਰ ਦਿੱਤਾ ਹੈ, ਪਰ ਅਜੇ ਵੀ ਉਸਨੂੰ ਧਾਰਮਿਕ ਵਲਗਣ ਵਿਚ ਰੱਖ ਕੇ ਮੱਧਕਾਲੀ ਸਦਾਚਾਰ ਨਿਭਾਉਣ ਲਈ ਮਜਬੂਰ ਹੁੰਦਿਆਂ ਵੇਖਿਆ ਜਾ ਸਕਦਾ ਹੈ।

ਪ੍ਰੋ: ਪੂਰਨ ਸਿੰਘ ਪੂਰਨ ਦੀ ਕਥਾ ਨੂੰ ਦੁਹਰਾਉਂਦਾ ਹੋਇਆ ਮਾਂ ਦੇ ਕਿਰਦਾਰ ਨੂੰ ਆਦਰ-ਸ਼ਿਆ ਕੇ ਪੇਸ਼ ਕਰਦਾ ਅਤੇ ਕਾਦਰ ਯਾਰ ਵਾਂਗ ਲੂਣਾ ਨੂੰ ਤ੍ਰਿਸਕਾਰ ਦਾ ਪਾਤਰ ਬਣਾਉਂਦਾ ਹੈ। ਭਾਵੁਕ ਵੇਗ ਵਿਚ ਉਹ ਕਈ ਸਫੇ ਹੇਠ ਲਿਖੇ ਵਿਸ਼ੇਸ਼ਣ ਵਰਤਦਾ ਚਲਾ ਜਾਂਦਾ ਹੈ।

ਲੂਣਾ ਬੱਸ ਪੱਥਰ ਦਾ ਬੁੱਤ, ਨਿਰਜਿੰਦ ਨਿਰਦਿਲ ਹੋਣੀ ਦਾ ਬੁੱਤ ਸੀ,
ਛਲ ਸੀ ਜਿਹੜਾ ਰਾਜੇ ਘਰ ਪਾਇਆ, ਇਕ ਹੈਵਾਂਨ ਸੀ ਆਪ ਮੱਤੀ
ਖਰਣ ਜਾਣਦੀ ਦੂਜਿਆਂ ਨੂੰ ਮਾਰਨਾ, ਜਿੰਦਾਂ ਵੀਟਣੀਆਂ ਆਪਣੀ ਖੁਸ਼ੀ ਲਈ
ਰੱਬ ਦਾ ਨਾ ਡਰ ਨਾ ਭੈ ਕਿਸੇ ਦਾ, ਆਪਣੀ ਹੈਵਾਨੀ ਜਵਾਨੀ ਵਿਚ
ਬੱਜਰ ਦਿਲ, ਬੱਜਰ ਦਿਮਾਗ, ਬੱਜਰ ਅੰਗ, ਆਪਣਾ ਮਤਲਬ ਸਾਧਦੀ
ਅੰਦਰ ਦੀ ਜੋਤ ਬੁਝੀ ਹੋਈ ਲੂਣਾਂ ਦੀ, ਮਿੱਟੀ ਦਾ ਕੀੜਾ,
ਰੂਹ ਸੈਲ ਪੱਥਰ ਹੋਇਆ।

ਸ਼ਿਵ ਨੇ ਲੂਣਾ ਨੂੰ ਜਿਨਸੀ ਅੱਗ ਦੇ ਰੂਪ ਵਿਚ ਪਰਿਵਰਤਿਤ ਕਰ ਦਿਤਾ ਜਿਸਨੂੰ ਉਸਦੇ ਮੇਚ ਦੀ ਅੱਗ ਨਾ ਮਿਲ ਸਕੀ। ਇਸਦੇ ਮੁਕਾਬਲੇ ਦੀਦਾਰ ਸਿੰਘ ਨੇ ਸ਼ਿਵ ਤੋਂ ਸੋਲਾਂ ਸਾਲ ਪਹਿਲਾਂ ਸਮਾਜਿਕ-ਆਰਥਿਕ ਸੰਦਰਭਾਂ ਵਿਚ ਲੂਣਾਂ ਦੀਆਂ ਮਾਨਸਿਕ ਅਤ੍ਰਿਪਤੀਆਂ ਦਾ ਲੇਖਾ ਜੋਖਾ ਕੀਤਾ ਹੈ। ਪੂਰਨ ਸਿੰਘ ਮੂਲ ਰੂਪ ਵਿਚ ਰਹੱਸਵਾਦੀ ਹੈ, ਉਹ 'ਘਰ ਕੀ ਗਹਿਲ' ਦੀ ਗੱਲ ਕਰ ਰਿਹਾ ਹੋਵੇ, ਗੋਹੇ ਥੱਪਣ ਵਾਲੀ ਅਹੀਰਨ ਦੀ ਗੱਲ ਕਰ ਰਿਹਾ ਹੋਵੇ ਜਾਂ ਫ਼ਿਰ ਗਾਰਗੀ ਦੀ ਉਸਦਾ ਰਹੱਸਵਾਦੀ-ਰੁਮਾਂਸ ਭਾਰੂ ਰਹਿੰਦਾ ਹੈ। ਧਨੀ ਰਾਮ ਚਾਤ੍ਰਿਕ ਦੀ ਰਾਧਾ ਵੱਖਰੀ ਹਸਤੀ ਤਾਂ ਗ੍ਰਹਿਣ ਨਹੀਂ ਕਰਦੀ ਪ੍ਰੰਤੂ ਕ੍ਰਿਸ਼ਨ ਪ੍ਰਤਿ ਬੜਬੋਲੀ ਜ਼ਰੂਰ ਹੋ ਗਈ ਹੈ।

ਔਰਤ ਦੀਆਂ ਸਮਾਜਿਕ, ਸਭਿਆਚਾਰਕ, ਆਰਥਿਕ ਤੇ ਮਾਨਸਿਕ ਸਮੱਸਿਆਵਾਂ ਨੂੰ ਸਭ ਤੋਂ ਵੱਧ ਸਥਾਨ ਪ੍ਰਗਤੀਵਾਦੀ ਸਾਹਿਤ ਵਿਚ ਮਿਲਿਆ ਹੈ। ਉਸਦੀ ਆਰਥਿਕ ਆਜ਼ਾਦੀ ਦਾ ਸਮਰਥਕ, ਸਤੀ ਦਾ ਵਿਰੋਧ, ਨਿੱਜੀ ਵਰ ਚੁਣਨ ਦੀ ਸੁਤੰਤਰਤਾ ਦੀ ਵਕਾਲਤ, ਜੰਗ-ਯੁੱਧਾਂ ਵਿਚ ਉਸ ਵਲੋਂ ਸਹੀ ਜਾਂਦੀ ਸਰੀਰਕ-ਮਾਨਸਿਕ ਪੀੜਾ, ਨਵੀਨ ਸੰਦਰਭ ਵਿਚ ਕੰਮ-ਕਾਜੀ ਔਰਤ ਦੇ ਬੋਝਾਂ ਤੇ ਸਮਾਜਿਕ ਪਰਿਵਰਤਨ ਵਿਚ ਉਸਦੀ ਬਰਾਬਰ ਦੀ ਭੂਮਿਕਾ ਨੂੰ ਪ੍ਰਗਤੀਵਾਦੀ ਸਾਹਿਤ ਨੇ ਸਮਕਾਲੀ ਯਥਾਰਥ ਅਤੇ ਭਵਿੱਖ ਦੇ ਸਮਾਜੀ ਪ੍ਰਬੰਧ ਦੇ ਸੁਪਨਿਆਂ ਦੇ ਸੰਦਰਭ ਵਿਚ ਚਿਤਰਿਆ ਹੈ। ਇਹ ਵੀ ਸੱਚ ਹੈ ਮਾਰਕਸਵਾਦੀ ਚੇਤਨਾ ਆਉਣ ਤੋਂ ਪਹਿਲਾਂ ਹੀ ਇਹ ਸੁਰਾਂ ਉਭਰਨ ਲਗੀਆਂ ਸਨ ਜਿਵੇਂ ਐਸ. ਤਰਸੇਮ ਨੇ ਸਵੀਕਾਰ ਕੀਤਾ ਹੈ ਕਿ, "ਬਰਤਾਨਵੀ ਸਾਮਰਾਜ ਦੇ ਵਿਰੋਧ ਦੇ ਰੂਪ ਵਿਚ ਹੀ ਫਿਰਕੂ ਏਕਤਾ, ਜ਼ਾਤਪਾਤ ਦਾ ਖੰਡਨ ਅਤੇ ਇਸਤਰੀ ਵਿਦਰੋਹ ਦੇ ਭਾਵ ਬੋਧ ਵੀ ਇਸ ਕਵਿਤਾ ਵਿਚ ਹੋਂਦ ਗ੍ਰਹਿਣ ਕਰਦੇ ਹਨ। ਇਹ ਕਾਵਿ-ਅਭਿਵਿਅਕਤੀ ਕੇਵਲ ਮਾਰਕਸਵਾਦੀ ਚਿੰਤਨ ਕਾਰਣ ਹੀ ਕਵਿਤਾ ਦਾ ਬਲਵਾਨ ਸੁਰ ਨਹੀਂ ਬਣਦੀ ਸਗੋਂ ਰਾਸ਼ਟਰੀ ਚੇਤਨਾ ਦੀ ਵਿਆਪਕ ਸਵੀਕ੍ਰਿਤੀ

ਵੀ ਇਸ ਨੂੰ ਆਧਾਰਭੂਤ, ਸਮੱਗਰੀ ਪ੍ਰਦਾਨ ਕਰਦੀ ਹੈ ।" ('ਪ੍ਰਗਤੀਵਾਦੀ ਦਾ ਵਿਚਾਰਧਾਰਕ 'ਆਧਾਰ' **ਪ੍ਰਗਤੀਵਾਦ ਤੇ ਪੰਜਾਬੀ ਸਾਹਿਤ** ਸੰਪਾ :—ਰਵਿੰਦਰ ਰਵੀ ਪੰਨਾ-106.)

ਮੋਹਨ ਸਿੰਘ ਅਤੇ ਅੰਮ੍ਰਿਤਾ ਪ੍ਰੀਤਮ ਔਰਤ ਨੂੰ ਜਾਇਦਾਦ ਸਮਝਣ ਦੇ ਜਾਗੀਰਦਾਰੀ ਵਿਚਾਰ ਦਾ ਖੰਡਨ ਕਰਦੇ ਹਨ ਤੇ ਨਾਲ ਹੀ ਅਜੋਕੇ ਸਮਾਜ ਵਲੋਂ ਉਸਨੂੰ ਇਕ ਵਸਤੂ ਵਜੋਂ ਗ੍ਰਹਿਣ ਕਰਨ ਦੀ ਉਪਭੋਗਤਾਵਾਦੀ ਪ੍ਰਵਿਰਤੀ ਨੂੰ ਨੰਗਿਆ ਕਰਦੇ ਹਨ । ਮੋਹਨ ਸਿੰਘ 'ਜਾਇਦਾਦ' ਕਵਿਤਾ ਵਿਚ ਲਿਖਦਾ ਹੈ,

ਬੂਹੇ ਦੇ ਵਿਚ ਚੁੱਪ ਖੜੀ ਸੀ ਜਾਇਦਾਦ
ਕੋਲ ਮਾਲਕ ਉਸਦਾ
ਸਾਹਵੇ ਆਸ਼ਕ ਓਸਦਾ
ਬੂਹੇ ਦੇ ਵਿਚ ਚੁੱਪ ਖੜੀ ਸੀ! ਜਾਇਦਾਦ
ਹਾਇ ਵਿਰਸੇ ਦੀ ਇਹ ਪਥਰਾ ਦੇਣੀ ਛਾਂ
ਹਾਇ ਚੌਗਿਰਦੇ ਦਾ ਇਹ ਲਹੂ ਪੀਣਾ ਦਿਉ
ਹਾਇ ਉਸਦੀ ਮਾਂ ਦੀ ਮਾਂ ਦੀ ਮਾਂ
ਹਾਇ ਉਸਦੇ ਪਿਉ ਦੇ ਪਿਉ ਦਾ ਪਿਉ (ਕੱਚ ਸੱਚ)

ਇਸ ਕਵਿਤਾ ਵਿਚ ਔਰਤ ਨੂੰ ਸੈਲ ਪੱਥਰ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ । ਉਸਦਾ ਪਤੀ ਉਸਨੂੰ ਜਾਇਦਾਦ ਸਮਝਦਾ ਹੈ ਪਰੰਤੂ ਪ੍ਰੇਮੀ ਦ੍ਰਿੜ੍ਹਤਾ ਨਾਲ ਰਾਮ ਵਾਂਗ ਯੁੱਗ ਪਲਟਾ ਕੇ ਉਸਨੂੰ ਅਹਿਲਿਆ ਵਾਂਗ ਸੁਰਜੀਤ ਕਰਨ ਦੀ ਪ੍ਰਤਿਗਿਆ ਕਰਦਾ ਹੈ । ਇਥੇ ਮੋਹਨ ਸਿੰਘ ਦੀ ਮਰਦਾਵੀਂ ਉਪਭਾਵਕਤਾ ਨੂੰ ਵੀ ਧਿਆਨ ਵਿਚ ਰੱਖਣਾ ਚਾਹੀਦਾ ਹੈ ।

ਅੰਮ੍ਰਿਤਾ ਪ੍ਰੀਤਮ ਅੱਜ ਦੀ ਸਥਿਤੀ ਵਿਚ ਔਰਤ ਨੂੰ ਵਸਤੂ ਵਜੋਂ ਵਰਤਣ ਦੀ ਰੁਚੀ ਖਿਲਾਫ਼ ਬੁਲੰਦ ਆਵਾਜ਼ ਉਠਾਉਂਦੀ ਹੈ ।

ਵੇ ਮੈਂ ਕੀ ਆਖਾਂ ਤੇਰੇ ਦੇਸ ਨੂੰ,
ਜਿਦ੍ਹੀ ਵਰਤੀ ਜਾਏ ਨਾਰ ।
ਜਾਂ ਬੱਚੇ ਦੀ ਮਸ਼ੀਨ ਸਮਝ.
ਤੇ ਵਿਸ਼ੇ ਦੀ ਭੱਠੀ ਹਾਰ
ਜਾਂ
ਅੰਨ ਦਾਤਾ ਮੈਂ ਚੰਮ ਦੀ ਗੁੱਡੀ
ਖੇਡ ਲੈ ਖਿਡਾ ਲੈ
ਲਹੂ ਦਾ ਪਿਆਲਾ
ਪੀ ਲੈ ਪਿਲਾ ਲੈ
ਤੇਰੇ ਸਾਹਮਣੇ ਖੜੀ ਹੈ ਅਹਿ
ਵਰਤਣ ਦੀ ਸ਼ੈਅ



ਜਿਵੇਂ ਚਾਹੇ ਵਰਤ ਲੈ
ਮੈਂ ਬੁਰਕੀ ਤੋਂ ਵੱਧ ਕੁਝ ਨਹੀਂ । (ਅੰਨਦਾਤਾ)

ਮੋਹਨ ਸਿੰਘ ਤੇ ਅੰਮ੍ਰਿਤਾ ਪ੍ਰੀਤਮ ਦੋਨੋਂ ਪ੍ਰੀਤ ਨੂੰ ਆਜ਼ਾਦ ਦੇਖਣਾ ਚਾਹੁੰਦੇ ਹਨ । ਇਕ ਅੱਧ ਥਾਂ ਪੰਜਾਬੀਅਤ ਦੇ ਜੋਸ਼ ਵਿਚ ਜਾਗੀਰਦਾਰੀ ਦ੍ਰਿਸ਼ਟੀ ਨੂੰ ਮੋਹਨ ਸਿੰਘ ਨੇ ਆਵਾਜ਼ ਦੇ ਦਿੱਤੀ ਹੈ । (ਜਿਵੇਂ : ਵਿਚ ਜੰਗ ਦੇ ਦੇਵੀ ਕਟਾਰ ਸਾਡੀ, ਵਿਚ ਰੰਗ ਦੇ ਦੇਵੀ ਹੈ ਨਾਰ ਸਾਡੀ) ਬਿੰਬਾਂ ਦੀ ਚੋਣ ਵਿਚ ਵੀ ਕਈ ਵਾਰ ਉਹ ਵਿਲਾਸਤਾ ਵਲ ਵਧੇਰੇ ਰੁਚਿਤ ਹੋ ਜਾਂਦਾ ਹੈ । ਉਸਦੀ ਮਸ਼ਹੂਰ ਕਵਿਤਾ 'ਤਾਜ ਮਹਲ' ਬਾਰੇ ਡਾ. ਅਤਰ ਸਿੰਘ ਦਾ ਵਿਚਾਰ ਹੈ ਕਿ, "ਸਮੁੱਚੀ ਕਵਿਤਾ ਦੀ ਗਤੀ ਕਵੀ ਦੀ ਇਮ ਸਮਾਜਕ ਚੇਤਨਾ ਅਤੇ ਉਸਦੀ ਵਿਅਕਤੀਗਤ ਰੂਪ ਵਿਲਾਸ ਦੀ ਭਾਵਨਾ ਵਿਚਕਾਰ ਇਕ ਦੁੰਵਦ ਦੀ ਨਿਰਧਾਰਿਤ ਕੀਤੀ ਹੋਈ ਹੈ । (ਸਮਦਰਸ਼ਕ, ਪੰਨਾ-51 ) ਪ੍ਰਗਤੀਵਾਦ ਦੇ ਪ੍ਰਭਾਵ ਸਮੇਂ, "ਅੰਮ੍ਰਿਤਾ ਪ੍ਰੀਤਮ ਇਸਤਰੀਤਵ ਦੇ ਗੌਰਵ ਨੂੰ ਉਭਾਰਦੀ ਹੋਈ ਸਮਾਜਵਾਦ ਦੀ ਪ੍ਰਾਪਤੀ ਨੂੰ ਆਪਣੀ ਕਵਿਤਾ ਵਿਚ ਬੜੇ ਹੀ ਕਲਾਮਈ ਢੰਗ ਨਾਲ ਸੰਕਲਪਿਤ ਕਰਦੀ ਹੈ ।" (ਐਸ. ਤਰਸੇਮ, ਪ੍ਰਗਤੀ-ਵਾਦ ਤੇ ਪੰਜਾਬੀ ਸਾਹਿਤ, ਪੰਨਾ-107.) ਇਸੇ ਲਈ ਉਸਨੂੰ ਇਸਤਰੀ ਦੀ ਆਵਾਜ਼ ਕਿਹਾ ਗਿਆ ਹੈ । ਅੱਜ ਕਲ੍ਹ ਉਹ ਰਜਨੀਸ਼ਵਾਦ ਤੋਂ ਪ੍ਰਭਾਵਿਤ ਹੈ ਜੋ ਅਸਲ ਵਿਚ ਤਾਂਤ੍ਰਿਕਵਾਦ ਦਾ ਹੀ ਅਜੋਕਾ ਸੰਸਕਰਣ ਹੈ, ਜੋ ਧਿਆਨ ਦੀ ਪ੍ਰਾਪਤੀ ਲਈ ਔਰਤ ਨੂੰ ਕੇਵਲ ਸੰਭੋਗ ਦੀ ਵਸਤੂ ਸਮਝਦਾ ਹੈ । ਸਮਕਾਲੀ ਪ੍ਰਗਤੀਵਾਦੀ ਸਾਹਿਤ ਨੇ ਇਸਤਰੀ ਦੀਆਂ ਸਮੱਸਿਆਵਾਂ ਨੂੰ ਸਾਹਿਤ ਦੇ ਹਰ ਰੂਪ ਵਿਚ ਪੇਸ਼ ਕੀਤਾ ਹੈ ।

ਨਾਨਕ ਸਿੰਘ ਨੇ ਮਾਨਵਵਾਦੀ ਆਦਰਸ਼ਵਾਦੀ ਦ੍ਰਿਸ਼ਟੀ ਤੋਂ ਇਸਤ੍ਰੀ ਨੂੰ ਇਕ ਤਰ੍ਹਾਂ ਨਾਲ 'ਦੇਵੀ' ਹੀ ਬਣਾ ਦਿੱਤਾ ਹੈ । ਉਂਜ ਉਸਦੇ ਹਰ ਨਾਵਲ ਵਿਚ ਉਨ੍ਹਾਂ ਸਮਾਜਿਕ ਪ੍ਰਸਥਿਤੀਆਂ ਦਾ ਜ਼ਿਕਰ ਹੁੰਦਾ ਹੈ ਇਸਤ੍ਰੀ ਨੂੰ ਵੇਸਵਾ ਬਣਨ ਲਈ ਮਜ਼ਬੂਰ ਕਰਦੀਆਂ ਹਨ । ਸੌਂਕਣ ਦੇ ਕੀਤੇ ਜ਼ੁਲਮਾਂ ਨੂੰ ਅਤੇ ਸ਼ਰਾਬੀ ਪਤੀ ਦੀਆਂ ਜ਼ਿਆਦਤੀਆਂ ਆਦਿ ਨੂੰ ਨਾਨਕ ਸਿੰਘ ਬਾਰ ਬਾਰ ਦੁਹਰਾਉਂਦਾ ਹੈ । ਆਦਰਸ਼ਵਾਦੀ ਮਰਦ ਨਾਵਲਕਾਰ ਇਸਤ੍ਰੀ ਦੇ ਦੁੱਖਾਂ ਦਾ ਬਿਆਨ ਕਰਦੇ ਹੋਏ ਉਪ-ਭਾਵਕ ਹੁੰਦੇ ਹੀ ਨਹੀਂ, ਪਾਠਕ ਨੂੰ ਵੀ ਉਪਭਾਵੁਕਤਾ ਦੇ ਰੋੜ੍ਹ ਵਿਚ ਵਹਾ ਲਿਜਾਂਦੇ ਹਨ । ਉਪ-ਭਾਵੁਕਤਾ ਕੁਝ ਚਿਰ ਦੀ ਕਰੁਣਾ ਤਾਂ ਜਗਾ ਸਕਦੀ ਹੈ ਪਰੰਤੂ ਇਸਤਰੀ ਪ੍ਰਤੀ ਦ੍ਰਿਸ਼ਟੀਕੋਣ ਨੂੰ ਬਦਲਣ ਵਿਚ ਘੱਟ ਹੀ ਸਹਾਈ ਹੰਦੀ ਹੈ । ਫਿਰ ਵੀ ਨਾਨਕ ਸਿੰਘ ਦੀ ਪ੍ਰਾਪਤੀ ਇਹ ਹੈ ਕਿ ਉਸਨੇ ਇਸਤਰੀ ਦੀਆਂ ਸਮੱਸਿਆਵਾਂ ਨੂੰ ਧਾਰਮਿਕ ਵਲਗਣ ਚੋਂ ਕੱਢ ਕੇ ਸਮਾਜਿਕ ਸੰਦਰਭਾਂ ਵਿਚ ਵਿਚਾਰਿਆ । ਯਥਾਰਥਵਾਦੀ/ਪ੍ਰਗਤੀਵਾਦੀ ਨਾਵਲਕਾਰ ਇਸਤਰੀ ਦੀ ਸਥਿਤੀ ਨੂੰ ਚਿਤਰਦੇ ਹੋਏ ਸਮੁੱਚੇ ਸਮਾਜਿਕ ਤਾਣੇ-ਬਾਣੇ ਦਾ ਲੇਖਾ ਜੋਖਾ ਵੀ ਕਰਦੇ ਹਨ ਜਿਸ ਦੇ ਪਿਛੋਕੜ ਵਿਚ ਇਸਤਰੀ ਜਾਇਦਾਦ ਜਾਂ ਵਸਤੂ ਬਣ ਜਾਂਦੀ ਹੈ । ਪ੍ਰਗਤੀਵਾਦੀ ਇਸਤਰੀ ਨੂੰ ਆਰਥਿਕ ਤੌਰ ਤੇ ਆਪਣੇ ਪੈਰੀਂ ਖੜੀ ਹੋ ਕੇ ਸਮਾਜਿਕ ਕੁਰੀਤੀਆਂ ਨਾਲ ਟੱਕਰ ਲੈਂਦਿਆਂ ਵੀ ਵਿਖਾਲਦੇ ਹਨ । ਜਸਵੰਤ ਸਿੰਘ ਕੰਵਲ. (ਹਾਣੀ, ਰੂਪ-ਧਾਰਾ, ਮਿੱਤਰ ਪਿਆਰੇ ਨੂੰ) ਸੁਖਬੀਰ, (ਸੜਕਾਂ ਤੇ ਕਮਰੇ) ਤੇ ਦਲੀਪ ਕੌਰ ਟਿਵਾਣਾ ਦੇ ਸਾਰੇ ਦੇ ਸਾਰੇ ਨਾਵਲ ਇਸ ਦ੍ਰਿਸ਼ਟੀ ਤੋਂ ਵਿਚਾਰਨਯੋਗ ਹਨ । ਇਨ੍ਹਾਂ ਨਾਵਲਕਾਰਾਂ ਤੋਂ ਹੱਟ ਕੇ ਅਜੀਤ ਕੌਰ ਨੇ ਉਪਰਲੇ ਮੱਧਵਰਗ ਦੀਆਂ ਇਸਤਰੀਆਂ ਦੇ ਸਮਾਜਿਕ ਪਿਛੋਕੜ ਨੂੰ ਬੜੀ ਸਮਰੱਥਾ ਨਾਲ ਚਿਤਰਿਆ ਹੈ, ਜਿਨ੍ਹਾਂ ਨੇ ਉਸਨੂੰ ਸਿਰਫ ਵਸਤੂ ਬਣਾ ਕੇ ਰੱਖ ਦਿੱਤਾ ਹੈ । ਉੱਤਰ

ਆਧੁਨਿਕਤਾਵਾਦੀ ਰੁਝਾਨਾਂ ਅਧੀਨ ਜਿਵੇਂ ਦ੍ਰਿਸ਼ਟੀਹੀਣਤਾ ਤੇ ਦਿਸ਼ਾਹੀਣਤਾ ਨੂੰ ਅਪਣਾਇਆ ਜਾ ਰਿਹਾ ਹੈ ਉਵੇਂ ਹੀ ਇਸਤਰੀ ਦੇ ਮਸਲਿਆਂ ਪ੍ਰਤਿ ਵੀ ਉਦਾਸੀਨਤਾ ,ਵਰਤੀ ਜਾ ਰਹੀ ਹੈ ਤੇ ਕੇਵਲ ਉਸਦੇ ਜਿਨਸੀ ਪੱਖ ਨੂੰ ਉਭਾਰਿਆ ਜ਼ਾ ਰਿਹਾ ਹੈ। ਪ੍ਰੇਮ ਪ੍ਰਕਾਸ਼ ਅਜਿਹਾ ਹੀ ਸਾਡਾ ਕਹਾਣੀ-ਕਾਰ ਹੈ।

ਪੰਜਾਬ ਦਾ ਨਾਟਕ ਸ਼ੁਰੂ ਤੋਂ ਹੀ ਸਮਾਜਿਕ-ਯਥਾਰਥ ਨਾਲ ਜੁੜਿਆ ਹੋਇਆ ਹੈ। ਇਸੇ ਲਈ ਇਹ ਛੋਟੀ ਉਮਰ ਦੇ ਵਿਆਹ, ਅਜੋੜ ਵਿਆਹ ਅਤੇ ਮਨਮਰਜ਼ੀ ਦੇ ਖਿਲਾਫ਼ ਵਿਆਹ ਦਾ ਵਿਰੋਧ ਕਰਦਾ ਹੈ। ਇਉਂ ਕਰਦਾ ਉਹ ਔਰਤ ਦੀ ਸੁਤੰਤਰ ਹਸਤੀ ਨੂੰ ਪ੍ਰਵਾਨ ਕਰਦਾ ਹੈ। ਆਈ. ਸੀ. ਨੰਦਾ ਦੇ ਨਾਟਕ ਇਸਦਾ ਉਦਾਹਰਣ ਹਨ। ਡਾ: ਹਰਚਰਨ ਸਿੰਘ ਔਰਤ ਦੀ ਸ਼ਕਤੀ ਨੂੰ ਪਹਿ-ਚਾਣਦਾ ਇਸ ਗੱਲ ਦਾ ਵਿਰੋਧ ਕਰਦਾ ਹੈ ਕਿ ਉਹ ਸਾਰੀ ਉਮਰ ਪਿਉ, ਪਤੀ ਜਾਂ ਪੁੱਤਰਾਂ ਦੇ ਅਧੀਨ ਰਹੇ। (ਸੋਭਾ ਸ਼ਕਤੀ) ਗਾਰਗੀ ਨੇ ਪ੍ਰੇਮ-ਸੰਬੰਧਾਂ ਦੇ ਖੇਤਰ ਵਿਚ ਔਰਤ ਦੀ ਆਜ਼ਾਦੀ ਨੂੰ ਤੀਬਰਤਾ ਨਾਲ ਮਹਿਸੂਸ ਕੀਤਾ ਤੇ ਕਰਵਾਇਆ ਹੈ। (ਲੋਹਾ ਕੁੱਟ) ਮਿਥਿਹਾਸਕ ਸੰਦਰਭ ਨੂੰ ਨਵੇਂ ਅਰਥ ਦੇ ਕੇ ਰਾਜਾ ਰਸਾਲੂ ਦੀ ਮਿੱਥ ਨੂੰ ਤੋੜਿਆ ਹੈ। ਕਪੂਰ ਸਿੰਘ ਘੁੰਮਣ ਜੋ ਰਾਜਾ ਸਿਰਕੱਪ ਦੀ ਨਵ-ਜੰਮੀ ਬੱਚੀ ਨੂੰ ਪਤਨੀ-ਰੂਪ ਵਿਚ ਸਵੀਕਾਰ ਲੈਂਦਾ ਹੈ। (ਰਾਂਣੀ ਕੋਕਲਾਂ) ਸੁਰਜੀਤ ਸਿੰਘ ਸੇਠੀ ਨੇ ਪ੍ਰਯੋਗ ਤੇ ਐਬਸਰਡਿਟੀ ਦੇ ਨਾਮ ਤੇ ਅਰਤ ਦੀ ਜਿਨਸੀ ਜ਼ਿੰਦਗੀ ਨੂੰ ਵਧੇਰੇ ਉਭਾਰਿਆ ਹੈ। ਅੱਜ ਕਲ੍ਹ ਸ਼ੁੱਧ ਨਾਰੀਵਾਦੀ ਚੇਤਨਾ ਅਧੀਨ ਵੀ ਸਿਰਜਣਾ ਹੋਣ ਲੱਗੀ ਹੈ, ਪਰੰਤੂ ਇਹ ਇਕ ਪ੍ਰਾਸਣ ਹੈ। ਡਾ: ਕੇਸਰ ਸਿੰਘ ਕੇਸਰ ਦਾ ਕਥਨ ਇਥੇ ਦੇਣ ਯੋਗ ਹੈ ਕਿ, "ਨਾਰੀਵਾਦੀ ਅੰਦੋਲਨ, ਜਮਹੂਰੀ ਹੱਕਾਂ ਦੀ ਜਦੋਜਹਿਦ ਤੇ ਬੱਚਿਆਂ ਲਈ ਭਲਾਈ ਸਕੀਮਾਂ ਦੀ ਜੋ ਸਰਗਰਮੀ ਨਜ਼ਰ ਆਉਂਦੀ ਹੈ ਉਸਨੇ ਵੀ ਬਹੁਤ ਸਾਰੀ ਸਾਹਿਤ ਸਿਰਜਣਾ ਨੂੰ ਪ੍ਰੇਰਿਤ ਕੀਤਾ ਹੈ ਪਰ ਸੀਮਾ ਇਸ ਸਾਹਿਤ ਦੀ ਵੀ ਊਹੀ ਹੈ ਕਿ ਹੱਕਾਂ ਦੀ ਲੜਾਈ ਨੂੰ ਵਿਸ਼ਵ ਭਰ ਦੇ ਕਿਰਤੀਆਂ ਤੇ ਰਚਨਾਕਾਰਾਂ ਦੀ ਲੜਾਈ ਦੇ ਅੰਗ ਵਜੋਂ ਨਾ ਦੇਖ ਕੇ ਵਿਤਰੇਕ ਰੂਪ ਵਿਚ ਦੇਖਿਆ ਜਾ ਰਿਹਾ ਹੈ।" (ਸੋਵੀਨਾਰ, 12ਵੀਂ ਸਰਬ ਹਿੰਦ ਪੰਜਾਬੀ ਕਾਨਫਰੰਸ)

ਉਪਰੋਕਤ ਚਰਚਾ ਇਹ ਨਤੀਜਾ ਕੱਢਣ ਲਈ ਕਾਫੀ ਹੈ ਕਿ ਅਚੇਤ ਗ੍ਰਿਹਣ ਕੀਤੇ ਸਾਮੂਹਿਕ ਅਵਚੇਤਨ ਦੇ ਇਸਤਰੀ ਪ੍ਰਤੀ ਨਕਾਰਾਤਮਕ ਦ੍ਰਿਸ਼ਟੀ ਦੇ ਪ੍ਰਗਟਾ ਨੂੰ, ਤੇ ਕਿਸੇ ਨਾ ਕਿਸੇ ਰੂਪ ਵਿਚ ਭਗਤੀ ਵਿਚ ਬਾਧਕ ਮੰਨ ਕੇ ਉਸਨੂੰ ਨਿੰਦਣ ਦੀ ਪ੍ਰਵਿਰਤੀ ਨੂੰ ਛੱਡ ਕੇ ਬਾਕੀ ਦਾ ਪੰਜਾਬੀ ਸਾਹਿਤ ਇਸਤਰੀ ਦੇ ਹੱਕ ਵਿਚ ਖਲੋਂਦਾ ਹੈ। ਲੋੜ ਹੈ ਇਸ ਧਾਰਾ ਨੂੰ ਅਗਾਂਹ ਤੋਰਨ ਦੀ ਤੇ ਵਿਸ਼ਾਲ ਸੰਘਰਸ਼ ਨਾਲ ਜੁੜਕੇ ਇਸਤਰੀ ਦੀ ਹਾਲਤ ਸੁਧਾਰਨ ਦੀ ਅਤੇ ਅਜਿਹੀਆਂ ਮਾਨਵੀ ਪ੍ਰਸਥਿਤੀਆਂ ਪੈਦਾ ਕਰਨ ਦੀ, ਜਿਸ ਵਿਚ ਔਰਤ ਇਕ ਮਾਨਵੀ ਹਸਤੀ ਵਜੋਂ ਵਿਚਰ ਸਕੇ।

(ਰੀਡਰ, ਪੰਜਾਬੀ ਵਿਭਾਗ, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ।)



## ਪੂੰਜੀਵਾਦੀ ਅਤੇ ਸੋਵੀਅਤ ਸਮਾਜਾਂ ਵਿਚ ਬੇਗਾਨਗੀ ਦਾ ਮਸਲਾ/ਪਿਆਰਾ ਸਿੰਘ ਸਹਿਰਾਈ

ਅਸੀਂ ਪੂੰਜੀਵਾਦੀ ਆਰਥਕ-ਸਮਾਜਕ ਹਾਲਤਾਂ ਵਿਚ ਰਹਿ ਰਹੇ ਹਾਂ। ਇਹਦੇ ਨਾਲ ਹੀ ਸਾਡੇ ਦੇਸ ਵਿਚ ਫਿਊਡਲ (ਜ਼ਿਮੀਂਦਾਰੀ-ਜਾਗੀਰੂ) ਸਮਾਜਕ ਰਿਸ਼ਤਿਆਂ ਨੂੰ ਵੀ ਪਰਧਾਨਤਾ ਹਾਸਲ ਹੈ। ਕਿਉਂਜੁ ਜ਼ਰਾਇਤੀ ਖੇਤਰ ਅਜੇ ਪੂੰਜੀਵਾਦੀ ਆਰਥਕਤਾ ਦੀ ਪਕੜ ਤੋਂ ਲਗਭਗ ਬਚਿਆ ਰਿਹਾ ਹੈ।

ਪੂੰਜੀਵਾਦ ਦਾ ਜਨਮ ਯੂਰਪ ਵਿਚ ਉਦਯੋਗਿਕ ਇਨਕਲਾਬ ਦੇ ਨਤੀਜੇ ਦੇ ਤੌਰ 'ਤੇ ਹੋਇਆ ਸੀ ਅਤੇ ਇਹਨੇ ਮਨੁੱਖ ਨੂੰ ਬੜੀਆਂ ਵੱਡੀਆਂ ਆਸਾਂ ਬਨ੍ਹਾਈਆਂ ਸਨ। ਜਾਗੀਰੂ (ਫ਼ਿਊਡਲ) ਸਮਾਜ ਵਿਚ ਮੁਜ਼ਾਰਾ ਤੇ ਕਿਸਾਨ ਜ਼ਿਮੀਂਦਾਰਾਂ-ਜਾਗੀਰਦਾਰਾਂ ਦੇ ਰਹਿਮੋ-ਕਰਮ ਉਤੇ ਸੀ ਅਤੇ ਉਨ੍ਹਾਂ ਨੂੰ ਕੋਈ ਨਾਗਰਿਕ ਹੱਕ ਹਾਸਲ ਨਹੀਂ ਸਨ. ਕਾਨੂੰਨ ਨਾਂ ਦੀ ਕੋਈ ਚੀਜ਼ ਅਸਲ ਵਿਚ ਹੈ ਹੀ ਨਹੀਂ ਸੀ। ਹਾਕਮ ਦਾ ਹੁਕਮ ਹੀ ਕਾਨੂੰਨ ਸੀ। ਜੇ ਕਿਤੇ ਨਾਂ-ਮਾਤਰ ਨੂੰ ਕੋਈ ਕਾਨੂੰਨ ਸੀ ਵੀ ਤਾਂ ਉਹ ਸਰਬ-ਵਿਆਪੀ ਤੌਰ ਤੇ ਲਾਗੂ ਨਹੀਂ ਸੀ ਹੁੰਦਾ।

ਮੁਜ਼ਾਰਾ-ਕਿਸਾਨ ਲੱਕ ਤੋੜਵੀਂ ਮਿਹਨਤ ਕਰਦਾ. ਪਰ ਉਹਨੂੰ ਤੇ ਉਹਦੇ ਪਰਵਾਰ ਨੂੰ ਢਿੱਡ ਭਰ ਕੇ ਰੋਟੀ ਨਹੀਂ ਸੀ ਮਿਲਦੀ। ਤਨ ਲਈ ਕਪੜਾ ਨਹੀਂ ਸੀ ਮਿਲਦਾ. ਸਿਰ ਉਤੇ ਛੱਤ ਸਰਕੜੇ ਤੇ ਕੱਖਾਂ ਕਾਨਿਆਂ ਦੀ ਹੀ ਸੀ. ਤੇ ਇਹਨਾਂ ਝੁੱਗੀਆਂ ਝੌਂਪੜੀਆਂ ਵਿਚ ਉਹ ਅੱਧੇ-ਨੰਗੇ, ਅੱਧੇ ਭੁੱਖੇ ਅਤਿ ਗਰੀਬੀ ਤੇ ਥੁੜੋਂ ਦਾ ਜੀਵਨ ਬਿਤਾਉਂਦੇ ਸਨ। ਪਰ ਏਨਾ ਜ਼ਰੂਰ ਸੀ ਕਿ ਕਿਸਾਨ ਜਾਂ ਮੁਜਾਰਾ ਜਦੋਂ ਖੇਤ ਵਿਚ ਫਸਲ ਬੀਜਦਾ ਤੇ ਉਹਨੂੰ ਉਸਦੀ ਨਿਸਰਦੀ ਵੇਖਦਾ ਤਾਂ ਉਹਨੂੰ ਪ੍ਰਸੰਨਤਾ ਹੁੰਦੀ ਸੀ। ਇਹ ਉਹਨੂੰ ਆਪਣੀ ਕ੍ਰਿਤ ਦਾ ਪ੍ਰਤੱਖ ਫਲ ਦਿਸਦਾ ਹੈ. ਉਹ ਇਹਦੇ ਨਾਲ ਜੁੜਿਆ ਹੋਇਆ ਸੀ, (ਉਂਜ ਭਾਵੇਂ ਫਸਲ ਦਾ ਝਾੜ ਝੜਨ ਪਿਛੋਂ ਜ਼ਿਮੀਂਦਾਰ ਸੌ ਵਲ ਫ਼ਰੇਬ ਤੇ ਧੋਖੇ ਨਾਲ ਕਰੀਬ-ਕਰੀਬ ਸਾਰੀ ਫਸਲ ਹੀ ਹੜੱਪ ਕਰ ਜਾਂਦਾ ਸੀ) ਇਸ ਕਰਕੇ ਬੇਗਾਨਗੀ ਦੇ ਅਹਿਸਾਸ ਨੇ ਉਹ ਭਿਆਨਕ ਰੂਪ ਧਾਰਨ ਨਹੀਂ ਸੀ ਕੀਤਾ ਜਿਹੜਾ ਅੱਜ ਪੂੰਜੀਵਾਦੀ ਪੈਦਾਵਾਰ ਦੇ ਅਮਲ ਵਿਚ ਸਾਡੇ ਸਾਹਮਣੇ ਹੈ। ਪੂੰਜੀਵਾਦੀ ਪੈਦਾਵਾਰ ਕਿਉਂਜੋ ਬਹੁਤ ਵੱਡੇ ਪੈਮਾਨੇ ਉਤੇ ਹੁੰਦੀ ਹੈ, ਅਤੇ ਕਾਮਾ ਪੂਰੀ ਵਸਤੂ ਤਿਆਰ ਨਹੀਂ ਕਰਦਾ ਸਗੋਂ ਉਹਦਾ ਇਕ ਭਾਗ ਹੀ ਬਣਾਉਂਦਾ ਹੈ, ਜਿਸ ਦੀ ਉਦਾਹਰਣ ਸਰੂਪ. ਬੂਟਾਂ ਦੇ ਕਾਰਖਾਨੇ ਬੂਟ ਦੇ ਵੱਖ ਵੱਖ ਹਿੱਸੇ ਵੱਖ ਵੱਖ ਸੈਕਸ਼ਨਾਂ ਵਿਚ ਬਣਦੇ ਹਨ। ਜੇ ਤਲਾ ਇਕ ਸੈਕਸ਼ਨ ਵਿਚ ਬਣਦਾ ਹੈ ਤਾਂ ਉਪਰਲਾ ਹਿੱਸਾ ਦੂਜੀ ਸੈਕਸ਼ਨ, ਹੀਲ ਤੀਜੀ ਸੈਕਸ਼ਨ ਵਿਚ, ਫੋਮ-ਲਾਈਨਿੰਗ ਚੌਥੀ ਸੈਕਸ਼ਨ ਵਿਚ ਤੇ ਫਿਨਿਸ਼ਿੰਗ ਇਕ ਹੋਰ ਸੈਕਸ਼ਨ ਵਿਚ, ਇਸ ਤਰ੍ਹਾਂ ਇਕ ਹਿੱਸਾ ਬਣਾ ਰਿਹਾ ਕਾਮੇ ਸਾਹਮਣੇ ਬੂਟ ਬਿਲਕੁਲ ਨਹੀਂ ਹੁੰਦਾ, ਉਹ ਬੂਟ ਨਹੀਂ ਬਣਾ ਰਿਹਾ ਹੁੰਦਾ, ਇਸ ਤਰ੍ਹਾਂ ਬੂਟ ਤੇ ਮੋਚੀ ਵਿਚਲਾ ਉਹ ਰਿਸ਼ਤਾ ਖਤਮ ਹੋ ਚੁਕਿਆ ਹੁੰਦਾ ਹੈ ਜਿਹੜਾ ਘਰੋਗੀ ਉਦਯੋਗ ਵੇਲੇ ਅਰਥਾਤ ਦਸਤਕਾਰੀ ਦੇ ਦੌਰ ਵਿਚ ਕਾਇਮ ਸੀ ਜਦੋਂ ਮੋਚੀ ਜਿਸਦਾ ਬੂਟ ਬਣਾਉਣਾ ਹੁੰਦਾ, ਉਸਦਾ ਨਾਪ ਵੀ ਲੈਂਦਾ ਸੀ, ਫੇਰ ਡੀਜ਼ਾਈਨ ਵੀ ਆਪ ਹੀ ਬਣਾਉਂਦਾ ਸੀ, ਤੇ ਬੂਟ ਨੂੰ ਮੁਕੰਮਲ ਸ਼ਕਲ ਵਿਚ ਬਣਾ ਕੇ ਗਾਹਕ ਨੂੰ ਦੇਂਦਾ ਸੀ। ਵੱਧ ਤੋਂ ਵਧ ਇਹ ਕਿ ਨਾਪ ਤੇ ਡੀਜ਼ਾਈਨ ਦਾ ਕੰਮ ਇਕ ਜਣਾ ਕਰਦਾ ਸੀ ਤੇ ਬੂਟ ਦੂਜੇ ਕਾਰੀਗਰ ਬਣਾਉਂਦੇ

ਸੀ। ਸੋ, ਕਾਮੇ ਤੇ ਉਹਦੀ ਕਿਰਤ ਵਿਚ ਇਕ ਅਪਣਤ ਦਾ ਰਿਸ਼ਤਾ ਕਾਇਮ ਰਹਿੰਦਾ ਸੀ। ਪੈਦਾਵਾਰ ਦੇ ਇਸ ਪੜਾਉ ਉਤੇ ਬੇਗਾਨਗੀ ਦਾ ਜਜ਼ਬਾ ਪੈਦਾ ਨਹੀਂ ਸੀ ਹੋਇਆ।

ਦੂਜੇ, ਦਸਤਕਾਰੀ ਦੌਰ ਵਿਚ ਮੁਨਾਫ਼ੇ ਦੀਆਂ ਵਾਗਾਂ ਖੁਲ੍ਹੀਆਂ ਨਹੀਂ ਸਨ। ਮੋਚੀ ਲਾਗਤ ਨਾਲੋਂ ਏਨਾ ਕੁ ਵਧ ਮੁੱਲ ਵਸੂਲ ਕਰਦਾ ਸੀ ਜਿਸ ਨਾਲ ਉਹ ਆਪਣੇ ਪਰਵਾਰ ਦਾ ਗੁਜ਼ਾਰਾ ਚਲਾ ਸਕੇ—ਸਾਦ-ਮੁਰਾਦਾ ਜਿਹਾ ਗੁਜ਼ਾਰਾ। ਜੇ ਕੋਈ ਉਦਯੋਗਕਾਰ ਪੰਜ ਚਾਰ ਜਾਂ ਵੱਧ ਮੋਚੀਆਂ ਨੂੰ ਮੁਲਾਜ਼ਮ ਰਖਕੇ, ਉਜ਼ਰਤ ਦੇ ਕੇ, ਕੰਮ ਚਲਾਉਂਦਾ, ਤਦ ਵੀ ਮੁਨਾਫ਼ਾ 'ਜਾਇਜ਼' ਹੱਦਾਂ ਦੇ ਅੰਦਰ-ਅੰਦਰ ਹੀ ਰਹਿੰਦਾ ਸੀ, ਨਾਲੇ, ਖਰੀਦਾਰ ਤੇ ਵਿਕਰੇਤਾ (ਉਤਪਾਦਕ) ਵਿਚਕਾਰ ਨਿਜੀ ਜ਼ਾਣ-ਪਛਾਣ ਵੀ ਕਾਇਮ ਰਹਿੰਦੀ ਸੀ।

ਪਰ ਵਡੇ ਪੈਮਾਨੇ ਦੀ ਪੈਦਾਵਾਰ ਦੀਆਂ ਹਾਲਤਾਂ ਵਿਚ ਇਹ ਸਥਿਤੀ ਪੂਰੀ ਤਰ੍ਹਾਂ ਬਦਲ ਜਾਂਦੀ ਹੈ। ਨਾ ਤਾਂ ਉਤਪਾਦਕ ਤੇ ਗਾਹਕ ਵਿਚਕਾਰ ਕੋਈ ਨਿਜੀ ਜਾਣ-ਪਛਾਣ ਕਾਇਮ ਰਹਿੰਦੀ ਹੈ, ਤੇ ਨਾ ਹੀ ਕਾਮੇ ਤੇ ਉਹਦੀ ਉਪਜਾਈ ਹੋਈ ਵਸਤੂ ਵਿਚਲਾ ਸਬੰਧ (ਜੋ ਅਪਣਤ ਦੀ ਭਾਵਨਾ ਨੂੰ ਜਨਮ ਦਿੰਦਾ ਸੀ) ਕਾਇਮ ਰਹਿੰਦਾ ਹੈ। ਹੋਰ ਇਹ ਵੀ ਕਿ ਪੂੰਜੀਵਾਦੀ ਹਾਲਤਾਂ ਵਿਚ ਪੈਦਾਵਾਰ ਲੋਕਾਂ ਦੀਆਂ ਦੀਆਂ ਬਾਹਰਮੁਖੀ-ਅਰਥਾਤ ਜ਼ਰੂਰੀ ਲੋੜਾਂ ਨੂੰ ਮੁਖ ਰਖਕੇ ਨਹੀਂ ਕੀਤੀ ਜਾਂਦੀ, ਸਗੋਂ ਵੱਧ ਤੋਂ ਵੱਧ ਮੁਨਾਫਾ ਖਾਣ ਲਈ ਹੀ ਕੀਤੀ ਜਾਂਦੀ ਹੈ। ਹਾਂ, ਸੂਚਨਾ ਮਾਧਿਅਮਾਂ ਦੀ ਮਦਦ ਨਾਲ ਅੰਤਰਮੁਖੀ ਲੋੜਾਂ ਦਾ ਉਪਜਾਇਆ ਜਾਣਾ ਵੀ ਮੁਨਾਫੇ ਖਾਤਰ ਹੀ ਹੁੰਦਾ ਹੈ। ਪੈਦਾਵਾਰ ਦਾ ਇਹ ਅਮਲ ਬੇਗਾਨਗੀ ਦੇ ਅਹਿਸਾਸ ਨੂੰ ਜਨਮ ਦਿੰਦਾ ਹੈ, ਕਿਉਂਜੋ ਪੈਦਾਵਾਰ ਦੇ ਅਮਲ ਵਿਚ ਕਾਮੇ ਨੂੰ, ਸਿਵਾਏ ਆਪਦੀ ਉਜਰਤ ਵੇਚਣ ਦੀ ਕ੍ਰਿਆ ਤੋਂ ਬਿਲਕੁਲ ਹੀ ਕੋਈ ਦਿਲਚਸਪੀ ਨਹੀਂ ਹੁੰਦੀ।

ਉਦਯੋਗਿਕ ਕ੍ਰਾਂਤੀ ਪਿਛੋਂ ਆਮ ਕਿਰਤੀਆਂ ਤੇ ਮੁਲਖਈਏ ਦੀਆਂ ਆਸਾਂ ਉਮੰਗਾਂ ਨੂੰ ਖੰਭ ਲਗ ਗਏ ਸਨ। ਇਸ ਕ੍ਰਾਂਤੀ ਨੇ ਬਹੁਲਤਾ ਦਾ ਇਕਰਾਰ ਕੀਤਾ ਹੈ। ਠੀਕ, ਪੂੰਜੀਵਾਦੀ ਪੈਦਾਵਾਰ ਪ੍ਰਬੰਧ ਨੇ ਆਦਮੀ ਨੂੰ ਜ਼ਿਮੀਂਦਾਰਾਂ-ਜਾਗੀਰਦਾਰਾਂ ਦੇ ਖੂਨੀ ਪੰਜੇ ਵਿਚੋਂ ਛੁਡਾਇਆ, ਜਾਗੀਰੂ ਗੁਲਾਮੀ ਦਾ ਖਾਤਮਾ ਕਰਕੇ ਕਿਰਤੀ ਦੀ ਇਹ ਹਾ-ਪੱਖੀ ਆਜ਼ਾਦੀ ਪ੍ਰਦਾਨ ਕੀਤੀ ਕਿ ਉਹ ਜਿਥੇ ਜਾਕੇ ਚਾਹੇ ਕੰਮ ਕਰ ਸਕਦਾ ਹੈ ਤੇ ਆਪਣੇ ਕੰਮ ਲਈ ਹੱਕੀ ਮਜ਼ਦੂਰੀ ਲੈ ਸਕਦਾ ਹੈ। ਉਸਤੋਂ ਨੀਅਤ ਘੰਟਿਆਂ ਤੋਂ ਵੱਧ ਵਗਾਰੂ ਢੰਗ ਨਾਲ ਜ਼ੋਰ ਜ਼ਬਰਦਸਤੀ ਕੰਮ ਕਰਾ ਲਿਆ ਜਾ ਸਕਦਾ, ਤੇ ਬਾਕੀ ਦੇ ਘੰਟੇ ਉਹ ਜਿਤਨੇ ਚਾਹੇ ਖਰਚ ਕਰ ਸਕਦਾ ਹੈ। ਪਰ ਇਹਦੇ ਨਾਲ ਹੀ ਆਪਣੇ ਕਿਰਤ ਦੇ ਫਲ ਵਿਚ ਉਹਦੀ ਦਿਲਚਸਪੀ ਮੁਕ ਚੁੱਕੀ ਹੁੰਦੀ ਹੈ ਤੇ ਬੇਗਾਨਗੀ ਦਾ ਜਜ਼ਬਾ ਪੂਰੀ ਤਰ੍ਹਾਂ ਛਾ ਗਿਆ ਹੋਇਆ ਹੁੰਦਾ ਹੈ।

ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਬੇਗਾਨਗੀ ਅਰਥਾਤ ਵਿਯੋਗੇ ਜਾਣ ਦਾ ਮਸਲਾ ਕੋਈ ਨਵਾਂ ਮਸਲਾ ਨਹੀਂ। ਆਰਥਕ ਖੇਤਰ ਤੋਂ ਬਾਹਰ ਵੀ ਬੇਗਾਨਗੀ ਦਾ ਪ੍ਰਗਟਾਉ ਵੇਖਿਆ ਜਾ ਸਕਦਾ ਹੈ। ਅਸਲ ਵਿਚ ਮਨੁੱਖ ਉਦੋਂ ਹੀ ਬੇਗਾਨਗੀ ਦਾ ਸ਼ਿਕਾਰ ਹੁੰਦਾ ਹੈ ਜਦੋਂ ਉਹ ਆਪਣੇ



ਆਪ ਨੂੰ ਕਿਸੇ ਨਾਲ ਸੰਬੰਧਤ ਹੋਣ ਦੀ ਥਾਂ, ਹੋਰਨਾਂ ਨਾਲ ਜੁੜਿਆ ਹੋਇਆ ਹੋਣ ਦੀ ਥਾਂ ਨਿਖੜਿਆ ਹੋਇਆ ਅਤੇ ਅਜਨਬੀ ਸਮਝਣ ਲਗ ਪੈਂਦਾ ਹੈ।

ਘੋ ਮਨੋਵਿਗਿਆਨੀ ਐਰਿਕ ਫੌਰਮ ਅਨੁਸਾਰ, ਰੱਬ ਨੂੰ ਮੰਨਣ ਵਾਲੇ ਇਕ ਈਸ਼ਵਰ-ਵਾਦੀਆਂ ਅਤੇ ਮੂਰਤੀ ਪੂਜਕਾਂ ਦੇ ਸੰਬੰਧ ਵਿਚ ਇਹਨੂੰ ਸਹਿਜੇ ਹੀ ਵੇਖਿਆ ਗਿਆ ਹੈ। ਮਨੁੱਖ ਦੇਵੀ ਦੇਵਤਿਆਂ ਨੂੰ ਚਿਤਵਦਾ ਤੇ ਉਹਨਾਂ ਦੀਆਂ ਸੁਹਣੀਆਂ ਸੁਹਣੀਆਂ ਮੂਰਤੀਆਂ ਬਣਾਉਂਦਾ ਹੈ, ਉਹਨਾਂ ਦੀ ਪੂਜਾ ਸ਼ੁਰੂ ਕਰਦਾ ਹੈ, ਉਹਨਾਂ ਅੱਗੇ ਮੱਥੇ ਟੇਕਦਾ ਹੈ, ਉਹ ਇਹ ਭੁੱਲ ਜਾਂਦਾ ਹੈ ਕਿ ਮੂਰਤੀ ਤਾਂ ਉਹਦੇ ਹੱਥਾਂ ਦੀ ਹੀ ਕ੍ਰਿਤ ਹੈ। ਮੂਰਤੀ ਤਾਂ ਉਹਦੇ ਨਾਲੋਂ ਬਾਹਰਲੀ, ਕੋਈ ਉਪਰਲੀ ਸ਼ਕਤੀ ਬਣ ਜਾਂਦੀ ਹੈ ਅਤੇ ਇਹਦੇ ਸਾਹਮਣੇ ਮਨੁੱਖ ਆਪਣੇ ਆਪ ਨੂੰ ਨਿਗੂਣਾ ਸਮਝਣ ਲਗਦਾ ਹੈ, ਉਹ ਪੱਥਰ ਦੀ ਮੂਰਤੀ ਨੂੰ ਅਲੌਕਿਕ ਸ਼ਕਤੀਆਂ ਪ੍ਰਦਾਨ ਕਰਦਾ ਹੈ, ਤੇ ਫੇਰ ਇਹਨਾਂ ਹੀ ਸ਼ਕਤੀਆਂ ਦਾ ਦਾਸ ਬਣ ਜਾਂਦਾ ਹੈ। ਪੱਥਰ ਹੁਣ ਪੱਥਰ ਨਹੀਂ ਰਹਿੰਦਾ, ਇਹ ਤਾਂ ਮਨੁੱਖੀ ਹੱਥਾਂ ਦੀ ਹੁਨਰੀ ਸ਼ਕਤੀ ਸਦਕਾ ਇਕ ਦੈਵੀ ਤਾਕਤ ਬਣ ਚੁੱਕਿਆ ਹੁੰਦਾ ਹੈ। ਮਨੁੱਖ ਖੁਦ ਆਪਣੀ ਜੀਵਨ-ਸ਼ਕਤੀ ਇਸ ਮੂਰਤੀ ਨੂੰ ਬਖਸ਼ਦਾ ਹੈ, ਆਪ ਤੁੱਛ, ਨਿਰਬਲ ਬਣ ਜਾਂਦਾ ਹੈ, ਅਤੇ ਇਥੋਂ ਹੀ ਉਸ ਵਿਚ ਬੇਗਾਨਗੀ ਦਾ ਅਹਿਸਾਸ ਪੈਦਾ ਹੁੰਦਾ ਹੈ ਕਿਉਂਜੁ ਇਹ ਮੂਰਤੀਆਂ ਉਹਦੇ ਲਈ ਉਹਦੀ ਆਪਣੀ ਉਪਜਾਊ ਕਿਰਤ ਦਾ ਸਿੱਟਾ ਨਹੀਂ ਰਹਿੰਦੀਆਂ, ਸਗੋਂ ਉਹਦੇ ਨਾਲੋਂ ਵਖਰੀਆਂ ਕੋਈ ਤਾਕਤਾਂ ਬਣ ਜਾਂਦੀਆਂ ਹਨ ਜਿਹਨਾਂ ਨੂੰ ਉਹਨੇ ਖੁਸ਼ ਰਖਣਾ ਹੁੰਦਾ ਹੈ, ਉਹਨਾਂ ਤੋਂ ਕੁਝ ਮੰਗਣਾ ਹੁੰਦਾ ਹੈ।

ਮੂਰਤੀ ਦੇ ਟਾਕਰੇ ਉਤੇ ਰੱਬ ਅਰਥਾਤ ਇਕ ਈਸ਼ਵਰ ਦਾ ਵਿਚਾਰ ਬੇਗਾਨਗੀ ਨੂੰ ਜਨਮ ਨਹੀਂ ਦਿੰਦਾ। ਰੱਬ ਇਹਨੂੰ ਮੰਨਣ ਵਾਲੇ ਲਈ ਕੋਈ "ਵਸਤੂ" ਨਹੀਂ। ਇਕ-ਈਸ਼ਵਰਵਾਦ ਦਾ ਵਿਚਾਰ ਤਾਂ ਮਨੁੱਖ ਨੂੰ ਆਪਣੀ ਅਥਾਹ, ਅਮੁੱਕ ਸਕਤੀ ਦਾ ਅਹਿਸਾਸ ਕਰਵਾਉਂਦਾ ਹੈ। ਇਕ-ਈਸ਼ਵਰਵਾਦੀ ਸੰਕਲਪ ਵਿਚ ਰੱਬ ਦੀ ਪ੍ਰੀਭਾਸ਼ਾ ਨਹੀਂ ਕੀਤੀ ਜਾ ਸਕਦੀ, ਉਹਦੀ ਪਛਾਣ ਨਹੀਂ ਕੀਤੀ ਜਾ ਸਕਦੀ। ਇਸੇ ਲਈ ਤਾਂ ਉਹਨੂੰ ਨਿਰਾਕਾਰ, ਚੱਕਰ-ਚਿਹਨ ਰਹਿਤ ਦਸਿਆ ਗਿਆ ਹੈ, ਉਹ ਮਨੁੱਖ ਦੀ ਰਚਨਾ ਹੈ ਤੇ ਅਨੰਤ ਗੁਣਾਂ ਦਾ ਮਾਲਕ ਹੈ। ਇਸ ਸੰਕਲਪ ਸਦਕਾ ਤਾਂ ਮਨੁੱਖ ਆਪਣੇ ਆਪ ਨੂੰ ਇਕ ਕੇਂਦਰ ਸਮਝਣ ਲਗਦਾ ਹੈ, ਜਿਥੋਂ ਪਿਆਰ ਅਤੇ ਦਿਆਲਤਾ ਦਾ, ਯੁਕਤੀ ਤੇ ਅਕਲ ਦਾ ਪ੍ਰਵਾਹ ਚਲਦਾ ਹੈ। ਰਬ ਮਨੁੱਖ ਤੋਂ ਬਾਹਰ ਨਹੀਂ, ਉਹਦੇ ਅੰਦਰ ਹੈ। ਮਨੁੱਖ ਆਪ ਰੱਬ ਹੈ, ਰੱਬ ਨੂੰ ਦਿਤੇ ਗਏ ਸਾਰੇ ਗੁਣ ਬੰਦੇ ਦੇ ਆਪਣੇ ਗੁਣ ਹਨ, ਬੰਦਾ ਰੱਬ ਨੂੰ ਆਪਣੇ ਗੁਣ ਦੇਣ ਦੇ ਨਾਲ ਆਪਣੇ ਆਪ ਨੂੰ ਇਹਨਾਂ ਤੋਂ ਹੱਥਲ ਨਹੀਂ ਕਰਦਾ, ਕਿਉਂਜੁ ਰੱਬ ਕੋਈ "ਵਸਤੂ" ਨਹੀਂ, ਉਹ ਤਾਂ ਮਨੁੱਖ ਦੀ ਆਪਣਾ ਹੀ ਪਰੋਜੈਕਸ਼ਨ ਹੈ।

ਪਰ ਇਕ ਈਸ਼ਵਰ ਨੂੰ ਮੰਨਣ ਵਾਲੇ ਵੀ ਅੰਤ ਬੁੱਤ-ਪ੍ਰਸੱਤ ਬਣ ਕੇ ਹੀ ਰਹਿ ਗਏ। ਮਨੁੱਖ ਨੇ ਆਪਣੀ ਪਿਆਰ ਤੇ ਤਰਕ ਦੀ ਸ਼ਕਤੀ ਰੱਬ ਨੂੰ ਬਖਸ਼ ਦਿਤੀ, ਇਹਨਾਂ ਨੂੰ ਉਹ ਆਪਣੀਆਂ ਸ਼ਕਤੀਆਂ ਸਮਝਣੋਂ ਹਟ ਗਿਆ, ਅਤੇ ਰੱਬ ਤੋਂ ਇਹ ਮੰਗਣ ਲਗਿਆ। ਇਸ ਤਰ੍ਹਾਂ ਜਦੋਂ ਉਹਨੇ ਆਪਣੇ ਆਪ ਨੂੰ ਤੁੱਛ ਸਮਝਿਆ ਅਤੇ ਆਪਣੇ ਆਪ ਨੂੰ ਆਪਣੀ ਹੀ ਕਲਪਿਤ ਸ਼ਕਤੀ, ਰਬ, ਦੇ ਅਧੀਨ ਕਰ ਦਿਤਾ ਤਦ ਉਸ ਵਿਚ ਬੇਗਾਨਗੀ ਦੇ ਅਹਿਸਾਸ ਨੇ ਜਨਮ ਲੈ ਲਿਆ। ਇਸ ਤਰ੍ਹਾਂ ਜਦੋਂ ਮਨੁੱਖ ਆਪਣੇ ਆਪਣੇ ਆਪ ਨੂੰ ਆਪਣੇ ਤੋਂ ਬਾਹਰਲੀ ਕਿਸੇ ਤਾਕਤ ਦੇ ਅਧੀਨ ਕਰ ਦਿੰਦਾ

ਹੈ, ਉਹ ਦੇਵੀ ਹੋਵੇ, ਰੱਬ ਹੋਵੇ, ਜਾਂ ਕੋਈ ਸੱਤਾਧਾਰੀ ਆਗੂ ਹੋਵੇ ਜਾਂ ਕੋਈ ਵਿਚਾਰਧਾਰਾ ਹੋਵੇ, ਕੋਈ ਸੰਸਥਾ ਹੋਵੇ, ਉਹ ਆਪ ਤੁੱਛ, ਨਿਰਬਲ ਬਣ ਜਾਂਦਾ ਹੈ, ਬੇਗਾਨਗੀ ਦਾ ਸ਼ਿਕਾਰ ਹੋ ਜਾਂਦਾ ਹੈ।

ਜਗਤ-ਪ੍ਰਸਿਧ ਵਿਚਾਰਕ ਰੂਸੋ ਦਾ ਰਾਜ ਦਾ ਸਿਧਾਂਤ ਵੀ ਤਾਂ ਇਸੇ ਹਕੀਕਤ ਉਤੇ ਆਧਾਰਤ ਹੈ। ਉਹ ਵਿਅਕਤੀ ਨੂੰ ਆਪਣੇ ਸਾਰੇ ਅਧਿਕਾਰ ਰਾਜ ਨੂੰ ਬਖਸ਼ ਦੇਣ ਲਈ ਕਹਿੰਦਾ ਹੈ ਤੇ ਰਾਜ ਨੂੰ ਇਕੋ-ਇਕ ਕੁਲ-ਮੁਖਤਾਰ ਬਣਾ ਦਿੰਦਾ ਹੈ। ਵਿਅਕਤੀ ਦੀ ਇਸੇ ਮਾਨਸਿਕਤਾ ਦਾ ਡਿਕਟੇਟਰਾਂ ਨੇ ਲਾਭ ਉਠਾਇਆ।

ਮਨੁੱਖ ਨਿਰਬਲ ਹੈ, ਉਹਨੂੰ ਆਪਣੀ ਸ਼ਕਤੀ ਤੇ ਵਿਸ਼ਵਾਸ ਨਹੀਂ (ਇਸਦਾ ਇਹ ਅਰਥ ਨਹੀਂ ਕਿ ਦੁਨੀਆਂ ਵਿਚ ਸਵੈ-ਵਿਸ਼ਵਾਸ ਵਾਲੇ ਵਿਅਕਤੀ ਅਤੇ ਸਮਾਜਕ ਤੱਤ ਹਨ ਹੀ ਨਹੀਂ। ਏਥੇ ਸਮੁੱਚੇ ਸਮਾਜ ਦੀ, ਔਸਤ ਵਿਅਕਤੀ ਦੀ ਗੱਲ ਕੀਤੀ ਜਾ ਰਹੀ ਹੈ), ਉਹ ਅਰਦਾਸੇ ਕਰਦਾ ਹੈ, ਪ੍ਰਾਰਥਨਾਵਾਂ ਕਰਦਾ ਹੈ, ਦੇਵੀਆਂ ਦੇਵਤਿਆਂ ਨੂੰ ਬਹੁੜਨ ਲਈ ਲਿਲ੍ਹਕੜੀਆਂ ਕਢਦਾ ਹੈ, ਕਿਸੇ ਨਵੇਂ ਪੈਗੰਬਰ ਨੂੰ ਉਡੀਕਦਾ ਹੈ, ਨਿਹਕਲੰਕ ਅਵਤਾਰ ਉਤੇ ਵੀ ਆਸ ਲਾਈ ਬੈਠਾ ਹੈ। ਮਨੁੱਖ ਦੀ ਇਸੇ ਕਮਜ਼ੋਰੀ ਨੇ, ਆਪਣੀ ਸ਼ਕਤੀ ਉਤੇ ਅ-ਵਿਸ਼ਵਾਸ ਨੇ ਹੀਰੋ-ਪੂਜਾ ਨੂੰ ਜਨਮ ਦਿਤਾ। ਇਹ ਹੀਰੋ ਨਪੋਲੀਅਨ ਵੀ ਹੋ ਸਕਦਾ ਹੈ, ਹਿਟਲਰ ਵੀ, ਸਟਾਲਿਨ ਵੀ, ਤੇ ਖੁਦ ਸਾਡੀ ਆਪਦੀ ਇੰਦਰਾ ਗਾਂਧੀ ਵੀ। ਇੰਦਰਾ ਗਾਂਧੀ ਨੂੰ ਐਵੇਂ ਹੀ ਤਾਂ 'ਕਾਲੀ' ਦਾ ਦਰਜਾ ਨਹੀਂ ਸੀ ਦੇ ਦਿਤਾ ਗਿਆ, 'ਚੰਡੀ' ਦਾ ਅਵਤਾਰ ਨਹੀਂ ਸੀ ਆਖ ਦਿਤਾ ਗਿਆ, ਇਥੋਂ ਤਕ ਕਿ ਸਾਡੇ ਸਤਿਕਾਰਤ ਜਗਤ-ਪ੍ਰਸਿੱਧ ਕਲਾਕਾਰ, ਹੁਸੈਨ, ਨੇ ਉਹਨੂੰ ਦੈਵੀ ਗੁਣਾਂ ਵਾਲੀ ਵੀਰਾਂਗਣਾਂ ਵਜੋਂ ਚਿਤਰਿਆ ਸੀ।

ਖੈਰ, ਬੇਗਾਨਗੀ ਦਾ ਅਹਿਸਾਸ ਅਜ, ਆਧੁਨਿਕ ਯੁਗ ਵਿਚ, ਟੈਕਨਾਲੋਜੀਕਲ ਸਮਾਜ ਵਿਚ ਆਪਣੀ ਟੀਸੀ ਛੋਹ ਰਿਹਾ ਹੈ, ਅਤੇ ਇਸੇ ਲਈ ਕਈ ਵਿਚਾਰਵਾਨਾਂ ਨੇ "ਟੈਕਨਾਲੋਜੀਕਲ ਫ਼ਾਸ਼ਿਜ਼ਮ" ਦੇ ਆਗਮਨ ਦੇ ਖਤਰੇ ਬਾਰੇ ਚੇਤਾਉਣੀ ਦਿੱਤੀ ਹੈ। ਮਨੁੱਖ ਦਾ ਆਪਣੇ ਕੰਮ ਨਾਲ, ਚੀਜ਼ਾਂ ਨਾਲ ਜੋ ਉਹ ਭੋਗਦਾ ਹੈ, ਅਤੇ ਰਾਜ ਵਲ, ਤੇ ਆਪਣੇ ਇਰਦ-ਗਿਰਦ ਦੇ ਲੋਕਾਂ ਵੱਲ, ਇਥੋਂ ਤਕ ਕਿ ਖੁਦ ਆਪਣੇ ਵੱਲ ਵੀ ਬੇਗਾਨਗੀ ਦਾ ਹੀ ਰਿਸ਼ਤਾ ਹੈ, ਬੇਗਾਨਗੀ ਤਾ ਮਨੁੱਖ ਦੇ ਪੂਰੇ ਜੀਵਨ ਉਤੇ ਛਾਈ ਹੋਈ ਹੈ।

ਮਨੁੱਖ ਨੇ ਬੜੇ ਕੁੱਝ ਦੀ ਰਚਨਾ ਕੀਤੀ, ਮਸ਼ੀਨਾਂ ਬਣਾਈਆਂ, ਕੰਪਿਊਟਰ ਬਣਾਏ, ਨਵੀਨ ਤੋਂ ਨਵੀਨ ਸੂਖਮ ਜੰਤਰ ਬਣਾਏ, ਅਜ ਉਹ ਸੂਚਨਾ ਕ੍ਰਾਂਤੀ ਦੀ ਦਹਿਲੀਜ਼ ਪਾਰ ਕਰ ਚੁਕਿਆ ਹੈ, ਅਤੇ ਆਪਣੀ ਏਸ ਤਕਨੀਕੀ ਮਸ਼ੀਨ ਨੂੰ ਚਲਾਉਣ ਲਈ ਉਹਨੇ ਸਮਾਜਕ ਮਸ਼ੀਨ ਸਿਰਜੀ ਹੈ ਜੋ ਬਹੁਤ ਹੀ ਪੇਚੀਦਾ ਤੇ ਜਟਿਲ ਹੈ। ਪਰ ਇਹ ਸਾਰੀ ਦੀ ਸਾਰੀ ਰਚਨਾ ਉਹਦੇ ਹੱਥਾਂ ਤੇ ਦਿਮਾਗ ਦੀ ਸਿਰਜਣਾ ਹੁੰਦਿਆਂ ਹੋਇਆਂ ਵੀ ਉਹਦੇ ਤੋਂ ਉਪਰ ਹੈ, ਉਹਦੇ ਤੋਂ ਬਾਹਰ ਹੈ ਤੇ ਖ਼ੁਦਮੁਖਤਾਰ ਹੈ। ਜਿਵੇਂ ਜਿਵੇਂ ਮਨੁੱਖ ਤਾਕਤਵਰ ਤੋਂ ਤਾਕਤਵਰ ਜੰਤਰਾਂ ਦੀ ਸਿਰਜਨਾ ਕਰਦਾ ਹੈ ਤਿਵੇਂ ਤਿਵੇਂ ਆਪ ਤੁੱਛ ਬਣਦਾ ਚਲਿਆ ਜਾਂਦਾ ਹੈ। ਉਹ ਆਪਣੀ ਹੀ ਸਿਰਜਣਾ ਦਾ ਗੁਲਾਮ ਬਣ ਗਿਆ ਹੈ ਜਿਸ ਉਤੇ ਉਹਦਾ ਕੋਈ ਕੰਟਰੋਲ ਨਹੀਂ। ਜੇ. ਜੇ. ਗਿੱਲੇਮਪੀ ਨੇ ਵੀ ਖੂਬ ਕਿਹਾ ਹੈ: "ਸਨਅਤ ਵਿਚ ਵਿਅਕਤੀ ਇਕ ਆਰਥਕ ਪ੍ਰਮਾਣੂ (ਐਟਮ) ਬਣ ਜਾਂਦਾ ਹੈ ਜਿਹੜਾ ਪਰਮਾਣਵੀ (ਐਟਮ) ਪ੍ਰਬੰਧ ਦੀ ਸੁਰ ਉਤੇ ਨੱਚਦਾ ਹੈ।" ਸੋ, ਬੇਗਾਨਗੀ ਦਾ ਸ਼ਿਕਾਰ ਹੋਏ ਮਨੁੱਖ ਨੂੰ ਇਹਦੀ ਹੀ ਸਿਰਜੀ ਹੋਈ ਮਸ਼ੀਨ ਆਪਣੀ ਚੀਚੀ ਉਤੇ ਨਚਾਉਂਦੀ ਹੈ।



ਸੋਵੀਅਤ ਸਮਾਜਵਾਦ ਦਾ ਇਕ ਵੱਡਾ ਦੁਖਾਂਤ ਇਹ ਵੀ ਰਿਹਾ ਕਿ ਉਹ ਬੇਗਾਨਗੀ ਦੇ ਮਸਲੇ ਨੂੰ ਹੱਲ ਨਾ ਕਰ ਸਕਿਆ। ਇਸਦਾ ਕਾਰਨ ਪੈਦਾਵਾਰੀ ਸਿਲਸਲੇ ਦਾ ਦਫਤਰਸ਼ਾਹਾਂ ਰਾਹੀਂ ਆਰਥਕ, ਪੂੰਜੀਵਾਦੀ ਢੰਗ ਰਾਹੀਂ ਚਲਾਇਆਂ ਜਾਣਾ ਸੀ। ਮਨੁੱਖੀ ਲੋੜਾਂ ਤੇ ਉਪਭੋਗਤਾ ਦੇ ਸੰਬਧਾਂ ਵਿਚ ਵੀ ਪੂੰਜੀਵਾਦੀ ਪਹੁੰਚ ਤੋਂ ਛੁਟਕਾਰਾ ਪ੍ਰਾਪਤ ਨਹੀਂ ਸੀ ਕੀਤਾ ਜਾ ਸਕਿਆ। ਇਸ ਸਿਲ-ਸਿਲੇ ਵਿਚ ਅਮਰੀਕਾ ਵਿਖੇ ਦਿਤਾ ਗਿਆ ਖਰੂਸ਼ਚੋਵ ਦਾ ਬਿਆਨ ਧਿਆਨਯੋਗ ਹੈ—ਉਹਨੇ ਕਿਹਾ ਸੀ ਕਿ ਵਿਕਸਤ ਪੂੰਜੀਵਾਦੀ ਦੇਸਾਂ ਵਿਚ ਜੋ ਪਦਾਰਥਕ ਸਹੂਲਤਾਂ, ਅਰਥਾਤ ਕਾਰਾਂ, ਆਦਿ, ਘਟਗਿਣਤੀ ਨੂੰ ਹਾਸਲ ਹਨ, ਉਹ ਅਸੀਂ ਆਪਣੇ ਦੇਸ ਦੀ ਬਹੁਗਿਣਤੀ ਨੂੰ ਦੇਵਾਂਗੇ।

ਪੂੰਜੀਵਾਦੀ ਦੇਸਾਂ ਤੇ 'ਸਮਾਜਵਾਦੀ' ਦੇਸਾਂ, ਦੋਹਾਂ, ਵਿਚ ਹੀ ਅਜ ਦਾ ਮਨੁੱਖ ਇਕ ਦੂਜੇ ਨਾਲ ਮਿਲਦੇ-ਜੁਲਦੇ ਸਨ। ਦੋਵੇਂ ਹੀ ਵਿਯੋਗੇਪਨ, ਲੁੱਟ-ਖਸੁੱਟ, ਧਿੰਗੋਜ਼ੋਰੀ ਤੇ ਬੇਇਨਸਾਫ਼ੀ ਦਾ ਸ਼ਿਕਾਰ ਸਨ। ਬੇਗਾਨਗੀ ਦਾ ਇਹ ਅਹਿਸਾਸ ਮਨੋਵਿਗਿਆਨਿਕ ਤੋਂ ਇਲਾਵਾ ਸਿਰਫ਼ ਆਰਥਕ ਉਪਜ ਦੇ ਖੇਤਰ ਤਕ ਹੀ ਮਹਿਸੂਸ ਨਹੀਂ ਰਿਹਾ। ਇਹਨੇ ਸੰਬਾਤਕੀ ਤੌਰ ਤੇ, ਸਮਾਜਕ ਪ੍ਰਣਾਲੀ ਵਿਚ ਵੀ ਪ੍ਰਵੇਸ਼ ਕੀਤਾ। ਕਿਉਂਜੁ ਪੂੰਜੀਵਾਦੀ ਕਦਰਾਂ ਕੀਮਤਾਂ ਨੇ ਜਾਗੀਰੂ ਕਦਰਾਂ ਕੀਮਤਾਂ ਨੂੰ ਖੋਰ ਕੇ ਮਨੁੱਖੀ ਜੀਵਨ ਵਿਚ ਆਪਣੀ ਪ੍ਰਧਾਨਤਾ ਕਾਇਮ ਕਰ ਲਈ, ਜਿਸਦੇ ਫਲ ਸਰੂਪ, ਪੈਸਾ ਹੀ ਮੁੱਖ ਉਦੇਸ਼ ਬਣਕੇ ਰਹਿ ਗਿਆ। ਪੈਸੇ ਦੀ ਪੂਜਾ ਹੋਣ ਲਗੀ, ਪੈਸਾ ਹੀ ਰਬ ਬਣ ਗਿਆ। ਇਹਦੇ ਨਤੀਜੇ ਦੇ ਤੌਰ ਤੇ, ਅੰਤਿਮ ਵਿਸ਼ਲੇਸ਼ਣ ਵਿਚ, ਪੈਸਾ ਹੀ ਮਨੁੱਖੀ ਰਿਸ਼ਤਿਆਂ ਦੇ ਸਰੂਪ ਦਾ ਨਿਰਨਾ ਕਰਨ ਲੱਗਾ। ਪੈਸੇ ਦੀ ਮਹੱਤਤਾ ਭਾਵੇਂ ਜਾਗੀਰੂ ਸਮਾਜ ਵਿਚ ਵੀ ਸੀ ਤੇ ਕਾਫੀ ਜ਼ਿਆਦਾ ਸੀ, ਪਰ ਇਹਦੇ ਨਾਲ ਹੀ ਉਸ ਸਮਾਜ ਵਿਚ, ਮਨੁੱਖੀ ਅਪਣੱਤ, ਹੱਕ, ਇਨਸਾਫ਼, ਦਇਆ, ਤਰਸ ਤੇ ਫ਼ਰਜ ਦਾ ਅਹਿਸਾਸ ਵੀ ਮੌਜੂਦ ਸਨ। ਅਤੇ ਇਸ ਤਰ੍ਹਾਂ ਜੀਵਨ ਦੀਆਂ ਹਾਂ ਪੱਖੀ ਤੇ ਨਾਹ-ਪੱਖੀ ਸ਼ਕਲਾਂ ਨਾਲੋ-ਨਾਲ ਚਲਦੀਆਂ ਸਨ। ਪਰ ਪੂੰਜੀਵਾਦੀ ਆਰਥਕ-ਸਮਾਜਕ ਹਾਲਤਾਂ ਵਿਚ ਇਹ ਹਾਂ-ਪੱਖੀ ਮਾਨਵੀ ਗੁਣ ਸਹਿਜੇ-ਸਹਿਜੇ ਅਲੋਪ ਹੁੰਦੇ ਚਲੇ ਗਏ ਅਤੇ ਅੰਤ ਵਿਚ, ਪੈਸੇ ਦੀ ਪ੍ਰਧਾਨਗੀ ਕਾਇਮ ਰਹਿ ਗਈ। ਇਹਦੀ ਇਕ ਮਿਸਾਲ ਵੀਹਵਿਆਂ ਦੇ ਆਰਥਕ ਸੰਕਟ ਦੇ ਦੌਰਾਨ ਕਣਕ ਦੀਆਂ ਕੀਮਤਾਂ ਡਿਗਣੋਂ ਰੋਕਣ ਲਈ ਅਤੇ ਵਧ ਤੋਂ ਵਧ ਮੁਨਾਫਾ ਕਾਇਮ ਰਖਣ ਲਈ ਅਮਰੀਕਾ ਵਿਚ ਲੱਖਾਂ ਟਨ ਕਣਕ ਸਾੜਕੇ ਸੁਆਹ ਕਰ ਦਿਤੀ ਗਈ ਸੀ ਜਦਕਿ ਉਥੇ ਹੀ ਆਲੇ-ਦੁਆਲੇ ਦੇ ਖੇਤਰਾਂ ਵਿਚ ਲੱਖਾਂ ਲੋਕਾਂ ਨੂੰ ਢਿਡ ਭਰਕੇ ਰੋਟੀ ਨਹੀਂ ਸੀ ਮਿਲ ਰਹੀ। ਇਸ ਤਰ੍ਹਾਂ ਦੀਆਂ ਘਟਨਾਵਾਂ ਨੇ ਬੇਗਾਨਗੀ ਦੇ ਅਹਿਸਾਸ ਨੂੰ ਤੀਬਰ ਕਰਨ ਵਿਚ ਆਪਣਾ ਹਿੱਸਾ ਪਾਇਆ।

ਫਲ-ਸਰੂਪ, ਮਨੁੱਖੀ ਰਿਸ਼ਤੇ ਟਾਂਕੇ-ਫ਼ਾਂਕੇ ਗਏ, ਮਨੁੱਖ ਮਨੁੱਖ ਨਾਲੋਂ ਨਿਖੜਦਾ ਚਲਿਆ ਗਿਆ, ਇਥੋਂ ਤਕ ਉਹ ਆਪਣੇ ਆਪ ਨਾਲੋਂ ਵੀ ਟੁਟ ਗਿਆ, ਤੇ ਬਿਖਰ ਗਿਆ। ਦੁੱਖ ਦੀ ਗੱਲ ਤਾਂ ਇਹ ਹੈ ਕਿ ਉਹਨੂੰ ਅਜੇ ਤਕ ਇਹ ਸਮਝ ਨਹੀਂ ਪਈ ਕਿ ਉਹ ਕੀ ਵਡਮੁੱਲੀ ਵਸਤੂ ਗੁਆ ਬੈਠਾ ਹੈ।

ਉਦਯੋਗੀ ਕ੍ਰਾਂਤੀ ਨੇ ਤੇ ਫੇਰ ਸਮਾਜਵਾਦ ਨੇ ਮਨੁੱਖ ਵਿਚ ਜੋ ਆਸਾਂ ਜਗਾਈਆਂ, ਜੋ ਸੁਪਨੇ ਉਹਨੂੰ ਵਿਖਾਏ, ਮਨੁੱਖ ਦਾ ਆਪਣੀ ਧਰਤੀ ਵਿਚ ਅਹਿਸਾਸ ਮਜਬੂਤ ਤੇ ਦ੍ਰਿੜ ਕੀਤਾ ਤੇ ਅਦੁਤੀ ਸਾਹਸ ਪ੍ਰਦਾਨ ਕੀਤਾ, ਉਹ ਸਾਰੇ ਸਹਿਜੇ ਸਹਿਜੇ ਖਤਮ ਹੋ ਗਏ। ਮਨੁੱਖ ਪਹਿਲਾਂ ਨਾਲੋਂ ਵੀ ਵਧੇਰੇ ਦੁਖੀ ਹੋ ਗਿਆ, ਵਧੇਰੇ ਇਕੱਲਾ ਹੋ ਗਿਆ, ਵਧੇਰੇ ਬੇ-ਆਸਰਾ ਹੋ ਗਿਆ।

## ਕੀ ਲੋਕ ਕਵਿਤਾ ਖਤਮ ਹੋ ਰਹੀ ਹੈ ?

ਕੀ ਵਿਸ਼ਵ ਸਾਹਿਤ ਵਿਚ ਕਵੀਆਂ ਤੇ ਕਵਿਤਾ ਦਾ ਦੌਰ ਮੁੱਕ ਗਿਆ ਹੈ। ਨੇਰੂਦਾ ਤੇ ਨਾਜ਼ਿਮ ਹਿਕਮਤ ਦੇ ਬਾਅਦ ਕੌਣ ਹੈ ? ਨਿਰਾਲਾ, ਨਾਗਾਰਜੁਨ ਦੀ ਥਾਂ ਕੌਣ ਲਵੇਗਾ : ਫੈਜ਼, ਸ਼ਾਹਿਰ, ਮਖਦੂਮ ਅਤੇ ਜੋਸ਼ ਵਰਗੇ ਸ਼ਾਇਰ ਕਿੱਥੇ ਹਨ ? ਕਵੀ ਸੰਮੇਲਨਾਂ ਵਿਚ ਭੱਦੇ ਹਾਸੇ ਕਿਉਂ ਗੂੰਜਦੇ ਹਨ ? ਕੀ ਮੁਸ਼ਾਇਰੇ ਸੁੰਨੇ ਹੋ ਜਾਣਗੇ ? ਕਵਿਤਾ ਪਾਠ ਤੇ ਬੈਂਤਬਾਜ਼ੀ ਦੀ ਪਰੰਪਰਾ ਦਾ ਕੀ ਹੋਇਆ ?

ਕਵਿਤਾ ਦੇ ਇਤਿਹਾਸ ਤੇ ਨਜ਼ਰ ਫੇਰੀਏ ਤਾਂ ਵੇਖਦੇ ਹਾਂ ਕਿ ਕਵਿਤਾ ਦਾ ਇਤਿਹਾਸ ਗੱਦ ਦੇ ਇਤਿਹਾਸ ਤੋਂ ਬਹੁਤ ਪੁਰਾਣਾ ਹੈ। ਪ੍ਰਾਚੀਨ ਸਭਿਅਤਾ ਦੀਆਂ ਬਹੁਤ ਸਾਰੀਆਂ ਮਹਾਨ ਰਚਨਾਵਾਂ ਛੰਦਾਬੰਦੀ ਵਿਚ ਸਨ। ਉਸ ਯੁਗ ਵਿਚ ਕਵਿਤਾ ਸਮਝਾਉਣ ਦੀ ਜ਼ਰੂਰਤ ਸੀ। ਮੱਧਕਾਲੀ ਭਾਰਤ ਵਿਚ ਕਵਿਤਾ ਆਮ ਆਦਮੀ ਦੇ ਬੁੱਲਾਂ ਤਕ ਆ ਗਈ ਸੀ। ਖੁਸਰੋ, ਕਬੀਰ, ਤੁਲਸੀ, ਸੂਰਦਾਸ, ਰਸਖਾਨ, ਰਹੀਮ, ਮੀਰਾ ਲੋਕਾਂ ਦੀ ਜ਼ਬਾਨ ਤੇ ਸਨ। ਜਿੱਥੇ ਇਕ ਪਾਸੇ ਰਾਜਿਆਂ ਅਤੇ ਸ਼ਾਹਾਂ ਦੇ ਦਰਬਾਰਾਂ ਵਿਚ ਕਸੀਦੇ ਪੜ੍ਹੇ ਜਾਂਦੇ ਸਨ, ਪ੍ਰਸੰਸਾ ਗੀਤ ਗਾਏ ਜਾਂਦੇ ਸਨ, ਉਥੇ ਦੂਜੇ ਪਾਸੇ ਖੂਹ ਤੋਂ ਪਾਣੀ ਭਰਨ ਗਈਆਂ ਮੁਟਿਆਰਾਂ ਖੁਸਰੋ ਦੀਆਂ ਬੁਝਾਰਤਾਂ ਬੁਝਦੀਆਂ ਸਨ। ਕਵਿਤਾ ਪੜ੍ਹਨ-ਪੜ੍ਹਾਉਣ ਦੀ ਨਹੀਂ ਸੁਨਣ-ਸੁਨਾਉਣ ਦੀ ਚੀਜ਼ ਸੀ। ਗ਼ਾਲਿਬ ਬਾਦਸ਼ਾਹ ਦੇ ਮੁਸਾਹਿਬ ਤੇ ਨਹੀਂ ਸਨ ਪਰ ਦਿੱਲੀ ਦੇ ਬਾਜ਼ਾਰ ਵਿਚ ਉਹਨਾਂ ਦੇ ਕਈ ਮੁਰੀਦ ਸਨ। ਆਗਰੇ ਦੇ ਹਰ ਫੇਰੀ ਵਾਲੇ ਦੀ ਜ਼ੁਬਾਨ ਤੇ ਨਜ਼ੀਰ ਦੇ ਗੀਤ ਸਨ। ਅਜਿਹੇ ਲੋਕ ਜਿਹਨਾਂ ਲਈ ਕਾਲਾ ਅੱਖਰ ਭੈਂਸ ਬਰਾਬਰ ਸੀ, ਤੁਲਸੀ ਦੀ 'ਮਾਨਸ' ਦਾ ਅਰਥਾਂ ਸਹਿਤ ਪਾਠ ਕਰ ਸਕਦੇ ਸਨ। ਨਿਰਾਲਾ ਦੇ 'ਚਤੁਰੀ ਚਮਾਰ' ਦੇ ਕਬੀਰ ਪੰਥੀਆ ਦੀ ਵੀ ਕਮੀ ਨਹੀਂ ਸੀ, ਜਿਹੜੇ ਯੂਨੀਵਰਸਿਟੀ ਵਿਚ ਹਿੰਦੀ ਪੜ੍ਹਾਉਣ ਵਾਲੇ ਪ੍ਰੋਫੈਸਰਾਂ ਨੂੰ ਵੀ ਕਬੀਰ ਦੇ ਗੂੜ ਦੋਹਿਆਂ ਦੇ ਅਰਥ ਸਮਝਾ ਸਕਦੇ ਸਨ। ਇਹ ਸੰਭਵ ਸੀ ਕਿਉਂਕਿ ਕਬੀਰ ਤੇ ਤੁਲਸੀ ਦੋਹਾਂ ਦੀਆਂ ਰਚਨਾਵਾਂ ਨੂੰ ਸਮਝਣ ਦਾ ਮਕਸਦ ਪੜ੍ਹਨ-ਪੜ੍ਹਾਉਣ ਘਟ ਤੇ ਸੁਣਨਾ-ਸੁਨਾਉਣਾ ਵੱਧ ਸੀ। ਨਾਲ ਹੀ ਆਮ ਲੋਕਾਂ ਦੇ ਜੀਵਨ ਤੇ ਰਹਿਣ-ਸਹਿਣ ਦਾ ਇਹਨਾਂ ਕਵੀਆਂ ਦੀਆਂ ਰਚਨਾਵਾਂ ਵਿਚ ਸਜੀਵ ਚਿਤਰਣ ਸੀ। ਇਸ ਤੋਂ ਬਾਅਦ ਦੀ ਕਵਿਤਾ ਅੰਤਰਮੁਖੀ ਹੁੰਦੀ ਗਈ, ਲੋਕਾਂ ਤੋਂ ਕੱਟਦੀ ਗਈ। ਕਵੀ ਸੰਮੇਲਨਾਂ, ਮੁਸ਼ਾਇਰਿਆਂ, ਕਵਿਤਾ-ਪਾਠ ਅਤੇ ਬੈਂਤਬਾਜ਼ੀ ਆਦਿ ਵਿਚ ਵੀ ਕਮੀ ਆਉਣ ਲੱਗੀ। ਖਾਸ ਤੌਰ ਤੇ ਕਵੀਆਂ ਵਿਚ ਇਹ ਭਾਵਨਾ ਘਰ ਕਰਨ ਲਗੀ ਕਿ ਗੰਭੀਰ ਵਿਸ਼ੇ ਤੇ ਕਵਿਤਾ ਲਿਖਣ ਤੇ ਪੜ੍ਹਣੀ-ਪੜ੍ਹਾਉਣੀ ਚਾਹੀਦੀ ਹੈ, ਕਵਿਤਾ ਸੁਣਨ ਸੁਨਾਉਣ ਦੀ ਚੀਜ਼ ਨਹੀਂ। ਕਵੀ ਸੰਮੇਲਨਾਂ, ਮੁਸ਼ਾਇਰੇ ਦੇ ਲਈ ਲਿਖੀ ਗਈ ਕਵਿਤਾ ਤੇ ਗੰਭੀਰ ਸਾਹਿਤ ਨੂੰ ਵੱਖ ਕਰਕੇ ਵੇਖਿਆ ਜਾਣ ਲਗਾ ; ਜਿਥੇ ਦਿਨਕਰ, ਪੰਤ, ਬਚਨ ਜਿਹੇ ਕਵੀ ਕਿਸੇ ਜ਼ਮਾਨੇ ਵਿਚ ਘੰਟਿਆਂ-ਬੱਧੀ ਸੁਨਣ ਵਾਲਿਆਂ ਨੂੰ ਕੀਲ ਕੇ ਰਖਦੇ ਸਨ ਉਥੇ ਭੱਦੇ ਹਾਸੇ ਮਜ਼ਾਕ ਨੇ ਆਪਣਾ ਰਾਜ ਕਰ ਲਿਆ। ਮੁਸ਼ਾਇਰਿਆਂ ਵਿਚ ਕੁਝ ਹਦ ਤਕ ਇਸ ਪ੍ਰਵਿਰਤੀ ਦੇ ਖਿਲਾਫ ਵਿਰੋਧ ਚਲਿਆ ਅਤੇ ਇਹ ਵੀ ਪ੍ਰਗਤੀਸ਼ੀਲ ਜਨਵਾਦੀ ਚੇਤਨਾ ਦੇ ਸ਼ਾਇਰਾਂ ਨਾਲ ਹੀ ਸੰਭਵ ਹੋ ਸਕਿਆ। ਇਹੀ ਕਾਰਣ ਹੈ ਕਿ ਕੈਫੀ ਆਜ਼ਮੀ ਅਤੇ ਅਲੀ ਸਰਦਾਰ ਜਾਫਰੀ ਜਿਹੇ ਸ਼ਾਇਰਾਂ ਨੂੰ ਸੁਨਣ ਦੇ ਲਈ ਮੁਸ਼ਾਇਰੇ



ਵਿਚ ਸਰੋਤਾ ਅਜ ਵੀ ਘੰਟਿਆਂ-ਬੱਧੀ ਇੰਤਜ਼ਾਰ ਕਰਦੇ ਹਨ। ਪਰ ਹਿੰਦੀ ਕਵਿਤਾਂ ਵਿਚ ਸੰਜੀਦਾ ਕਵੀਆਂ ਨੇ ਕਵੀ ਦਰਬਾਰਾਂ ਤੋਂ ਮੂੰਹ ਮੋੜ ਲਿਆ ਹੈ। ਲਿਹਾਜ਼ਾ ਮੈਦਾਨ ਕੁਝ ਵਿਅੰਗ ਭਰੀਆਂ ਰਚਨਾਵਾਂ ਨੂੰ ਛੱਡ ਭੱਦੇ ਹਾਸੇ ਤੇ ਦੀ ਨਾਇਕਾ ਵਿਛੋੜੇ ਦੀ ਪੀੜ ਲਈ ਖਾਲੀ ਸੀ। ਇਥੇ ਇਕ ਘਟਨਾ ਦਾ ਜ਼ਿਕਰ ਅਸੀਂ ਕਰਨਾ ਚਾਹਾਂਗੇ।

ਚਿੱਲੀ ਦੇ ਮਹਾਨ-ਕਵੀ ਪੈਬਲੋ ਨੇਰੂਦਾ ਨੂੰ ਇਕ ਵਾਰ ਲਦਾਈ ਮਜ਼ਦੂਰਾਂ ਦੇ ਯੂਨੀਅਨ ਹਾਲ ਵਿਚ ਲਿਜਾਇਆ ਗਿਆ। ਬਿਨਾ ਕਿਸੇ ਸੂਚਨਾ ਦੇ ਉਹਨਾਂ ਨੂੰ ਉਥੇ ਖੜਿਆ। ਜਦੋਂ ਉਹ ਹਾਲ ਵਿਚ ਪਹੁੰਚੇ ਤਾਂ ਪੰਜਾਹ-ਸੱਠ ਲਦਾਈ ਮਜ਼ਦੂਰ ਕੜਾਕੇ ਦੀ ਠੰਡ ਵਿਚ ਬੈਂਚਾਂ ਤੇ ਬੈਠੇ ਉਹਨਾਂ ਦਾ ਇੰਤਜ਼ਾਰ ਕਰ ਰਹੇ ਸਨ। ਕਈਆਂ ਨੇ ਠੰਡ ਕਾਰਨ ਬੋਰੀਆਂ ਲਪੇਟੀਆਂ ਸਨ ਤੇ ਕੁਝ ਨੇ ਪੈਬੰਦ ਲੱਗੀਆਂ ਪਲੇਟਾਂ ਪਾਈਆਂ ਹੋਈਆਂ ਸਨ। ਆਪਣੀਆਂ ਯਾਦਾਂ ਵਿਚ ਨੇਰੂਦਾ ਲਿਖਦੇ ਹਨ, "ਉਹਨਾਂ ਦੇ ਚੇਹਰੇ ਦੀ ਇਕ ਵੀ ਮਾਸਪੇਸ਼ੀ ਹਿਲਦੀ ਨਹੀਂ ਸੀ, ਪਰ ਉਹਨਾਂ ਦੀਆਂ ਕੋਲੇ ਵਰਗੀਆਂ ਕਾਲੀਆਂ ਅੱਖਾਂ ਲਗਾਤਾਰ ਮੇਰੇ ਚਿਹਰੇ ਤੇ ਟਿਕੀਆਂ ਹੋਈਆਂ ਸਨ, ਇਹਨਾਂ ਸਰੋਤਿਆਂ ਦਾ ਕਿਵੇਂ ਪਾਰ ਪਾਵਾਂ ? ਮੇਰੇ ਜੀਵਨ ਵਿਚ ਅਜਿਹਾ ਕੀ ਹੈ ਜਿਹਨਾਂ ਵਿਚ ਇਹਨਾਂ ਨੂੰ ਦਿਲਚਸਪੀ ਹੋਵੇ, ਕਿਸ ਚੀਜ਼ ਬਾਰੇ ਇਹਨਾਂ ਨਾਲ ਗੱਲ ਕਰਾਂ।" ਅਜਿਹੇ ਮਾਹੌਲ ਨੂੰ ਛੱਡਕੇ ਭੱਜ ਜਾਣ ਦੀ ਆਪਣੀ ਇੱਛਾ ਨੂੰ ਦਬਾਉਂਦੇ ਸੋਏ ਨੇਰੂਦਾ ਨੇ ਆਪਣੀ ਕਿਤਾਬ **Espana An El Corzou** ਜਿਹੜੀ ਉਸ ਵਕਤ ਉਹਨਾਂ ਕੋਲ ਸੀ ਕੱਢੀ ਤੇ ਕਿਹਾ, "ਕੁਝ ਸਮਾਂ ਪਹਿਲਾਂ ਮੈਂ ਸਪੇਨ ਵਿਚ ਸੀ। ਉਥੇ ਬਹੁਤ ਵੱਢ ਫੱਟ ਤੇ ਗੋਲੀਆਂ ਚਲ ਰਹੀਆਂ ਸਨ, ਉਸ ਬਾਰੇ ਜੋ ਕੁਝ ਲਿਖਿਆ ਹੈ, ਉਹ ਸੁਣੋ, "ਨੇਰੂਦਾ ਨੇ ਸੋਚਿਆ ਸੀ ਕਿ ਸਪੇਨ ਦੇ ਬਾਰੇ ਵਿਚ ਉਹਨਾਂ ਦੀਆਂ ਕਵਿਤਾਵਾਂ ਅਸਾਨੀ ਨਾਲ ਸਮਝ ਨਹੀਂ ਆਉਂਦੀਆਂ ਅਤੇ ਇਹਨਾਂ ਸਰੋਤਿਆਂ ਨੂੰ ਉਹ ਕੁਝ ਕਵਿਤਾਵਾਂ ਸੁਣਾਉਣਗੇ, ਤੇ ਚਾਰ ਸ਼ਬਦ ਕਹਿਣਗੇ ਅਤੇ ਨਿਕਲ ਜਾਣਗੇ। ਪਰ ਅਜਿਹਾ ਹੋਇਆ ਨਹੀਂ। ਇਕ ਕਵਿਤਾ ਦੇ ਬਾਦ ਕਵਿਤਾ ਪੜ੍ਹੀ ਜਾਂਦੀ ਰਹੀ, ਖਾਮੋਸ਼ੀ ਦੇ ਡੂੰਘੇ ਖੂਹ ਵਿਚ ਸ਼ਬਦ ਡਿਗਦੇ ਰਹੇ, ਉਹਨਾਂ ਅੱਖਾਂ ਨੂੰ, ਉਹਨਾਂ ਡੂੰਘੇ ਭਰਵੱਟਿਆਂ ਨੂੰ ਆਪਣਾ ਇਕ-ਇਕ ਛੰਦ ਧਿਆਨ ਨਾਲ ਸੁਣਦੇ ਵੇਖ ਉਹਨਾਂ ਨੂੰ ਲਗਿਆ ਕਿ ਉਹਨਾਂ ਦੀਆਂ ਕਵਿਤਾਵਾਂ ਠੀਕ ਨਿਸ਼ਾਨੇ ਤੇ ਲਗੀਆਂ ਹਨ। ਉਹ ਚੁੰਬਕੀ ਸ਼ਕਤੀ ਜਿਸ ਨੇ ਉਹਨਾਂ ਦੀਆਂ ਕਵਿਤਾਵਾਂ ਨੂੰ ਉਹਨਾਂ ਮਜ਼ਦੂਰਾਂ ਨਾਲ ਜੋੜ ਦਿੱਤਾ ਸੀ, ਉਸ ਨੇ ਨੇਰੂਦਾ ਨੂੰ ਹਿਲਾ ਕੇ ਰੱਖ ਦਿੱਤਾ। ਕਵਿਤਾ ਪਾਠ ਮੁੱਕਣ ਤੇ ਆਪਣੀ ਕੱਛ ਵਿਚ ਬੈਗ ਲਪੇਟੇ ਇਕ ਮਜ਼ਦੂਰ ਨੇ ਉਠ ਕੇ ਕਿਹਾ "ਮੈਂ ਸਭ ਵਲੋਂ ਆਪ ਦਾ ਧੰਨਵਾਦ ਕਰਦਾ ਹਾਂ, ਕਿਸੇ ਹੋਰ ਚੀਜ਼ ਨੇ ਸਾਨੂੰ ਇਤਨਾ ਪ੍ਰਭਾਵਿਤ ਨਹੀਂ ਕੀਤਾ ਜਿੰਨਾ ਤੁਹਾਡੀਆਂ ਕਵਿਤਾਂਵਾਂ ਨੇ।" ਨੇਰੂਦਾ ਲਿਖਦੇ ਹਨ ਕਿ ਅਜਿਹੇ ਤਜਰਬੇ ਤੋਂ ਬਾਦ ਕਿਸੇ ਵੀ ਕਵੀ ਲਈ ਮੁੜ ਤੋਂ ਪਹਿਲੇ ਵਰਗਾ ਰਹਿ ਜਾਣਾ ਸੰਭਵ ਨਹੀਂ। ਸੰਜੀਦਾ ਅਤੇ ਕਠਿਨ ਸ਼ਾਇਰੀ ਸੰਬੰਧੀ ਨੇਰੂਦਾ ਦੀਆਂ ਧਾਰਨਾਵਾਂ ਬਦਲ ਗਈਆਂ। ਕੁਝ ਅਜਿਹਾ ਹੀ ਅਹਿਸਾਸ ਨਿਰਾਲਾ ਨੂੰ ਵੀ ਹੋਇਆ ਹੋਵੇਗਾ ਜਦੋਂ ਚਤੁਰੀ ਨੂੰ ਮਿਲੇ ਹੋਣਗੇ।

ਜਨ ਨਾਟਕ ਮੰਚ ਦੇ ਆਪਣੇ ਅਨੁਭਵ ਵੀ ਅਜਿਹੇ ਹੀ ਰਹੇ ਹਨ, "ਦੇਵੀ ਪ੍ਰਸਾਦ ਮਿਸ਼ਰ ਨੇ ਆਪਣੀ ਕਵਿਤਾ **'ਮੁਸਲਮਾਨ'** ਦਾ ਪ੍ਰਭਾਵਸ਼ਾਲੀ ਪਾਠ 1 ਜਨਵਰੀ ਨੂੰ ਸਹਿਬਾਬਾਦ ਵਿਚ ਹਜ਼ਾਰਾਂ ਮਜ਼ਦੂਰਾਂ ਦੇ ਵਿਚ ਕੀਤਾ। ਨਾਗਾਰਜੁਨ ਦੀ ਕਵਿਤਾ 'ਪ੍ਰੇਤ ਦਾ ਬਿਆਨ' ਤੇ ਨਿਰਾਲਾ

ਦੀ 'ਵੇ ਤੋੜਤੀ ਪੱਥਰ' ਦਾ ਪਾਠ ਅਨਿਲ ਚੌਧਰੀ ਨੇ **Acting** ਸਹਿਤ ਕਈ ਥਾਵਾਂ 'ਜਨਮ' ਨਾਲ ਕੀੜਾ। ਇਹਨਾਂ ਸਭ ਦਾ ਵੀ ਬਹੁਤ ਵਧੀਆ ਅਸਰ ਰਿਹਾ। 'ਸਮੁਦਾਏ' ਤੇ 'ਇਪਟਾ' ਦੀਆਂ ਕੁਝ ਮੰਡਲੀਆਂ ਨੇ ਵੀ ਅਜਿਹੀ ਕੋਸ਼ਿਸ਼ ਕੀਤੀ ਜਿਹਨਾਂ ਦਾ ਬਹੁਤ ਫਾਇਦੇਮੰਦ ਅਸਰ ਰਿਹਾ। ਸਮੇਂ-ਸਮੇਂ ਤੇ ਕਈ ਹੋਰ ਮੰਡਲੀਆਂ ਨੇ, 'ਜਲੇਸ' ਦੀਆਂ ਟੁਕੜੀਆਂ, ਖਾਸ ਤੌਰ ਤੇ ਸ਼ਹਿਰਾਂ ਵਿਚ ਨੁੱਕੜ ਕਵਿਤਾ ਪਾਠ ਤੇ ਕਵੀ ਦਰਬਾਰਾਂ ਦੀ ਰਿਪੋਰਟ ਵੀ ਮਿਲਦੀ ਰਹੀ ਹੈ। ਕਵਿਤਾ ਪਾਠ ਨੂੰ ਇਕ ਵਿਧਾ ਦੇ ਰੂਪ ਵਿਚ ਅਗੇ ਵਧਾਉਣ ਲਈ ਕੋਸ਼ਿਸ਼ ਦੀ ਜ਼ਰੂਰਤ ਹੈ, 'ਜਨਮ ਪਤ੍ਰਿਕਾ' ਲਗਾਤਾਰ ਆਪਣੇ ਸਾਥੀਆਂ ਲਈ ਕਵਿਤਾ ਪਾਠ ਕਰਵਾਉਂਦਾ ਰਿਹਾ ਅਤੇ ਨਾਲ ਹੀ ਕੁਝ ਵਾਰ ਕਵੀਆਂ ਨੂੰ ਵੀ ਬੁਲਾਇਆ ਹੈ ਤਾਂਕਿ ਉਹ ਸਾਡੇ ਵਿਚ ਆਕੇ ਆਪਣੀਆਂ ਕਵਿਤਾਵਾਂ ਪੜ੍ਹਨ।

ਨਰਾਇਣਨ ਸੁਰਵੇ ਅਤੇ ਕੇਦਾਰ ਨਾਥ ਸਿੰਘ ਦੇ ਕਵਿਤਾ ਪਾਠਾਂ ਤੋਂ ਸਾਨੂੰ ਅਹਿਸਾਸ ਹੋਇਆ ਹੈ ਕਿ ਕਵਿਤਾ ਪਾਠ ਇਕ ਬਹੁਤ ਹੀ ਸ਼ਕਤੀਸ਼ਾਲੀ ਮਾਧਿਅਮ ਹੈ। ਇਕ ਅਜ਼ਾਦ ਵਿਧਾ ਦੇ ਰੂਪ ਵਿਚ ਇਸ ਦੇ ਵਿਕਾਸ ਵਿਚ ਜੋ ਰੁਕਾਵਟ ਆਈ ਹੈ, ਉਸ ਨੂੰ ਪਾਰ ਕਰਨਾ ਹੋਵੇਗਾ। ਭਾਰਤੇਂਦੁ ਦਾ ਨਵ-ਨਿਰਮਾਣ ਹੋਵੇ ਜਾਂ ਸੁਬਰਾਮਨੀਅਮ ਭਾਰਤੀ ਦੀ ਰਾਸ਼ਟਰਵਾਦੀ ਕਵਿਤਾਵਾਂ, ਰਵਿੰਦਰ ਨਾਥ ਦਾ ਮਾਨਵਤਾਵਾਦ ਹੋਵੇ ਜਾਂ ਸੁਕਾਤ ਭੱਟਾਚਾਰੀਆ ਦੀ ਵਿਪਲਵੀ ਅਹਾਨੂੰ, ਦਿਨਕਰ ਦੀ ਸਿਹੁੰ ਗਰਜਨਾ ਹੋਵੇ ਜਾਂ ਫ਼ੈਜ਼ ਦਾ 'ਖਾਕ ਨਸ਼ੀਨੋਂ ਦਾ ਪੈਗਾਮ'। ਜਦੋਂ-ਜਦੋਂ ਕਵਿਤਾ ਅੰਦੋਲਨ ਨਾਲ ਜੁੜੀ ਹੋਵੇ, ਉਹ ਅੰਤਰਮੁਖੀ ਹੋਣ ਨਾਲ ਲੋਕ-ਸਾਥੀ ਵੀ ਹੁੰਦੀ ਹੈ। ਇਹੀ ਉਹ ਦੌਰ ਰਹੇ ਹਨ, ਜਦੋਂ ਕਵਿਤਾ ਕਿਤਾਬਾਂ ਵਿਚੋਂ ਨਿਕਲਕੇ ਬੁੱਲਾਂ ਤਕ ਆਈ ਹੈ। ਗਲੀ, ਮੁਹੱਲੇ, ਜਲਸੇ-ਜਲੂਸ, ਦਰਬਾਰਾਂ, ਮੁਸ਼ਾਹਰਿਆਂ ਵਿਚ ਗੂੰਜੀ ਹੈ। ਅੱਜ ਸਾਨੂੰ ਕਵਿਤਾ ਵਿਚ ਇਕ ਅੰਦੋਲਨ ਦੀ ਜ਼ਰੂਰਤ ਹੈ।

ਪ੍ਰਸਾਰ ਮਾਧਿਅਮਾਂ ਵਿਚ ਹੋਈ ਕਰਾਂਤੀ ਰਾਹੀਂ ਨਵੇਂ-ਨਵੇਂ ਮਾਧਿਅਮ ਜਨਮ ਲੈ ਰਹੇ ਹਨ। ਇਹ ਨਵੇਂ ਪੜਾਅ ਹਨ, ਇਹਨਾਂ ਦਾ ਇਸਤੇਮਾਲ ਹੋਣਾ ਚਾਹੀਦਾ ਹੈ। ਪਰ ਅਜੇ ਇਹ ਤਮਾਮ ਸਾਧਨ ਜ਼ਿਆਦਾਤਰ ਵਿਅਕਤੀ ਵਿਸ਼ੇਸ਼ ਦੇ ਲਈ ਹਨ।

ਇਹ ਵੱਖਰੇਪਨ (ਅਲਗਾਵ) ਦੀ ਸਥਿਤੀ ਨੂੰ ਜਨਮ ਦਿੰਦੇ ਹਨ। ਕਵਿਤਾ ਪਾਠ ਵਿਚ ਅਜਿਹੀਆਂ ਸੰਭਾਵਨਾਵਾਂ ਹਨ ਕਿ ਉਹ ਸਮਾਜਿਕ ਨੇੜਤਾ ਨੂੰ ਉਤਸ਼ਾਹ ਦੇ ਸਕਣ। ਇਕ ਪੁਰਤਗਾਲੀ ਕਵੀ ਸੀ 'ਮਿਗੇਲ ਤੋਹਗਾ' ਉਹਨਾਂ ਵਿਚ ਅਜੀਬ ਵਿਰੋਧਾਭਾਸ ਸੀ—ਇਕ ਪਾਸੇ ਉਹ ਪਹਾੜਾਂ ਦੀਆਂ ਚੋਟੀਆਂ ਤੇ ਖੜੇ ਹੋਕੇ ਆਪਣੀਆਂ ਕਵਿਤਾਵਾਂ ਸੁਣਾਉਂਦੇ ਸਨ, ਦੂਜੇ ਪਾਸੇ ਛਪਵਾਉਣ ਦੇ ਬਿਲਕੁਲ ਖਿਲਾਫ ਸਨ। ਉਹਨਾਂ ਨੇ ਲਿਖਿਆ ਹੈ, "ਕਿਸਮਤ ਵਾਲਾ ਹੈ, ਉਹ ਕਵੀ ਜਿਸ ਨੇ ਆਪਣੀਆਂ ਕਵਿਤਾਵਾਂ ਨੂੰ ਜਨਮ ਦਿੱਤਾ ਅਤੇ ਖੁਦ ਹੀ ਦਫਨਾ ਦਿੱਤਾ। ਸਾਨੂੰ ਇਹ ਤਹਿ ਕਰਨਾ ਹੈ ਕਿ ਅਸੀਂ ਪਹਾੜਾਂ ਦੀਆਂ ਚੋਟੀਆਂ ਤੇ ਜਾਵਾਂਗੇ ਜਾਂ ਕਵਿਤਾਵਾਂ ਦਫਨਾਵਾਂਗੇ। ⊙

ਅਨੁਵਾਦ : ਗੁਰਜਿੰਦਰ ਕੌਰ

(ਹਿੰਦੀ ਪਤ੍ਰਿਕਾ ਜਨਮ ਅੰਕ ਅਕਤੂਬਰ 97, ਵਿਚੋਂ ਸੰਪਾਦਕੀ)



ਮੁਲਾਂਕਣ

## ਇੰਦਰ ਸਿੰਘ ਖ਼ਾਮੋਸ਼ ਦੀ ਨਾਵਲ-ਕਲਾ/ਸੁਰਜੀਤ ਗਿੱਲ

ਇੰਦਰ ਸਿੰਘ ਖਾਮੋਸ਼ ਘੱਟ ਲਿਖਣ ਵਾਲਾ ਪਰੰਤੂ ਚੰਗਾ ਲਿਖਣ ਵਾਲਾ ਲੇਖਕ ਹੈ। ਉਹਨੇ ਕਵਿਤਾ ਤੇ ਕਹਾਣੀ ਵੀ ਲਿਖੀ ਹੈ। ਇਕ ਉਲੱਥਾ ਵੀ ਕੀਤਾ ਹੈ। ਪਰੰਤੂ ਉਹ ਮੁਖ ਤੌਰ ਤੇ ਇਕ ਨਾਵਲਕਾਰ ਹੈ। ਉਸਨੇ ਹੁਣ ਤਕ ਚਾਰ ਨਾਵਲ, ਰਿਸ਼ਤਿਆਂ ਦੇ ਰੰਗ, ਚਾਨਣ ਦਾ ਜੰਗਲ, ਇਕ ਤਾਜ ਮਹਿਲ ਹੋਰ ਤੇ ਬੁੱਕਲ ਦਾ ਰਿਸ਼ਤਾ ਲਿਖੇ ਹਨ। ਇਸ ਤਰ੍ਹਾਂ ਉਹਨੇ ਪੰਜਾਬੀ ਨਾਵਲਕਾਰੀ ਵਿਚ ਸਥਾਨ ਨਿਸਚਿਤ ਕਰ ਲਿਆ ਹੈ।

ਇੰਦਰ ਸਿੰਘ ਖਾਮੋਸ਼ ਪਿੰਡ ਦਾ ਜੰਮ ਪਲ ਹੈ। ਇਸ ਲਈ ਉਸਦੀ ਮਾਨਸਿਕਤਾ ਉਤੇ ਜ਼ਾਗੀਰੂ ਸਮਾਜ ਤੇ ਸਭਿਆਚਾਰ ਦੀ ਛਾਪ ਡੂੰਘੀ ਹੈ। ਉਹਨੇ ਆਪਣੇ ਤਿੰਨ ਨਾਵਲਾਂ ਰਿਸ਼ਤਿਆਂ ਦੇ ਰੰਗ, ਇਕ ਤਾਜ ਮਹਿਲ ਹੋਰ ਤੇ ਬੁੱਕਲ ਦਾ ਰਿਸ਼ਤਾ ਵਿਚ ਇਸੇ ਸਭਿਆਚਾਰ ਤੇ ਵਿਸ਼ੇਸ਼ ਕਰਕੇ ਜਗੀਰੂ ਸਦਾਚਾਰ ਤੇ ਰਿਸ਼ਤਿਆਂ ਦੀ ਟੁੱਟ ਭੱਜ ਦਾ ਵਰਨਣ ਕੀਤਾ ਹੈ। ਜਗੀਰੂ ਪਰਥਾ ਦੀ ਆਰਥਕਤਾ ਦੀ ਜੜ੍ਹ ਜ਼ਮੀਨ ਹੁੰਦੀ ਹੈ। ਇਸੇ ਦੀ ਮਾਲਕੀ ਰਿਸ਼ਤੇ ਤੇ ਸਮਾਜਿਕ ਰੁਤਬੇ ਦਾ ਪ੍ਰਗਟਾਵਾ ਕਰਦੀ ਹੈ। ਇਹੋ ਜ਼ਮੀਨ ਦੀ ਮਾਲਕੀ ਸਮਾਜਿਕ ਝਗੜਿਆਂ ਤੇ ਜਮਾਤੀ ਸੰਘਰਸ਼ ਦਾ ਕਾਰਨ ਬਣਦੀ ਹੈ। ਇੰਦਰ ਸਿੰਘ ਖਾਮੋਸ਼ ਇਹਨਾਂ ਝਗੜਿਆਂ ਦਾ ਵਰਨਣ ਆਪਣੇ ਨਾਵਲਾਂ ਵਿਚ ਕਰਦਾ ਹੈ।

ਇੰਦਰ ਸਿੰਘ ਖਾਮੋਸ਼ ਨੇ ਵਿਦਿਆ ਪਰਾਪਤ ਕੀਤੀ ਤੇ ਅਧਿਆਪਕ ਨੂੰ ਕਿੱਤੇ ਵਜੋਂ ਅਪਣਾ ਲਿਆ। ਇਸ ਸਮੇਂ ਦੌਰਾਨ ਉਹ ਮਧ ਵਰਗ ਤੇ ਸ਼ਹਿਰ ਨਾਲ ਜੁੜ ਗਿਆ। ਸ਼ਹਿਰੀ ਮੱਧ ਵਰਗ ਅੰਦਰ ਟੁੱਟ ਰਹੇ ਪੁਰਾਣੇ ਜਗੀਰੂ ਸੰਸਕਾਰਾਂ ਤੇ ਟੁੱਟ ਰਹੇ ਨਵੇਂ ਬੁਰਜੁਵਾ ਪਰਭਾਵਾਂ ਨੂੰ ਵੀ ਉਸਨੇ ਨੀਝ ਨਾਲ ਦੇਖਿਆ ਤੇ ਘੋਖਿਆ। ਬੁਰਜੂਵਾ ਸਮਾਜ ਵਿਚ ਰੁਪਿਆ, ਭਾਵ, ਸਰਮਾਇਆ ਹੀ ਸਮਾਜ ਦੀ ਚੂਲ ਹੁੰਦਾ ਹੈ। ਇਸ ਨੂੰ ਮੁਖ ਰਖਕੇ ਨਵੇਂ ਰਿਸ਼ਤੇ ਤੇ ਸਦਾਚਾਰ ਉਸਰਦੇ ਹਨ। ਇਹ ਪਰਾਪਤੀ ਲਈ ਵਰਤਿਆ ਹਰ ਇਕ ਢੰਗ ਇਸ ਦੀ ਪਰਾਪਤੀ ਉਪਰੰਤ ਜਾਇਜ਼ ਹੋ ਜਾਂਦਾ ਹੈ। ਇਸ ਦੀ ਪਰਾਪਤੀ ਲਈ ਇਕ ਹੋੜ ਚਲਦੀ ਹੈ। ਜਿਹੜਾ ਲੈ ਗਿਆ ਉਹੀ ਜੇਤੂ। ਜਗੀਰਦਾਰੀ ਪਰਥਾ ਵਿਚ ਧਰਮ, ਅਰਥ, ਰਾਜਨੀਤੀ ਤੇ ਸਦਾਚਾਰ ਜ਼ਮੀਨ ਦੀ ਮਾਲਕੀ ਦੇ ਅਧੀਨ ਹੁੰਦੇ ਹਨ। ਇਸੇ ਤਰ੍ਹਾਂ ਸਰਮਾਏਦਾਰ ਪਰਥਾ ਵਿਚ ਇਹ ਸਰਮਾਏ ਦੇ ਚਾਕਰ ਹੁੰਦੇ ਹਨ। ਆਪਣੇ ਦੂਜੇ ਨਾਵਲ, ਚਾਨਣ ਦਾ ਜੰਗਲ, ਵਿਚ ਨਵੇਂ ਸਰਮਾਏਦਾਰ ਪਰਭਾਵਾਂ ਦਾ ਵਰਨਣ ਕਰਦਾ ਹੈ. ਜਿਸ ਅਨੁਸਾਰ ਵਿਦਿਆ ਵਰਗਾ ਪਵਿਤਰ ਕਿੱਤਾ ਵੀ ਇਕ ਵਿਉਪਾਰ ਦਾ ਰੂਪ ਧਾਰ ਗਿਆ ਹੈ, ਜਿਸ ਵਿਚ ਅਧਿਆਪਕ ਤੇ ਵਿਦਿਆਰਥੀ ਦੇ ਸਬੰਧ ਇਕ ਗੁਰੂ ਚੇਲੇ ਵਾਲੇ ਦਾ ਨਾ ਰਹਿਕੇ ਇਕ ਦੁਕਾਨਦਾਰ ਤੇ ਗਾਹਕ ਵਾਲੇ ਬਣ ਜਾਦੇ ਹਨ। ਦੁਕਾਨਦਾਰ ਦਾ ਮੁਖ ਮਨੋਰਥ ਹਰ ਪੱਖ ਤੋਂ ਗਾਹਕ ਦੀ ਲੁੱਟ ਕਰਨਾ ਤੇ ਆਪਣੇ ਮੁਨਾਫੇ ਵਿਚ ਵਾਧਾ ਕਰਨਾ ਹੁੰਦਾ ਹੈ। ਚਾਨਣ ਦੇ ਜੰਗਲ ਵਿਚ ਬਹੁਤੇ ਅਧਿਆਪਕ ਪਾਤਰ ਇਹੋ ਕਰਦੇ ਹਨ।

ਆਪਣੇ ਪਹਿਲੇ ਨਾਵਲ 'ਰਿਸ਼ਤਿਆਂ ਦੇ ਰੰਗ' ਵਿਚ ਇੰਦਰ ਸਿੰਘ ਖਾਮੋਸ਼ ਇਕ ਜਗੀਰ-

ਦਾਰ ਪਰਵਾਰ ਨੂੰ ਅਧਾਰ ਬਣਾਕੇ ਜਗੀਰੂ ਸਭਿਆਚਾਰ ਦਾ ਬਿਆਨ ਕਰਦਾ ਹੈ। ਇਕ ਜਗੀਰ-
ਦਾਰ ਘਰ ਵਿਚ ਇਕ ਗੈਰ ਜਗੀਰਦਾਰ ਪਿਛੋਕੜ ਵਾਲੀ ਨੂੰਹ ਆਉਂਦੀ ਹੈ, ਇਸ ਦਾ ਕਾਰਨ
ਕੇਵਲ ਨੂੰਹ ਦੀ ਮਹਾਰਾਜ ਦੀ ਪਾਠਨ ਹੋਣ ਤੇ ਥੋੜਾ ਬਹੁਤਾਂ ਕੀਰਤਨ ਕਰਨ ਦੀ ਸਮਝ ਰਖਦਾ
ਹੁੰਦਾ ਹੈ। ਪਰੰਤੂ ਜਗੀਰਦਾਰਨੀ ਸੱਸ ਜਿਹੜੀ ਆਪ ਜ਼ਗੀਰਦਾਰ ਜਮਾਤ ਵਿਚੋਂ ਹੁੰਦੀ ਹੈ, ਨੂੰਹ
ਨੂੰ ਕਬੂਲ ਕਰਨੋਂ ਇਨਕਾਰ ਕਰਦੀ ਹੈ। ਉਸਨੂੰ ਚੰਗਾ ਦਾਜ ਨਾ ਲਿਆਉਣ ਕਾਰਨ ਗਏ ਗੁਜਰੇ
ਘਰ ਦੀ ਹੋਂਣ ਦੇ ਮਿਹਣੇ ਮਾਰਦੀ ਹੈ ਅਤੇ ਉਸ਼ਨੂੰ ਜਗੀਰਦਾਰੀ ਪਰਥਾ ਦੇ ਮਹਾਂ ਅਰੋਪ, ਬੱਦਚਲਨ
ਸਾਬਤ ਕਰਨ ਲਈ ਉਸਦੇ ਜੰਮੇ ਲੜਕੇ ਨੂੰ ਆਪਣੇ ਪੁੱਤ ਦੀ ਔਲਾਦ ਹੋਣ ਤੋਂ ਇਨਕਾਰ ਕਰਦੀ
ਹੈ, ਇਹ ਗਲ ਆਮ ਲੋਕਾਂ ਵਿਚ ਵੀ ਧੁੰਮਾ ਦਿਤੀ ਜਾਂਦੀ ਹੈ। ਜਿਸਦਾ ਸ਼ਿਕਾਰ ਨਾਵਲ ਦਾ
ਨਾਇਕ ਪਿਰਤਪਾਲ ਉਰਫ ਪਿਤੀ ਹੁੰਦਾ ਹੈ। ਕਿਸੇ ਹੋਰ ਦਾ ਪੁੱਤ, ਹੋਣ ਦੀ ਗਾਲ੍ਹ ਸਾਰੀ ਉਮਰ
ਉਸਦਾ ਪਿਛਾ ਨਹੀਂ ਛਡਦੀ। ਜਗੀਰਦਾਰੀ ਪਰਥਾ ਵਿਚ ਜ਼ਮੀਨ ਦਾ ਵਾਰਸ ਹੋਣ ਲਈ ਜ਼ਰੂਰੀ
ਹੈ ਕਿ ਉਹ ਜਮੀਨ ਮਾਲਕ ਦਾ ਹਕੀਕੀ ਪੁੱਤ ਹੋਵੇ। ਜ਼ਗੀਰਦਾਰੀ ਪਰਥਾ ਵਿਚ ਬਦਚਲਨੀ ਦਾ
ਮਹਾਂ ਅਰੋਪ ਕਿਸੇ ਵੀ ਇਸਤਰੀ ਨੂੰ ਬਰਬਾਦ ਕਰ ਸਕਦਾ ਹੈ। ਉਸ ਦੀ ਉਲਾਦ ਦੀ ਜ਼ਿੰਦਗੀ
ਬਰਬਾਦ ਕਰ ਸਕਦਾ ਹੈ। ਇਸਨੂੰ ਸਾਬਤ ਕਰਨਾ ਜ਼ਰੂਰੀ ਨਹੀਂ ਹੁੰਦਾ। ਲਗਣਾ ਹੀ ਕਾਫੀ ਹੈ।
ਨਾਵਲ ਵਿਚ ਨਾਇਕ ਦੀ ਮਾਂ ਇਸ ਅਰੋਪ ਦੇ ਸਿਟਿਆਂ ਤੋਂ ਬਚ ਜਾਂਦੀ ਹੈ ਪਰੰਤੂ ਨਾਇਕ ਸਾਰੀ
ਉਮਰ ਮਾਨਸਿਕ ਤੌਰ ਤੇ ਇਸ ਅਰੋਪ ਦਾ ਸੰਤਾਪ ਭੋਗਦਾ ਹੈ। ਜਗੀਰੂ ਪਰਥਾ ਦੀ ਸਤਾਈ ਨਾਇਕ
ਦੀ ਮਾਂ ਜਦੋਂ ਆਪ ਸੱਸ ਬਣਦੀ ਹੈ ਤਾ ਆਪਣੀ ਨੂੰਹ ਤੇ ਨਾਇਕ ਦੀ ਪਤਨੀ ਸ਼ਹਿਰੀ ਮੱਧ-ਵਰਗ
ਵਿਚੋਂ ਹੈ, ਜਿਸ ਤੇ ਜਗੀਰੂ ਸੰਸਕਾਰਾਂ ਦਾ ਪਰਭਾਵ ਨਹੀਂ ਹੈ, ਉਹ ਮੁਕਤ ਬੁਰਜ਼ੂਆ ਢੰਗ ਦਾ
ਜੀਵਨ ਜਿਉਣਾ ਚਾਹੁੰਦੀ ਹੈ। ਜਿਸ ਵਿਚ ਜਗੀਰੂ ਪਰਥਾ ਵਾਲੀ ਸਾਂਝੇ ਪਰਵਾਰ ਦੀ ਪਿਰਤ ਦੀ
ਥਾਂ ਵਿਅਕਤੀਗਤ ਜੀਵਨ ਜਿਉਣ ਦੀ ਪਿਰਤ ਹੈ। ਉਹ ਸਰੀਰਕ ਕਿਰਤ ਤੋਂ ਮੁਕਤ ਨਾਇਕ
ਨਾਲ ਪਰਵਾਰ ਤੋਂ ਵਖਰਾ ਮੁਕਤ ਜੀਵਨ ਜਿਉਣਾ ਚਾਹੁੰਦੀ ਹੈ। ਜਦੋਂਕਿ ਜਗੀਰੂ ਪਰਥਾ ਵਿਚ
ਮੁਜਾਰਾ, ਪਤਨੀ, ਪੁੱਤ ਦੀ ਕਿਰਤ ਦੀ ਲਟ ਪੂਰੀ ਤਰ੍ਹਾਂ ਜਾਇਜ਼ ਹੈ। ਨਾਇਕ ਦੀ ਮਾਂ ਆਪਣੀ
ਨੂੰਹ ਦੀ ਸਰੀਰਕ ਕਿਰਤ ਲੁਟਣਾ ਆਪਣਾ ਰੱਬੀ ਹੱਕ ਸਮਝਦੀ ਹੈ। ਇਸ ਪਰਥਾ ਵਿਚ ਪੁਤ ਤੇ
ਮੁਜਾਰੇ ਵਿਚ ਕੋਈ ਅੰਤਰ ਨਹੀਂ ਹੁੰਦਾ। ਜੇਕਰ ਮੁਜ਼ਾਰਾ ਆਪਣੀ ਕਿਰਤ ਦੀ ਲੁਟ ਤੋਂ ਇਨਕਾਰ
ਕਰੇ ਤਾਂ ਉਸਨੂੰ ਜ਼ਮੀਨ ਤੋਂ ਬੇਦਖਲ ਕੀਤਾ ਜਾਂਦਾ ਹੈ। ਜੇਕਰ ਪੁੱਤ ਪਿਉ ਦੇ ਅਨੁਸਾਰ ਨਾਂ ਚੱਲੇ
ਤਾਂ ਉਸਨੂੰ ਵੀ ਜ਼ਮੀਨ ਦੀ ਮਾਲਕੀ ਤੋਂ ਵਾਂਝਾ ਕੀਤਾ ਜਾਂਦਾ ਹੈ। ਨਾਇਕ ਮੁਲਾਜ਼ਮ ਹੈ। ਉਹਦੇ
ਕੋਲ ਜੀਵਨ ਨਿਰਭਾਅ ਜੋਗੀ ਤਨਖਾਹ ਹੈ, ਪਰੰਤੂ ਉਹ ਜ਼ਮੀਨ ਦੀ ਮਾਲਕੀ ਦੇ ਕਿਲ੍ਹੇ ਨਾਲ ਬੱਧਾ
ਉਸ ਉਦਾਲੇ ਗੇੜੇ ਖਾਂਦਾ ਹੈ ਅਤੇ ਆਪਣੀ ਲੁੱਟ ਕਰਵਾਉਂਦਾ ਹੈ। ਜੇਕਰ ਅਜਿਹਾ ਨਹੀਂ ਕਰਦਾ
ਤਾਂ ਜਬਰ ਦਾ ਸ਼ਿਕਾਰ ਹੁੰਦਾ ਹੈ। ਨਾਇਕ ਮਾਨਸਿਕ ਦਵੰਦ ਦਾ ਸ਼ਿਕਾਰ ਹੈ। ਉਹਦੀਆਂ ਜੜ੍ਹਾਂ
ਜਗੀਰੂ ਪਰਥਾਂ ਵਿਚ ਹਨ ਦਿਮਾਗ ਵਿਚ ਪੈਂਟੀ ਬੁਰਜ਼ੂਵਾ ਸੋਚ ਹੈ। ਦੋਨਾਂ ਦੀ ਮਾਰ ਹੇਠ ਉਹ
ਡੰਬਲ ਭੂਸੇ ਵਿਚ ਹੈ। ਨਾਵਲ ਦੇ ਦੋ ਪਾਤਰ ਨਾਇਕ ਦਾ ਛੋਟਾ ਭਰਾ ਤੇ ਭੈਣ ਜਗੀਰੂ ਸੰਸਕਾਰਾਂ
ਤੋਂ ਮੁਕਤ ਹਨ। ਭਰਾ ਜਗੀਰਦਾਰਾਂ ਵਾਂਗ ਧਕੜ ਤੇ ਸਰਮਾਏਦਾਰਾਂ ਵਾਂਗ ਢੀਠ ਹੈ, ਭੈਣ ਚੰਡੀਗੜ੍ਹ
ਪੜ੍ਹਕੇ ਆਈ ਹੈ। ਉਥੇ ਮੁੰਡਿਆਂ ਨਾਲ ਫਲਰਟ ਕਰਦੀ ਰਹੀ ਹੈ ਜਿਹੜੇ ਪਿਛੋਂ ਵੀ ਉਹਨੂੰ ਬੇਗਮ
ਚਿੱਠੀਆਂ ਲਿਖਦੇ ਹਨ। ਉਹ ਆਪਣੀ ਭਰਜਾਈ ਤੇ ਭਰਾ ਦੇ ਸਰੀਰਕ ਸਬੰਧਾਂ ਵਿਚੋਂ ਸਵਾਦ ਲੈਣ



ਦਾ ਯਤਨ ਕਰਦੀ ਹੈ। ਨਾਵਲ ਦਾ ਇਕ ਪਾਤਰ ਨਾਇਕ ਦਾ ਪਿਤਾ ਫੌਜ ਦੀ ਨੌਕਰੀ ਕਰ ਚੁੱਕਿਆ ਤੇ ਫਿਰ ਟਰਾਂਸਪੋਰਟਰ ਬਣਨ ਵਿਚ ਅਸਫਲ ਰਿਹਾ ਵਿਅਕਤੀ ਹੈ। ਜਿਹੜਾ ਨਾਵਲ ਵਿਚ ਕੋਈ ਅਹਿਮ ਰੋਲ ਨਹੀਂ ਕਰਦਾ। ਉਹ ਆਪਣੀ ਮਾਂ ਦੀ ਨਹੀਂ ਮੰਨਦਾ ਤੇ ਪਤਨੀ ਨੂੰ ਨਹੀਂ ਤਿਆ-ਗਦਾ। ਫਿਰ ਆਪਣੀ ਪਤਨੀ ਦੇ ਹੱਥ ਵਿਚ ਕਠਪੁਤਲੀ ਬਣਕੇ ਖੇਡਦਾ ਹੈ।

ਇਸ ਤਰ੍ਹਾਂ ਲੇਖਕ ਸਹਿਜ ਰੂਪ ਵਿਚ ਹੀ ਜਾਗੀਰੁ ਰਿਸ਼ਤਿਆਂ ਦੇ ਟੁਟਣ ਤੇ ਜਗੀਰੂ ਪਰਥਾ ਦੇ ਸਮਾਂ ਵਿਹਾ ਚੁੱਕੀ ਹੋਂਦ ਦਾ ਵਰਨਣ ਕਰਦਾ ਹੈ।

ਇੰਦਰ ਸਿੰਘ ਖਾਮੋਸ਼ ਦਾ ਦੂਜਾ ਨਾਵਲ ਜਿਹੜਾ 1980 ਵਿਚ ਛਪਿਆ 'ਜਾਨਣ ਦਾ ਜੰਗਲ' ਹੈ। ਇਸ ਨਾਵਲ ਵਿਚ ਵਿਦਿਅਕ ਖੇਤਰ ਵਿਚ ਪਸਰੇ ਅੰਧਕਾਰ, ਕੁਰੱਪਸ਼ਨ ਆਦਿ ਦਾ ਵਿਸਥਾਰ ਸਹਿਤ ਵਰਨਣ ਕੀਤਾ ਹੈ। ਇਸਦੇ ਅਹਿਮ ਪਾਤਰ ਮਿਸਜ਼ ਕਾਲੜਾ, ਹਰਜੀਤ ਢਿਲੋਂ ਲਤਾ ਗੁਪਤਾ ਅਖੌਤੀ ਟਰੇਡ ਯੂਨੀਅਨ ਤੇ ਭਰਿਸ਼ਟ ਵਿਅਕਤੀ ਮੂਲ ਚੰਦ, ਜੱਬਰ ਸਿੰਘ, ਜ਼ਿਲਾ ਸਿਖਿਆ ਅਫਸਰ ਮਿਸਿਜ਼ ਮਾਂਗਟ, ਮਿਸਜ਼ ਕਾਲੜਾ ਅਫਸਰਸ਼ਾਹੀ ਦੀ ਕੁਰਪਟ ਤੇ ਭੱਦੀ ਮਿਸਾਲ ਹੈ, ਜਿਸ ਸਾਹਮਣੇ ਕੇਵਲ ਆਪਣੇ ਨਿਜੀ ਹਿੱਤ ਹਨ, ਜਿਹਨਾਂ ਤੋਂ ਬਿਨਾਂ ਹੋਰ ਕੋਈ ਆਦਰਸ਼ ਨਹੀਂ। ਉਹ ਆਪਣੇ ਇਸ ਮੰਤਵ ਲਈ ਹਰ ਭਰਿਸ਼ਟ ਢੰਗ ਵਰਤਦੀ ਹੈ ਤੇ ਆਪਣੀ ਸੋਚ ਦੀਆਂ ਧਾਰਨੀ ਟੀਚਰਾਂ ਨੂੰ ਆਪਣੇ ਹਿੱਤ ਵਿਚ ਵਰਤਣ ਲਈ ਹਰ ਜਾਇਜ਼ ਨਜਾਇਜ਼ ਸਹੂਲਤ ਦਿੰਦੀ ਹੈ। ਇਸ ਦੇ ਟਾਕਰੇ ਤੇ ਲਤਾ ਗੁਪਤਾ ਹੈ। ਜਿਸਦੀ ਆਪਣੀ ਸੋਚ ਇਸ ਤੋਂ ਕੋਈ ਵੱਖਰੀ ਨਹੀਂ ਕੇਵਲ ਹਿਤਾਂ ਦਾ ਟਕਰਾ ਹੈ, ਜਦੋਂ ਇਕ ਦੂਜੀ ਨੂੰ ਆਪ ਦੇ ਰਾਹ ਦਾ ਰੋੜਾ ਮਹਿਸੂਸ ਕਰ-ਦੀਆਂ ਹਨ ਤਾਂ ਜਾਨਵਰਾਂ ਵਾਂਗ ਭਿੜਦੀਆ ਹਨ। ਇਸ ਭੇੜ ਦੀ ਫੇਟ ਵਿਚ ਹਰਜੀਤ ਢਿਲੋਂ ਵਰਗੀਆਂ ਜਿਹੜੀਆਂ ਕੁੱਝ ਹੱਦ ਤਕ ਆਪਣੀ ਫਰਜ਼ ਦੀ ਪੂਰਤੀ ਨੂੰ ਤਰਜੀਹ ਦੇਣ ਦਾ ਯਤਨ ਕਰਦੀਆਂ ਹਨ, ਆ ਜਾਂਦੀਆਂ ਹਨ।

ਮੂਲ ਚੰਦ ਦਾ ਪਾਤਰ ਅਜ ਦੇ ਭਰਿਸ਼ਟ ਤੇ ਨੀਚ ਕਿਸਮ ਦੇ ਰਾਜਨੀਤਕਾਂ ਦਾ ਨਮੂਨਾ ਹੈ। ਜਿਸ ਸਾਹਮਣੇ ਹਰ ਘਟੀਆ ਢੰਗ ਨਾਲ ਆਪਣੇ ਹਿਤਾਂ ਦੀ ਪੂਰਤੀ ਦਾ ਟੀਚਾ ਹੈ। ਟਰੇਡ ਯੂਨੀ-ਅਨਵਾਦ ਜਿਹੜਾ ਲੁਟੇ ਤੇ ਦਰੜੇ ਜ ਦੇ ਵਰਗਾਂ ਦੇ ਵਟਗ ਹਿਤਾਂ ਦੀ ਰਾਖੀ ਲਈ ਇਕ ਹਥਿਆਰ ਹੈ, ਇਹ ਇਸ ਨੂੰ ਨਿਜੀ ਹਿਤਾਂ ਦੀ ਰਾਖੀ ਲਈ ਵਰਤਦਾ ਹੈ, ਤੇ ਯੂਨੀਅਨ ਤੇ ਯੂਨੀਅਨਵਾਦ ਨੂੰ ਕਲੰਕਤ ਕਰਦਾ ਹੈ। ਪਰੰਤੂ ਇਹ ਵਿਅਕਤੀ ਕੇਵਲ ਭਰਿਸ਼ਟ ਹੀ ਨਹੀਂ ਬਲ!ਕਿ ਬੁਜ਼ਦਿਲ ਤੇ ਕਮੀਣਾ ਦੀ ਹੈ। ਲੋੜ ਪੈਣ ਤੇ ਪੈਰੀਂ ਵੀ ਡਿਗ ਸਕਦਾ ਹੈ, ਜਿਵੇਂ ਡੀ. ਈ. ਓ ਦੇ ਪੈਰੀਂ ਡਿਗਦਾ ਹੈ।

ਇਕ ਹੋਰ ਪਾਤਰ ਜ਼ਾਬਰ ਸਿੰਘ ਹੈੱਡ ਮਾਸਟਰ ਹੈ। ਨਾਵਲ ਵਿਚ ਲੇਖਕ ਇਸ ਦੇ ਦੋ ਪੱਖ ਪੇਸ਼ ਕਰਦਾ ਹੈ, ਜਿਨ੍ਹਾਂ ਵਿਚੋਂ ਇਕ ਘਟੀਆ ਤੇ ਕਮੀਣਾ ਹੈ, ਅਤੇ ਦੂਜਾ ਲੋਕ ਦਰਦੀ ਦਲੇਰ ਤੇ ਚੰਗਿਆਈ ਲਈ ਲੜਨ ਵਾਲਾ ਹੈ। ਪਰੰਤੂ ਪਾਠਕ ਲਈ ਇਹ ਫੈਸਲਾ ਕਰਨਾ ਮੁਸ਼ਕਲ ਹੈ, ਕਿ ਇਹਨਾਂ ਦੋਨਾਂ ਪੱਖਾਂ ਵਿਚ ਸੱਚਾ ਪੱਖ ਕਿਹੜਾ ਹੈ ਤੇ ਝੂਠਾ ਕਿਹੜਾ।

ਇਕ ਆਦਰਸ਼ਵਾਦੀ ਪਾਤਰ ਮਿਸਿਜ਼ ਮਾਂਗਟ ਡੀ. ਈ. ਉ ਹੈ, ਜਿਹੜੀ ਅਫਸਰ ਹੋਣ ਤੇ ਵੀ ਆਪਣੇ ਫਰਜ਼ਾਂ ਵਲ ਪੂਰੀ ਤਰ੍ਹਾਂ ਸੁਹਿਰਦ ਹੈ। ਉਹ ਇਸ ਅੰਧਕਾਰ ਵਿਚ ਇਕ ਸੂਰਜ ਦੀ ਰਿਸ਼ਮ

ਹੈ। ਪਰੰਤੂ ਕੀ ਇਹ ਰਿਸ਼ਮ ਸਾਰੇ ਪਾਸੇ ਫੈਲੇ ਭਰਿਸ਼ਟਾਚਾਰ ਦੇ ਅੰਧਕਾਰ ਨੂੰ ਦੂਰ ਕਰਨ ਵਿਚ ਸਫਲ ਹੋ ਸਕੇਗੀ ? ਲੇਖਕ ਇਹ ਸਵਾਲ ਪਾਠਕ ਗੋਚਰਾ ਛੱਡ ਦਿੰਦਾ ਹੈ। ਲੇਖਕ ਦਾ ਇਹ ਨਾਵਲ ਪੜਚੋਲਵੇਂ ਯਥਾਰਥ ਦੀ ਇਕ ਮਿਸਾਲ ਹੈ।

ਇਸ ਪਿਛੋਂ ਇੰਦਰ ਸਿੰਘ ਖਾਮੋਸ਼ ਦੇ ਦੋ ਹੋਰ ਨਾਵਲ ਇਕ 'ਤਾਜ ਮਹਿਲ ਹੋਰ' ਤੇ 'ਬੁੱਕਲ ਦਾ ਰਿਸ਼ਤਾ' ਆਏ ਹਨ। ਇਹਨਾਂ ਵਿਚੋਂ ਪਹਿਲਾ ਨਾਵਲ ਇਕ ਤਾਜ ਮਹਿਲ ਹੋਰ, ਬਾਹਰ ਮੁਖੀ ਤੌਰ ਤੇ ਇਕ ਪਿਆਰ ਦੁਖਾਂਤ ਭਾਸਦਾ ਹੈ, ਪਰੰਤੂ ਇਸ ਵਿਚ ਸਮੁੱਚੇ ਸਮਾਜ ਵਿਚ ਵਿਆਪਤ ਜਮਾਤੀ ਵੰਡ ਤੇ ਜਮਾਤੀ ਚੇਤਨਾ ਦਾ ਵਰਨਣ ਹੈ। ਨਾਵਲ ਦਾ ਨਾਇਕ ਅਜੀਤ ਗਰੀਬ ਕਿਸਾਨੀ ਵ੍ਚੋਂ ਹੈ ਅਤੇ ਨਾਇਕਾਂ ਉਰਵਸ਼ੀ ਸ਼ਹਿਰੀ ਮਧ ਵਰਗ ਵਿਚੋਂ ਹੈ। ਅਜੀਤ ਜਮਾਤੀ ਹਦਬੰਦੀ ਨੂੰ ਨਹੀਂ ਸਮਝਦਾ ਤੇ ਨਾਂ ਜਾਣ ਬੁਝਕੇ ਸਮਝਣਾ ਹੀ ਚਾਹੁੰਦਾ ਹੈ। ਉਹ, ਪਿਆਰ ਅੰਨਾ ਹੁੰਦਾ ਹੈ, ਦੇ ਕਥਨ ਦੇ ਭੁਲੇਖੇ ਦਾ ਸ਼ਿਕਾਰ ਹੈ। ਉਰਵਸ਼ੀ ਦੇ ਮਾਂ ਬਾਪ ਜਮਾਤੀ ਹਦਬੰਦੀਆਂ ਨੂੰ ਚੰਗੀ ਤਰ੍ਹਾਂ ਸਮਝਦੇ ਹਨ। ਉਹਨਾਂ ਨੂੰ ਇਸ ਹਦਬੰਦੀ ਦੇ ਪੱਕੇ ਹੋਣ ਤੇ ਪੂਰਨ ਵਿਸ਼ਵਾਸ਼ ਹੈ ਉਹ ਜਾਣਦੇ ਹਨ ਕਿ ਉਰਵਸ਼ੀ ਇਸ ਹਦਬੰਦੀ ਨੂੰ ਤੋੜਨਾ ਚਾਹੁਣ ਤੇ ਵੀ ਤੋੜ ਨਹੀਂ ਸਕੇਗੀ। ਉਰਵਸ਼ੀ ਮੁਢ ਵਿਚ ਇਸ ਹਦਬੰਦੀ ਤੋਂ ਅਣਜਾਣ ਜਾਪਦੀ ਹੈ। ਪਰੰਤੂ ਹਕੀਕਤਾਂ ਸਾਹਮਣੇ ਆਉਣ ਤੇ ਚੇਤੰਨ ਹੋ ਜਾਂਦੀ ਹੈ ਤੇ ਆਪਣੀ ਜਮਾਤੀ ਕਤਾਰ ਵਿਚ ਜਾ ਖੜਦੀ ਹੈ, ਨਾਇਕ ਉਰਵਸ਼ੀ ਦੇ ਇਸ ਵਿਵਹਾਰ ਨੂੰ ਧੋਖਾ ਸਮਝਦਾ ਹੈ। ਪਰੰਤੂ ਸੱਚ ਉਹ ਹੈ ਜੋ ਵਾਪਰਿਆ ਹੈ, ਉਹ ਨਹੀਂ ਸੀ ਜਿਸ ਨੂੰ ਨਾਇਕ ਨੇ ਚਿਤਵਿਆ ਸੀ।

ਇਹ ਨਾਵਲ ਸਮਾਜ ਵਿਚ ਵਿਆਪਤ ਜ਼ਾਤ ਪਾਤੀ ਪਰਥਾ ਦਾ ਵੀ ਵਰਨਣ ਕਰਦਾ ਹੈ, ਰਣਜੀਤ-ਗਿੱਲ ਤੇ ਪੁਨੀਤ ਸ਼ਰਮਾ ਦੀ ਆਪਸੀ ਸਾਂਝ ਹੈ। ਦੋਨੋਂ ਇਕੱਠੇ ਪੜ੍ਹਦੇ ਹਨ। ਦੋਨਾਂ ਦੀ ਆਪਸੀ ਨੇੜਤਾ ਹੈ, ਦੋਨੋਂ ਵਿਆਹ ਕਰਾਉਣ ਲਈ ਰਾਜ਼ੀ ਹਨ। ਪਰੰਤੂ ਜਦੋਂ ਪੁਨੀਤ ਸ਼ਰਮਾ ਨੂੰ ਪਤਾ ਲਗਦਾ ਹੈ ਕਿ ਰਣਜੀਤ-ਗਿੱਲ ਜੱਟ ਨਹੀਂ ਬਲਕਿ ਮਜ਼ਹਬੀ ਹੈ ਤਾਂ ਉਸਦਾ ਪਿਆਰ ਕਾਫੂਰ ਹੋ ਜਾਂਦਾ ਹੈ।

ਸਾਡੇ ਸਮਾਜ ਵਿਚ ਅਜ ਜੋ ਸਥਿਤੀ ਇਸਤਰੀ ਦੀ ਹੈ, ਇਸਦਾ ਵਰਨਣ ਨਾਇਕ ਅਜੀਤ ਦੀ ਭੈਣ ਨਾਲ ਜੋ ਕੁਝ ਵਾਪਰਦਾ ਹੈ, ਉਹ ਇਕ ਨਮੂਨਾ ਹੈ। ਇਸ ਤਰ੍ਹਾਂ ਲੇਖਕ ਸਹਿਜ ਰੂਪ ਵਿਚ ਜ਼ਾਤ ਪਾਤੀ ਪਰਬੰਧ, ਜਮਾਤੀ ਦਵੰਦ ਤੇ ਇਸਤਰੀ ਦੀ ਦੁਰਦਸ਼ਾ ਦਾ ਵਰਨਣ ਕਰ ਜਾਂਦਾ ਹੈ।

ਚੌਥਾ ਨਾਵਲ, ਬੁੱਕਲ ਦਾ ਰਿਸ਼ਤਾ ਹੈ। ਇਸ ਵਿਚ ਲੇਖਕ ਮਾਨਵੀ ਜਜ਼ਬਿਆਂ ਦਾ ਪਰਬਲ ਪ੍ਰਗਟਾਵਾ ਕਰਦਾ ਹੈ। ਇਸ ਵਿਚ ਮਨੁੱਖੀ ਹਮਦਰਦੀ ਮਨੁੱਖੀ ਦਰਦ ਤੇ ਉਸ ਵਿਚੋਂ ਉਸਰੇ ਰਿਸ਼ਤਿਆਂ ਦਾ ਵਰਨਣ ਕਰਦਾ ਹੈ। ਪਰੰਤੂ ਇਸ ਉਪਭਾਵਕਤਾ ਦੀ ਧੁੰਦ ਦੂਰ ਹੋਣ ਤੇ ਆਰਥਕ ਹਿਤ ਨੰਗੇ ਹੋ ਜਾਂਦੇ ਹਨ। ਨਾਵਲ ਦਾ ਨਾਇਕ ਬਲਦੇਵ ਸਿੰਘ ਤੇ ਨਾਇਕਾ ਸੁਖਪਾਲ ਮੁਢ ਵਿਚ ਇਕ ਦੂਜੇ ਦੇ ਦੁਖਾਂ ਦੇ ਭਾਈਵਾਲ ਹੁੰਦੇ ਹਨ। ਸੁਖਪਾਲ ਬਲਦੇਵ ਸਿੰਘ ਦੀ ਕੈਂਸਰ ਪੀੜਤ ਪਤਨੀ ਦੀ ਸੇਵਾ ਕਰਦੀ ਹੈ, ਉਸਦੀ ਮੌਤ ਉਪਰੰਤ ਘਰ ਦੀ ਸੰਭਾਲ ਕਰਦੀ ਹੈ। ਉਸਦੀ ਕਬੀਲਦਾਰੀ ਨੂੰ ਸਮੇਟਣ ਵਿਚ ਸਹਾਈ ਹੁੰਦੀ ਹੈ। ਬਲਦੇਵ ਸਿੰਘ ਉਸਦੇ ਮੁਕਦਮੇ



ਵਿਚ ਉਸਦੀ ਸਹਾਇਤਾ ਕਰਦਾ ਹੈ। ਇਸ ਆਪਸੀ ਮਿਲ-ਵਰਤਣ ਵਿਚੋਂ ਦੋਨੋਂ ਸਰੀਰਕ ਸਬੰਧ ਕਾਇਮ ਕਰ ਲੈਂਦੇ ਹਨ। ਇਹ ਇਕ ਦੂਜੇ ਦੀ ਲੋੜ ਸੀ। ਪਰੰਤੂ ਨਾਇਕਾ ਆਪਣੇ ਵਲੋਂ ਇਕ ਪਤਨੀ ਦੇ ਸਾਰੇ ਫਰਜ਼ ਪੂਰੇ ਕਰਦੀ ਹੈ ਅਤੇ ਇਸ ਪਿਛੋਂ ਇਕ ਪਤਨੀ ਦੇ ਅਧਿਕਾਰ ਮੰਗਦੀ ਹੈ। ਬਲਦੇਵ ਸਿੰਘ ਤੋਂ ਜ਼ਮੀਨ ਜਾਇਦਾਦ ਵਿਚੋਂ ਹਿੱਸਾ ਮੰਗਦੀ ਹੈ। ਇਹੋ ਮੰਗ ਨਾਵਲ ਵਿਚ ਦਵੰਦ ਦਾ ਕਾਰਨ ਬਣਦੀ ਹੈ। ਦੋਨੋਂ ਟੁਟ ਹੀ ਨਹੀਂ ਜਾਂਦੇ ਬਲਕਿ ਇਕ ਦੂਜੇ ਦੇ ਦੁਸ਼ਮਣ ਵੀ ਬਣ ਜਾਂਦੇ ਹਨ। ਇਹ ਜਾਇਦਾਦੀ ਤੇ ਆਰਥਕ ਹਿਤਾਂ ਦੀ ਰਾਖੀ ਦੀ ਚੇਤਨਾ ਦਾ ਮੰਤਕੀ ਸਿਟਾ ਸੀ।

ਇਹ ਨਾਵਲ 1991 ਵਿਚ ਛਾਪਿਆ ਹੈ। ਜਿਸ ਸਮੇਂ ਪੰਜਾਬ ਵਿਚ ਅਤਿਵਾਦ ਸਿਖਰ ਤੇ ਸੀ। ਲੇਖਕ ਇਸ ਵਿਚ ਅਤਿਵਾਦ ਤੇ ਪੁਲਸ ਦੇ ਜ਼ਬਰ ਦਾ ਵਰਨਣ ਕਰਦਾ ਹੈ, ਇਹ ਵਰਨਣ ਅਤਿਵਾਦ ਦੀ ਉਲਾਰ ਤਸਵੀਰ ਹੈ। ਜਿਸ ਤਰ੍ਹਾਂ ਪੁਲਸ ਜ਼ਬਰ ਦਾ ਵਰਨਣ ਹੈ। ਉਸ ਸ਼ਿੱਦਤ ਨਾਲ ਅਤਿਵਾਦ ਤੇ ਅਤਿਵਾਦੀਆਂ ਦੇ ਕਾਰਿਆਂ ਦਾ ਨਹੀਂ ਕੀਤਾ ਗਿਆ। ਇਸ ਨਾਵਲ ਵਿਚ ਲੇਖਕ ਮਾਨਵੀ ਰਿਸ਼ਤਿਆਂ ਤੋਂ ਮਾਨਵੀ ਜਜ਼ਬਿਆਂ ਨਾਲੋਂ ਆਰਥਕ ਹਿਤਾਂ ਦੀ ਪਰਾਪਤੀ ਨੂੰ ਪਹਿਲ ਦਿੰਦਾ ਹੈ। ਇਹ ਅੱਜ ਦੇ ਸਰਮਾਏਦਾਰ ਯੁਗ ਦੀ ਹਕੀਕਤ ਹੈ, ਇਕ ਯਥਾਰਥ ਹੈ।

ਇੰਦਰ ਸਿੰਘ ਖਾਮੋਸ਼ ਇਕ ਚੇਤਨ ਤੇ ਸੁਹਿਰਦ ਕਲਾਕਾਰ ਹੈ। ਉਸਦੀ ਕਲਾ ਵਿਚ ਯਥਾ-ਰਥ ਦਾ ਚਿਤਰਨ ਹੈ। ਉਹ ਮਨੁੱਖੀ ਸਮਾਜ ਵਿਚਲੇ ਵੱਖੋ ਵੱਖਰੇ ਵਰਤਾਰਿਆਂ ਦਾ ਵਰਨਣ ਸਹਿਜ ਰੂਪ ਵਿਚ ਕਰਦਾ ਹੈ। ਉਹ ਨਾਵਲ ਲਈ ਪਲਾਟ ਘੜਦਾ ਨਹੀਂ ਬਲਕਿ ਯਥਾਰਥ ਵਿਚੋਂ ਸਿਰਜਦਾ ਹੈ। ਉਹਦੇ ਪਾਤਰ ਹੱਡ ਮਾਸ ਦੇ ਵਿਅਕਤੀ ਹਨ। ਜਿਹੜੇ ਨਾ ਦੇਵਤੇ ਹਨ, ਨਾ ਦੈਂਤ। ਉਹਨੇ ਆਪਣੇ ਨਾਵਲਾਂ ਵਿਚ ਸਮਾਜ ਦੀ ਸਮੁਚੀ ਸਰਗਰਮੀ ਦੀ ਚੂਲ ਜਮਾਤੀ ਦਵੰਦ ਨੂੰ ਵੱਖੋ ਵੱਖਰੇ ਕੋਨਾਂ ਤੋਂ ਪੇਸ਼ ਕੀਤਾ ਹੈ। ਉਹਨੂੰ ਜਗੀਰੂ ਪਰਥਾ ਦੀ ਡੂੰਘੀ ਸਮਝ ਹੈ, ਉਹ ਹੋਰਨਾਂ ਵਰਗਾਂ ਨੂੰ ਵੀ ਸਮਝਣ ਲਈ ਯਤਨਸ਼ੀਲ ਹੈ। ਉਸਨੇ ਮੱਧ ਵਰਗ ਦੀ ਮਾਨਸਿਕਤਾ ਨੂੰ ਆਪਣੇ ਨਾਵਲਾਂ ਵਿਚ ਪੇਸ਼ ਕੀਤਾ ਹੈ। ਉਹ ਸਮਾਜ ਵਿਚ ਜ਼ਾਤਪਾਤੀ ਪਰਥਾ ਤੇ ਇਸਤਰੀ ਦੀ ਦਸ਼ਾ ਬਾਰੇ ਵੀ ਚੇਤੰਨ ਹੈ। ਉ ਦੇ ਨਾਵਲ ਪੰਜਾਬੀ ਸਮਾਜ ਦੇ ਕਈ ਪੱਖਾਂ ਤੇ ਚਾਨਣਾ ਪਾਉਂਦੇ ਹਨ।

ਇੰਦਰ ਸਿੰਘ ਖਾਮੋਸ਼ ਬੋਲੀ ਸਾਦਾ ਤੇ ਸਰਲ ਵਰਤਦਾ ਹੈ। ਉਸਦੀ ਲਿਖਤ ਵਿਚ ਰਵਾਨੀ ਹੈ। ਉਹ ਘਟ ਲਿਖਦਾ ਹੈ, ਪਰੰਤੂ ਇਹਦੀਆਂ ਇਹ ਲਿਖਤਾਂ ਹੀ ਪੰਜਾਬੀ ਸਾਹਿਤ ਦਾ ਇਕ ਸਰਮਾਇਆ ਹਨ। ○

(ਘੋਲੀਆ ਕਲਾਂ-ਮੋਗਾ)

## ਦੀ ਕਲਾ, ਕਲਾ ਲਈ ਹੁੰਦੀ ਹੈ/ਨਾਥਨ ਸਕਾਟ

### (ਕਲਾ ਦੀ ਲੋਕ-ਮੁੱਖਤਾ ਦੀ ਲੋੜ ਬਾਰੇ ਕੁਝ ਵਿਚਾਰ)

ਹੇਠ ਲਿਖੇ ਵਿਚਾਰ, ਵੱਖ ਵੱਖ ਕਿਸਮ ਦੇ ਕਲਾਕਾਰਾਂ ਦਰਮਿਆਨ ਕੋਈ ਗੁਫਤਗੂ ਛੇੜਨ ਲਈ ਹਨ, ਕਲਾਕਾਰ ਜਿਹੜੇ ਕਿ ਕਲਾਕਤਮਿਕ ਪ੍ਰਗਟਾਵੇ ਲਈ, ਲੋਕਾਂ ਦੇ ਸਰੋਕਾਰਾਂ ਪ੍ਰਤੀ ਵਚਨ-ਬੱਧ ਹਨ। ਇਸ ਗੱਲ ਦਾ ਫੁਰਨਾ ਇਕ ਬਹਿਸ ਸਮੇਂ ਫੁਰਿਆ ਸੀ।

ਜੋ ਕੁਝ ਵੀ ਮੈਂ ਲਿਖਿਆ ਹੈ, ਜਦ ਤੁਸੀਂ ਇਸ ਨੂੰ ਪੜ੍ਹੋ, ਤਾਂ ਕਿਰਪਾ ਕਰਕੇ ਪ੍ਰਸ਼ਨਾਂ ਪ੍ਰਤੀ ਆਪਣਾ ਹੁੰਗਾਰਾ ਲਿਖਦੇ ਜਾਵੋ। ਇਹ ਬਹਿਸ ਛੇੜਨ ਦੀ ਇਕ ਕੋਸ਼ਿਸ਼ ਹੈ, ਜਿਹੜੀ ਕਿ ਮੇਰਾ ਖਿਆਲ ਹੈ ਛਪਣ-ਯੋਗ ਬਣ ਜਾਵੇਗੀ ਅਤੇ ਇਹ ਤੇ ਅਜਿਹੇ ਹੋਰ ਵਿਸ਼ਿਆਂ ਬਾਰੇ ਵਿਚਾਰ-ਵਟਾਂਦਰੇ ਦਾ ਰੂਪ ਧਾਰੇਗੀ।

○ ਜੇ ਕਲਾ ਸਿਰਫ ਕਲਾ ਲਈ ਹੈ ਤਾਂ ਕੀ ਇਹ ਮੁੱਦਿਆਂ ਤੇ ਆਧਾਰਤ ਹੋਣੀ ਚਾਹੀਦੀ ਹੈ?

—ਕਲਾ ਨੂੰ ਮੁੱਦਿਆਂ ਤੇ ਆਧਾਰਤ ਹੋਣ ਦੀ ਲੋੜ ਨਹੀਂ, ਪਰ ਨਿਰਸੰਦੇਹ ਇਹ ਚੇਤਨਾ ਉੱਤੇ ਆਧਾਰਤ ਹੋਣੀ ਚਾਹੀਦੀ ਹੈ। ਇਹ ਦੱਸੇ ਕਿ ਅਸੀਂ ਕੀ ਹਾਂ, ਕਿਵੇਂ ਸੋਚਦੇ, ਕੰਮ ਕਰਦੇ, ਵਿਹਾਰ ਕਰਦੇ ਤੇ ਆਪਣੇ ਜੀਵਨ ਵਿਚ ਚੋਣ ਕਿਵੇਂ ਕਰਦੇ ਹਾਂ। ਮੈਂ ਲੋਕਾਂ ਨਾਲ ਕਿਵੇਂ ਵਿਹਾਰ ਕਰਨਾ ਹੈ, ਇਸ ਬਾਰੇ ਹਰ ਰੋਜ਼ ਚੋਣ ਕਰਦਾ ਹਾਂ, ਮੈਂ ਕੀ ਖਰੀਦਣਾ ਚਾਹੁੰਦਾ ਹਾਂ ਤੇ ਕੀ ਨਹੀਂ। ਕੀ ਮੈਂ ਪੈਦਲ ਤੁਰਾਂਗਾ ਜਾਂ ਸਾਈਕਲ ਤੇ ਸਵਾਰ ਹੋਵਾਂਗਾ, ਜਾਂ ਕੋਈ ਗੱਡੀ ਚਲਾ ਕੇ ਜਾਵਾਂਗਾ ਕੀ ਮੈਂ ਬੱਸ ਫੜਾਂਗਾ ਜਾਂ ਆਟੋ-ਰਿਕਸ਼ਾ? ਕੀ ਮੈਂ ਆਪਣੇ ਘਰ ਟੀ. ਵੀ. ਰੱਖਾਂਗਾ ਜਾਂ ਨਹੀਂ। ਇਹ ਸਾਰੀਆਂ ਸੁਚੇਤ ਚੋਣਾਂ ਹੁੰਦੀਆਂ ਹਨ। ਜੇ ਅਸੀਂ ਸੁਚੇਤ ਤੌਰ ਤੇ ਜ਼ਿੰਦਗੀਆਂ ਜੀਊਂਦੇ ਹਾਂ ਤਾਂ ਸਾਡੀ ਕਲਾ ਨੂੰ ਵੀ ਇਸ ਨੂੰ ਪ੍ਰਤੀਬਿੰਬਤ ਕਰਨਾ ਚਾਹੀਦਾ ਹੈ। ਜੇ ਅਸੀਂ ਚੇਤੰਨ ਤੌਰ ਤੇ ਜ਼ਿੰਦਗੀਆਂ ਨਹੀਂ ਜੀਊਂਦੇ, ਤਾਂ ਜ਼ਰੂਰੀ ਹੀ ਅਸੀਂ ਸੁੱਤੇ-ਸਿੱਧ, ਚੁੱਪ-ਚੁਪੀਤੇ, ਅਚੇਤ, ਹੀ ਇਕ ਪ੍ਰਬੰਧ ਦਾ ਸ਼ਿਕਾਰ ਹੋ ਰਹੇ ਹਾਂ, ਜਿਹੜੀਆਂ ਬਣਤਰਾਂ, ਕਿ ਕਾਣੀ ਵੰਡ, ਤਾਕਤ, ਲਾਲਚ, ਤੇ ਬੇਇਨਸਾਫੀ ਨੂੰ ਕਾਇਮ ਰੱਖਣ ਵਾਲੀਆਂ ਹਨ। ਸਾਡੀ ਕਲਾ, ਸਾਡੀਆਂ ਜ਼ਿੰਦਗੀਆਂ ਵਾਂਗ, ਇਨ੍ਹਾਂ ਬਣਤਰਾਂ ਨਾਲ ਟਕਰਾਵੇਗੀ।

○ ਲੋਕ-ਕਲਾ ਦਾ ਸੁਹਜ-ਸ਼ਾਸ਼ਤਰ ਕੀ ਹੁੰਦਾ ਹੈ? ਲੋਕ-ਕਲਾ ਸਾਧਾਰਨ ਪ੍ਰਾਪੇਗੰਡਾ ਨਹੀਂ ਹੁੰਦੀ। ਇਸ ਦੀ ਕਲਾਤਮਿਕ ਵਿਸ਼ੇਸ਼ਤਾ ਹੋਣੀ ਚਾਹੀਦੀ ਹੈ। ਇਹ ਲਗਾਤਾਰ ਪ੍ਰਸ਼ਨ ਪੁੱਛੇ, ਤੇ ਇਹ ਸਿਰਫ ਉੱਤਰ ਹੀ ਨਾ ਦੇਵੇ, ਇਹ ਕਿਸੇ ਪੱਧਰ ਤੇ ਸੁੰਦਰ, ਰਚਨਾਤਮਿਕ, ਪ੍ਰੇਰਨਾ-ਮਈ, ਹੋਣੀ ਚਾਹੀਦੀ ਹੈ। ਕਲਾ ਪ੍ਰਚਾਰ ਲਈ ਸਿਰਫ ਇਕ ਜੁਗਤ ਵਜੋਂ ਨਹੀਂ ਵਰਤਣੀ ਚਾਹੀਦੀ। ਯਾਦ ਰੱਖੋ, ਪ੍ਰਾਪੇਗੰਡਾ ਵੀ ਬਹੁਤ ਕਲਾਤਮਿਕ ਹੋ ਸਕਦਾ ਹੈ। ਨਾਜ਼ੀਆਂ ਨੇ ਪ੍ਰਚਾਰ ਦੀਆਂ ਕੁਝ ਕਮਾਲ ਦੀਆਂ ਕਲਾਤਮਿਕ ਕਿਰਤਾਂ ਪੇਸ਼ ਕੀਤੀਆਂ ਸਨ। ਪਰ ਉਹ ਲੋਕਾਂ ਨੂੰ ਕਦੇ ਵੀ ਆਪ ਸੋਚਣ ਲਈ ਹੌਸਲਾ ਨਹੀਂ ਸੀ ਦਿੰਦੇ। ਸ਼ਕਤੀ ਵਾਲੇ ਲੋਕ ਹੀ ਸਾਰੇ ਪ੍ਰਸ਼ਨਾਂ ਦਾ ਉੱਤਰ ਦਿੰਦੇ ਸਨ। ਸਿੱਟੇ ਵਜੋਂ ਕਿਸੇ ਨੂੰ ਸੋਚਣ ਦੀ, ਪ੍ਰਸ਼ਨ ਕਰਨ ਦੀ ਲੋੜ ਹੀ ਨਹੀਂ ਸੀ ਰਹਿੰਦੀ।

—ਬਟਨ ਅਤੇ ਟਰੱਕ ਦੇ ਬੰਪਰ, ਉੱਤੇ, ਯੂ. ਐਸ. ਏ. ਵਿਚ, ਕਈ ਵਾਰ ਇਕ ਮੁਹਾਵਰਾ



ਲਿਖਿਆ ਹੁੰਦਾ ਹੈ, ਜੋ ਸਿਰਫ ਇਹ ਆਖਦਾ ਹੈ, "ਅਧਿਕਾਰੀਆਂ ਨੂੰ ਪ੍ਰਸ਼ਨ ਪੁੱਛੋ।" ਮੈਂ ਇਸ ਮੁਹਾਵਰੇ ਨੂੰ ਪਸੰਦ ਕਰਦਾ ਹਾਂ ਕਿਉਂਕਿ ਇਹ ਮੈਨੂੰ ਯਾਦ ਕਰਾਉਂਦਾ ਹੈ ਕਿ ਮੈਂ ਆਪਣੀ ਕਲਾ ਤੋਂ ਕੀ ਆਸ ਕਰਦਾ ਹਾਂ। ਅਧਿਕਾਰੀਆਂ ਅਤੇ ਸ਼ਕਤੀ ਵਾਲੇ ਲੋਕਾਂ ਤੇ ਕਿੰਤੂ ਕਰਨਾ ਅਤੇ ਆਪਣੇ ਦਰਸ਼ਕਾਂ ਨੂੰ ਸੋਚਣ ਲਈ ਉਕਸਾਉਣਾ ਕਿ ਉਹ ਵੀ ਆਪਣੇ ਪ੍ਰਸ਼ਨ ਪੁੱਛਣ। ਨਾਜ਼ੀਆਂ ਨੇ ਮਨ ਮਰਜ਼ੀਆਂ ਕੀਤੀਆਂ, ਕਿਉਂਕਿ ਉਹਨਾਂ ਨੂੰ ਕੋਈ ਪੁੱਛਣ ਵਾਲਾ ਨਹੀਂ ਸੀ. ਕੋਈ ਵੀ ਉਹਨਾ ਦੇ ਅਧਿਕਾਰ ਨੂੰ ਚਣੌਤੀ ਦੇਣ ਵਾਲਾ ਨਹੀਂ ਸੀ। ਸਾਨੂੰ ਲਗਾਤਾਰ ਪ੍ਰਸਨ ਪੁੱਛਣੇ ਚਾਹੀਦੇ ਹਨ ਤੇ ਸਾਡੀ ਕਲਾ ਲਗਾਤਾਰ ਪ੍ਰਸ਼ਨ ਪੁੱਛਣ ਲਈ ਉਕਸਾਵੇ।

ਪਰ ਸਾਡੀ ਕਲਾ ਪ੍ਰੇਰਨਾ ਵੀ ਦੇਵੇ। ਵੇਖਣ ਵਾਲੇ ਦੇ ਮਨ ਵਿਚ ਹੁੰਗਾਰੇ ਲਈ ਉਤੇਜਨਾ ਪੈਦਾ ਕਰੇ ਤੇ ਇਸਦੇ ਸਿਰਜਕ ਦੇ ਮਨ ਵਿਚ ਵੀ ਉੱਕਸਾਹਟ ਪੈਦਾ ਕਰੇ। ਕਲਾ ਸਿਰਫ ਸੂਚਨਾ ਹੀ ਨਾ ਦੇਵੇ। ਸੰਦੇਸ਼ ਵੇਚਣ ਵਾਲੇ ਬਹੁਤ ਸਾਰੇ ਲੋਕ ਕਲਾ ਨੂੰ ਸੌਖੇ ਹਥਿਆਰ ਵਾਂਗ ਵਰਤਦੇ ਤੇ ਵੇਖਦੇ ਹਨ। ਜੇ ਇਹ ਕਲਾ ਪ੍ਰੇਰਨਾ ਨਹੀਂ ਦਿੰਦੀ, ਤਾਂ ਇਹ ਬੇਅਸਰ ਹੈ। (ਯੂ, ਐਸ. ਏ) ਵਿਚ ਸਾਈਰਾ ਕੂਜ਼ ਕਲਾ ਦੇ ਕਾਮੇਂ ਦੀ ਕਹਾਵਤ ਹੈ, 'ਸੂਚਨਾ ਦੇਣ ਦੀ ਆਪਣੀ ਯੋਗਤਾ ਕਾਰਨ ਨਹੀਂ, ਸਗੋਂ ਪ੍ਰੇਰਨਾ ਦੇਣ ਦੀ ਆਪਣੀ ਯੋਗਤਾ ਕਾਰਨ ਅਸੀਂ ਪਾਸਾ ਪਲਟਾਂਗੇ' ਲੋਕ-ਕਲਾ ਪ੍ਰੇਰਨਾਦਾਇਕ ਹੋਣੀ ਚਾਹੀਦੀ ਹੈ।

○ ਕੀ ਕਲਾ ਕਿਸੇ ਦੀ ਮਲਕੀਅਤ ਬਣੇ ਜਾਂ ਬਣ ਸਕਦੀ ਹੈ? ਕੀ ਨਿੱਜੀ ਜਾਇਦਾਦ ਹੋ ਸਕਦੀ ਹੈ ਜਾਂ ਹੋਣੀ ਚਾਹੀਦੀ ਹੈ? ਇਨਸਾਫ ਪਸੰਦ ਤੇ ਬਰਾਬਰੀ ਵਾਲੇ ਸੰਸਾਰ ਵਿਚ ਇਸਦਾ ਉੱਤਰ ਹੈ ਨਹੀਂ। ਜਾਇਦਾਦ ਨੂੰ ਬਰਾਦਰੀ ਸਾਂਭੇ ਤੇ ਬਰਾਦਰੀ ਦੇ ਭਲੇ ਲਈ ਵਰਤੀ ਜਾਵੇ। ਪਰ ਅਸੀਂ ਇਨਸਾਫ ਪਸੰਦ ਤੇ ਬਰਾਬਰੀ ਵਾਲੇ ਸੰਸਾਰ ਵਿਚ ਨਹੀਂ ਰਹਿ ਰਹੇ।

ਪਰ ਇਸ ਦਾ ਇਹ ਅਰਥ ਨਹੀਂ ਕਿ ਅਸੀਂ ਕੁਦਰਤੀ-ਸਾਧਨਾਂ ਵਿਚੋਂ ਹਿੱਸਾ ਮੰਗਣਾ ਛੱਡ ਦੇਈਏ ਜਾਂ ਬੇਇਨਸਾਫੀ ਤੇ ਨਾ-ਬਰਾਬਰੀ ਵਿਰੁੱਧ ਲੜਨਾ ਭੁੱਲ ਜਾਈਏ। ਏਸੇ ਤਰ੍ਹਾਂ ਹੀ ਕਲਾ ਨਿਜੀ ਜਾਇਦਾਦ ਵਾਂਗ ਵਰਤੀ ਨਾ ਜਾਵੇ ਤੇ ਨਾ ਹੀ ਇਸਦੀ ਮਾਲਕੀ ਨਿੱਜੀ ਹੋਵੇ, ਨਾ ਹੀ ਖਰੀਦਣ ਵਾਲੇ ਦੀ ਤੇ ਨਾ ਹੀ ਬਣਾਉਣ ਵਾਲੇ ਦੀ। ਇਹ ਪਬਲਿਕ ਦੀ ਮਾਲਕੀ ਹੋਵੇ, ਤੇ ਹਰ ਕਿਸੇ ਦੀ ਪਹੁੰਚ ਵਿਚ ਹੋਵੇ. ਅਮੀਰਾਂ ਦੇ ਘਰਾਂ ਵਿਚ, ਜਾ ਨਿਜੀ ਆਰਟ ਗੈਲਰੀਆਂ ਵਿਚ ਲੁਕਾ ਕੇ ਨਾ ਰੱਖੀ ਜਾਵੇ। ਕਲਾ ਦਾ ਵਸਤੂਕਰਨ ਨਾ ਹੋਵੇ ਕਿਉਂਕਿ ਕੋਈ ਵੀ ਚੀਜ਼ ਜੋ ਨਿਜੀ ਮਾਲਕ ਦੀ ਹੋਵੇਗੀ ਤਾਂ ਇਸ ਤੇ ਕੰਟਰੋਲ ਹੋਵੇਗਾ ਸਵਤੰਤਰ ਕਲਾ, ਤੁਹਾਡੀ ਸੋਚਣੀ ਨੂੰ, ਆਤਮਾ ਨੂੰ ਆਜ਼ਾਦ ਕਰੇਗੀ, ਜਦ ਕਿ ਉਹ ਕਲਾ ਜਿਸ ਦੀ ਕੋਈ ਮਾਲਕੀ ਹੋਵੇ, ਮੁਰਦਾ ਹੋ ਜਾਵੇਗੀ।

○ ਇਸ ਤਰ੍ਹਾਂ ਦੀ ਕਲਾ ਕੌਣ ਸਿਰਜਦਾ ਹੈ? ਲੋਕੀਂ ਹੀ ਕਰਦੇ ਹਨ, ਤੁਸੀਂ ਤੇ ਅਸੀਂ? ਹਰ ਇਕ ਕਰਦਾ ਹੈ। ਕਲਾ ਸਿਰਫ ਪੇਸ਼ਾਵਰਾਨਾ ਕਲਾਕਾਰਾਂ ਦੀ ਹੀ ਜਾਇਦਾਦ ਨਹੀਂ। ਹਰ ਕੋਈ, ਕਲਾਕਾਰ, ਚਿਤਰਕਾਰ, ਬੁਤ ਘਾੜਾ, ਤੇ ਸੰਗੀਤਕਾਰ ਹੈ। ਇਕ ਅਫਰੀਕੀ ਕਹਾਵਤ ਹੈ। ਮੈਨੂੰ ਪੱਕ ਨਹੀਂ ਕਿ ਕਿਹੜੇ ਕਬੀਲੇ ਜਾਂ ਲੋਕਾਂ ਦੀ ਹੈ। ਇਹ ਹੈ, "ਜੇ ਤੁਸੀਂ ਗੱਲਾਂ ਕਰ ਸਕਦੇ ਹੋ ਤਾਂ ਤੁਸੀਂ ਗਾ ਵੀ ਸਕਦੇ ਹੋ। ਜੇ ਤੁਸੀਂ ਤੁਰ ਸਕਦੇ ਹੋ, ਤਾਂ ਤੁਸੀਂ ਨੱਚ ਵੀ ਸਕਦੇ ਹੋ।'

ਕਹਾਣੀ ਸੁਣਾਉਣ ਦੀ ਕਲਾ ਹੀ ਲੈ ਲਵੇ । ਕਹਾਣੀ ਕੌਣ ਸੁਣਾ ਸਕਦਾ ਹੈ ? ਹਰ ਕੋਈ। ਤੇ ਫੇਰ ਵੀ ਸਾਡੇ ਕੋਲ 'ਪੇਸ਼ਾਵਰਾਨਾ' ਕਹਾਣੀਕਾਰ ਹਨ, ਜੋ ਸਾਨੂੰ ਕਹਾਣੀਆਂ ਸੁਣਾਉਣ ਆਉਂਦੇ ਹਨ। ਕਿਆ ਬਾਤ ਹੈ। ਉਹਨਾਂ ਚੋਂ ਕੁਝ ਚੰਗੇ ਹਨ ਤੇ ਉਹ ਮਹਾਨ ਕਹਾਣੀਆਂ ਸੁਣਾਉਂਦੇ ਹਨ। ਪਰ ਤੁਸੀਂ ਵੀ ਅਭਿਆਸ ਨਾਲ ਏਨੀ ਹੀ ਚੰਗੀ ਕਹਾਣੀ ਸੁਣਾ ਸਕਦੇ ਹੋ. ਤੇ ਇੰਝ ਹੀ ਤੁਹਾਡੀ ਦਾਦੀ ਵੀ।

ਮੈਂ ਤੁਹਾਨੂੰ ਇਕ ਕਹਾਣੀ ਸੁਣਾਉਂਦਾ ਹਾਂ । ਜਦੋਂ ਮੈਂ ਗ਼ਰੀਬ ਸੀ ਤੇ ਪੇਸ਼ਾਵਰ ਪੁਤਲੀ-ਕੰਪਨੀ ਵਿਚੋਂ ਆਪਣੀ ਪਹਿਲੀ ਨੌਕਰੀ ਵਿਚੋਂ ਕਢਿਆ ਗਿਆ ਸੀ, ਕਿਉਂਕਿ ਮੈਂ ਆਪਣੇ ਬਾਰੇ ਸੋਚਦਾ ਹੁੰਦਾ ਸੀ ਤੇ ਥੋਹੜਾ ਬਹੁਤ ਪੈਸੇ ਕਮਾਉਣ ਲੱਗ ਪਿਆ ਸੀ। ਆਖਰ ਕਲਾਕਾਰਾਂ ਨੇ ਵੀ ਜੀਉਂਦੇ ਰਹਿਣਾ ਹੁੰਦਾ ਹੈ—ਮੈਂ ਆਪਣਾ ਗੁਜ਼ਾਰਾ ਕਰਨ ਲਈ ਕੋਈ ਰਾਹ ਲੱਭਣ ਲੱਗਾ । ਫਿਰ ਮੈਂ ਕੀ ਕੀਤਾ ? ਮੈਂ ਇਕ ਪੇਸ਼ਾਵਰ ਕਥਾ-ਵਾਚਕ ਨੂੰ ਤੱਕਿਆ ਹੋਇਆ ਸੀ ਜਿਹੜਾ ਕਿ ਸਰੋਤਿਆਂ ਦੇ ਸਾਹਮਣੇ ਖਲੋ ਜਾਂਦਾ ਸੀ ਤੇ ਕਹਾਣੀਆਂ ਸੁਣਾਉਣ ਲੱਗ ਪੈਂਦਾ ਸੀ। ਕਹਾਣੀਆਂ ਸੁਣਾਉਣ ਲਈ ਲੋਕੀਂ ਉਸ ਨੂੰ ਪੈਸੇ ਦਿੰਦੇ ਸਨ। ਸੋ ਅਗਲੇ ਹਫ਼ਤੇ ਹੀ ਮੈਂ ਵੀ ਪੇਸ਼ਾਵਾਰ ਕਥਾ-ਵਾਚਕ ਦਾ ਇਸ਼ਤਿਹਾਰ ਦੇ ਦਿੱਤਾ ਤੇ ਕੀ ਤੁਸੀਂ ਯਕੀਨ ਕਰੋਗੇ ਕਿ ਲੋਕਾਂ ਨੇ ਮੈਨੂੰ ਵੀ ਕਹਾਣੀ ਸੁਣਾਉਣ ਲਈ ਰੁਪਏ ਦੇਣੇ ਸ਼ੁਰੂ ਕਰ ਦਿੱਤੇ, ਸੋ ਮੈਂ ਵੀ ਪੇਸ਼ਾਵਰ ਕਹਾਂਣੀ-ਸੁਣਾਉਣ ਵਾਲਾ ਬਣ ਗਿਆ ਕਿਉਂਕਿ ਮੈਂ ਵੀ ਇਕ ਦਿਨ ਫੈਸਲਾ ਕਰ ਲਿਆ ਸੀ। ਤੇ ਤੁਸੀਂ ਵੀ ਬਣ ਸਕਦੇ ਹੋ। ਐਪਰ ਮੇਰੇ ਤੇ ਪੇਸ਼ਾਵਰ ਕਹਾਣੀਕਾਰਾਂ ਵਿਚ ਫਰਕ ਇਹ ਹੈ ਕਿ ਮੈਂ ਲੋਕਾਂ ਨੂੰ ਦੱਸ ਦਿੰਦਾ ਹਾਂ ਕਿ ਉਹ ਵੀ ਆਪਣੀਆਂ ਕਹਾਣੀਆਂ ਸੁਣਾ ਸਕਦੇ ਹਨ । ਕਿ ਉਨ੍ਹਾਂ ਨੂੰ ਕਹਾਣੀਆਂ ਸੁਣਾਉਣ ਲਈ ਮੇਰੀ ਲੋੜ ਨਹੀਂ ਹੈ, ਕਿ ਉਹਨਾਂ ਨੇ ਸਿਰਫ ਏਨਾ ਹੀ ਕਰਨਾ ਹੈ ਕਿ ਉਹ ਇਕ ਚੰਗੀ ਕਹਾਣੀ ਸੋਚ ਲੈਣ। ਸੁਣਾਉਣ ਲਈ ਕੁਝ ਇਸ ਦਾ ਅਭਿਆਸ ਕਰਨ ਤੇ ਉਹ ਮੇਰੇ ਵਾਂਗ ਹੀ ਪੇਸ਼ਾਵਰ ਕਥਾ-ਵਾਚਕ ਬਣ ਜਾਣਗੇ। ਕਲਾਕਾਰ ਬਣਨ ਲਈ ਕੋਈ ਲੁਕਵਾਂ ਭੇਤ ਨਹੀਂ ਹੈ। ਅਸੀਂ ਸਭ ਕਲਾਕਾਰ ਹਾਂ ।

ਲੋਕ-ਕਲਾਵਾਂ ਹਮੇਸ਼ਾ ਹੀ, ਉਹਨਾਂ ਕਲਾਕਾਰ-ਪੀੜ੍ਹੀਆਂ ਦੀਆਂ ਸਾਂਝੀਆਂ ਰਚਨਾਵਾਂ ਹੁੰਦੀਆਂ ਹਨ, ਜਿਹੜੇ ਕਿਸਾਨ, ਵਿਦਿਆਰਥੀ, ਗਵਾਲੇ, ਮਾਛੀ ਜਾਂ ਦਰਜ਼ੀ ਆਦਿ ਹੁੰਦੇ ਹਨ। ਉਹ ਆਪਣੀਆਂ ਕਲਾ-ਕਿਰਤੀਆਂ ਉੱਤੇ ਆਪਣੇ ਦਸਤਖਤ ਨਹੀਂ ਕਰਦੇ, ਕਿਉਂਕਿ ਉਹਨਾਂ ਦੀ ਕਲਾ ਸਭ ਦੀ ਸਾਂਝੀ ਮਾਲਕੀ ਤੇ ਰਚਨਾ ਹੁੰਦੀ ਹੈ।

ਉਹਨਾਂ ਦੀ ਕਲਾ ਆਮ ਕਰਕੇ, ਅਮਲੀ ਤੇ ਲਾਹੇਵੰਦੀ ਹੁੰਦੀ ਹੈ, ਇਹ ਸਾਡੀਆਂ ਜ਼ਿੰਦਗੀਆਂ ਨੂੰ ਸੁੰਦਰ ਬਣਾਉਂਦੀ ਹੈ ਤੇ ਅਮੀਰਾਂ ਦੀਆਂ ਕੋਠੀਆਂ ਦੀ ਸਜਾਵਟ ਨਹੀਂ ਬਣਦੀ। ਬਹੁਤੇ ਲੋਕ ਇਹਨਾਂ ਕਲਾਕਾਰਾਂ ਨੂੰ ਸ਼ਿਲਪੀ ਜਾਂ ਕਾਰੀਗਰ ਆਖਦੇ ਹਨ। ਪਰ ਮੈਂ ਇਹਨਾਂ ਨੂੰ ਕਲਾਕਾਰ ਆਖਦਾ ਹਾਂ, ਇਕ ਕਲਾ-ਕਿਰਤ ਅਤੇ 'ਸ਼ਿਲਪ' ਵਿਚ ਕੀ ਅੰਤਰ ਹੁੰਦਾ ਹੈ ! ਮੈਂ ਦਸਦਾ ਹਾਂ ਕਿ ਕੀ ਫਰਕ ਹੁੰਦਾ ਹੈ, ਇਕ ਮੂੰਹ ਮੰਗੇ ਪੈਸੇ ਮੰਗਦਾ ਹੈ ਤੇ ਦੂਸਰਾ ਲਗਭਗ ਮੁਫ਼ਤ ਹੀ ਫੜਾ ਦਿੰਦਾ ਹੈ। ਕਲਾਕਾਰ, ਜੋ ਵੀ ਚੀਜ਼ ਬਣਾਉਂਦਾ ਹੈ ਉਸ ਉੱਤੇ ਆਪਣਾ ਨਾਂ ਲਿਖ ਦਿੰਦਾ ਹੈ ਤੇ ਇਸ਼ ਤਰ੍ਹਾਂ ਨਿੱਜੀ ਮਾਲਕੀ ਦਰਸਾ ਦਿੰਦਾ ਹੈ, ਜਦਕਿ ਲੋਕ-ਕਲਾਕਾਰ, ਘੱਟ ਹੀ ਕਦੇ ਆਪਣਾ ਨਾ



ਲਿਖਦਾ ਹੈ। ਸਾਨੂੰ ਚਾਹੀਦਾ ਹੈ ਕਿ ਅਸੀਂ ਇਹਨਾਂ ਲੋਕ-ਕਲਾਂਕਾਰਾਂ ਦੀ ਪਛਾਣ ਕਰੀਏ. ਕਲਾ ਕਿਰਤਾਂ ਉੱਤੇ ਉਹਨਾਂ ਨੂੰ ਨਾਂ ਲਿਖਣਾ ਦੱਸ ਕੇ ਨਹੀਂ, ਸਗੋਂ ਸਾਂਝੇ ਤੌਰ ਤੇ ਬਣਾਈ ਗਈ ਕਲਾ-ਕਿਰਤ ਦੀ ਕਦਰ ਪਾਉਣ ਦੀ ਜਾਚ ਸਿਖ ਕੇ।

○ ਸਾਂਝੀ ਤੌਰ ਤੇ ਬਣਾਈ ਕਲਾ-ਕਿਰਤ ਤੇ ਵਿਅਕਤੀਗਤ ਤੌਰ ਤੇ ਬਣਾਈ ਕਲਾ-ਕਿਰਤ ਵਿਚ ਫਰਕ ਕੀ ਹੁੰਦਾ ਹੈ ? ਪਹਿਲੀ ਗੱਲ ਤਾਂ ਇਹ ਹੈ ਅਜੇਹੀ ਕਲਾ ਘੱਟ ਹੀ ਹੁੰਦੀ ਹੈ, ਜਿਹੜੀ ਵਿਅਕਤੀਗਤ ਰੂਪ ਵਿਚ ਸਿਰਜੀ ਜਾਂਦੀ ਹੈ। ਹਰ ਕਲਾਕਾਰ ਨੂੰ ਖਿਆਲ ਤੇ ਪ੍ਰੇਰਨਾ ਦੂਸਰੇ ਲੋਕਾਂ ਤੋਂ ਮਿਲਦੀ ਹੈ, ਪਰ ਬਹੁਤ ਘੱਟ ਲੋਕ ਆਪਣੇ ਪ੍ਰੇਰਨਾ-ਸਰੋਤਾਂ ਦਾ ਪਤਾ ਦਸਦੇ ਹਨ।

ਇਸ ਤੋਂ ਅੱਗੇ ਮੇਰੇ ਲਈ ਸਾਂਝੇ ਤੌਰ ਤੇ ਬਣਾਈ ਗਈ ਕਲਾ-ਕਿਰਤ ਦੀ ਪ੍ਰਕਿਰਿਆ, ਨਾਲ ਦੇ ਨਾਲ, ਕਲਾ ਅਤੇ ਭਾਈਚਾਰੇ ਦੀ ਸਿਰਜਣਾ ਹੁੰਦੀ ਹੈ। ਜਦੋਂ ਅਸੀਂ ਰਲ ਕੇ ਕੋਈ ਕਲਾ-ਕਿਰਤ ਸਿਰਜਦੇ ਹਾਂ ਤਾਂ ਅਸੀਂ ਆਪੋ ਵਿਚ ਸੰਪਰਕ ਜੋੜਦੇ ਹਾਂ ਤੇ ਹਰ ਇਕ ਪ੍ਰਤੀ ਆਪਣੀ ਸਮਝ ਨੂੰ ਡੂੰਘੇਰਾ ਕਰਦੇ ਹਾਂ। ਭਾਈਚਾਰਕ-ਕਲਾ ਦੀ ਸਿਰਜਣਾ ਨਾਲ ਭਾਈਚਾਰੇ ਸਿਰਜੀਦੇ ਹਨ, ਭਾਈਚਾਰੇ ਉਸੱਰਦੇ ਹਨ ਤੇ ਕਾਇਮ ਰਹਿੰਦੇ ਹਨ।

ਮੈਨੂੰ ਆਪਣੀ ਮਿੱਤਰ ਸ਼ੁਭਾ ਡੇ ਦੀ ਕਹਾਣੀ ਸੁਣਾਉਣ ਦੀ ਆਗਿਆ ਦਿਉ।

ਉਹ ਇਕ ਕਲਾਕਾਰ ਹੈ, ਜਿਹੜੀ ਕਈ ਦੇਸ਼ਾਂ ਦੀਆਂ ਪ੍ਰਵਾਸੀ ਔਰਤ ਦੇ ਇਕ ਜੁੱਟ ਦੀ ਜਰਮਨੀ ਵਿਚ ਇਕ ਵਰਕਸ਼ਾਪ ਲਾ ਰਹੀ ਸੀ। ਉਹਨਾਂ ਫੈਸਲਾ ਕੀਤਾ ਕਿ ਉਹ ਇਕ ਭਾਈਚਾਰੇ ਦੀ ਤਲਾਈ ਬਣਾਉਣ, ਤੇ ਇਸ ਲਈ ਜੋ ਵੀ ਸਮੱਗਰੀ ਘਰਾਂ ਚੋਂ ਲੱਭੇ, ਵਰਤ ਲੈਣ। ਉਹਨਾਂ ਨੂੰ ਜੋ ਵੀ ਲੱਭਾ ਘਰਾਂ ਚੋਂ ਲੈ ਆਈਆਂ ਤੇ ਜਿੰਨਾ ਵਕਤ ਤੇ ਕਲਾ ਉਹਨਾਂ ਕੋਲ ਸੀ, ਵਰਤੀ ਤੇ ਆਸਾਧਾਰਨ ਕਲਾ-ਕਿਰਤ ਦੀ ਸਿਰਜਣਾ ਕੀਤੀ। ਕੰਮ ਦੀ ਪਰਕਿਰਿਆ ਵਿਚ, ਉਹ ਇਕ ਦੂਜੀ ਨੂੰ ਏਨੀ ਡੂੰਘੀ ਤਰ੍ਹਾਂ ਸਮਝ ਗਈਆਂ, ਜਿੰਨੀਆਂ ਪਹਿਲਾਂ ਕਦੇ ਨਹੀਂ ਸਨ ਸਮਝੀਆਂ। ਕਹਾਣੀਆਂ ਤੇ ਮਖੌਲਾਂ ਦਾ ਵਟਾਂਦਰਾ ਕਰਦੀਆਂ ਉਹਨਾਂ ਨੇ ਮਿਤਰਤਾ ਪਾ ਲਈ । ਜਦੋਂ ਤਲਾਈ ਬਣਕੇ ਤਿਆਰ ਹੋਈ, ਇਸਤਰੀਆਂ ਵਿਚ ਨੇੜਤਾ ਦੀ ਅਜੇਹੀ ਭਾਵਨਾ ਉਤਪੰਨ ਹੋ ਗਈ ਜਿਹੜੀ ਕਿ ਉਹ ਨੇ ਪਰਾਏ ਦੇਸ਼ ਵਿਚ, ਤੇ ਇਕ ਦੂਸਰੀ ਤੋਂ ਦੂਰੀ ਤੇ ਰਹਿੰਦੇ ਹੋਏ ਪਹਿਲਾਂ ਕਦੇ ਵੀ ਨਹੀਂ ਸੀ ਬਣਾ ਸਕੀਆਂ। ਭਾਈਚਾਰਕ ਕਲਾ ਰਾਹੀਂ ਜ਼ਿੰਦਗੀ ਵਿਚ ਆਈ ਤਬਦੀਲੀ ਨੂੰ ਕਦੇ ਵੀ ਘਟਾ ਕੇ ਨਹੀਂ ਵੇਖਣਾ ਚਾਹੀਦਾ।

ਭਾਈਚਾਰਕ ਕਲਾ, ਕਲਾ-ਕਿਰਤੀ ਪ੍ਰਧਾਨ ਨਹੀਂ, ਸਗੋਂ ਰਚਨ-ਪ੍ਰਕਿਰਿਆ ਪ੍ਰਧਾਨ ਹੁੰਦੀ ਹੈ। ਇਹ ਇਕੱਲੇ ਦੀ ਮਾਲਕੀ ਨਹੀਂ ਹੁੰਦੀ, ਸਗੋਂ ਰਲ ਮਿਲਕੇ ਸਿਰਜੀ ਜਾਂਦੀ ਹੈ। ਏਥੇ ਕੋਈ ਨਿੱਜੀ ਜਾਇਦਾਦ ਦੇ ਅਧਿਕਾਰ ਨਹੀਂ ਹੁੰਦੇ। ਭਾਈਚਾਰਕ ਕਲਾ ਉਹ ਹੈ ਜੋ ਸਭ ਦੀ ਸਾਂਝੀ ਹੁੰਦੀ ਹੈ ਤੇ ਜਿਸ ਤੇ ਹਰੇਕ ਬੰਦਾ ਹੱਕ ਜਿਤਾ ਸਕਦਾ ਹੈ। ਅਜੇਹੀ ਹੀ ਇਕ ਹੋਰ ਕਹਾਣੀ ਹੈ। ਮੈਂ ਇਕ ਵਾਰ ਮੈਕਸੀਕੋ ਵਿਚ ਇਕ ਵੱਡੇ ਪੁਤਲੀ-ਤਮਾਸ਼ੇ ਦਾ ਪ੍ਰਬੰਧ ਕਰ ਰਿਹਾ ਸੀ, ਇਹ ਯੂ. ਐਸ. ਏ. ਤੇ ਮੈਕਸੀਕੋ ਦੇ ਥੇਈਟਰ ਗਰੁੱਪ ਦਾ ਸਾਂਝਾ ਕੰਮ ਸੀ।

ਯੂ. ਐਸ. ਏ. ਤੋਂ ਸਾਡਾ ਗਰੁੱਪ ਪੁਤਲੀਆਂ ਬਣਾਉਣ ਲਈ ਮਹੀਨਾ ਭਰ ਪਹਿਲਾਂ ਆ ਗਿਆ ਸੀ। ਅਸੀਂ ਰਾਤ ਦਿਨ ਕੰਮ ਵਿਚ ਲੱਗੇ ਰਹੇ ਤੇ ਮੈਕਸੀਕਨਾਂ ਨੇ ਵੀ ਸਾਡੀ ਬੜੀ ਸਹਾ-

ਇਤਾ ਕੀਤੀ । ਇਕੱਲੇ ਥੇਈਟਰ ਵਾਲਿਆਂ ਹੀ ਨਹੀਂ । ਅਸੀਂ ਇਕ ਨਗਰ ਦੇ ਵਿਚਕਾਰ ਚੌਕ ਵਿਚ, ਆਪਣੀ ਵਰਕਸ਼ਾਪ ਖੋਲ੍ਹ ਲਈ, ਤੇ ਜਿਥੋਂ ਵੀ ਮਿਲੀ ਸਹਾਇਤਾ ਲਈ । ਬੁੱਢੀਆਂ ਔਰਤਾਂ, ਜੋ ਲੰਘ ਰਹੀਆਂ ਹੁੰਦੀਆਂ, ਇਹ ਵੇਖਣ ਲਈ ਖਲੋ ਜਾਂਦੀਆਂ ਕਿ ਅਸੀਂ ਕੀ ਕਰ ਰਹੇ ਹਾਂ ਤੇ ਛੇਤੀ ਹੀ ਉਹ ਚੀਜ਼ਾਂ ਨਾਲ ਸਾਡੀ ਸਹਾਇਤਾ ਕਰਨ ਲੱਗ ਪਈਆਂ ।

ਨੌਜਵਾਨ ਮੁੰਡੇ ਤੇ ਕੁੜੀਆਂ ਛੇਤੀ ਹੀ ਮਿੱਟੀ ਗੁੰਨ੍ਹ ਕੇ ਦੇਣ ਲੱਗ ਪਈਆਂ । ਤਾਰ ਮੋੜਨ ਤੇ ਰੰਗ ਘੋਲਣ ਲੱਗ ਪਈਆਂ । ਕਿਸਾਨ, ਬਿਉਪਾਰੀ, ਤੇ ਯਾਤਰੀ ਸਭ ਸਾਡੀ ਸਹਾਇਤਾ ਕਰਨ ਲੱਗ ਪਏ । ਇਹ ਸਭ ਕੁਝ ਮੰਨਣ ਯੋਗ ਪ੍ਰਤੀਤ ਨਹੀਂ ਹੁੰਦਾ । ਤੇ ਫਿਰ ਜਦੋਂ ਸ਼ੋਅ ਲਈ ਇਸ਼ਤਿਹਾਰ ਛਾਪਣ ਦਾ ਸਮਾਂ ਆਇਆ ਤਾਂ ਅਮਰੀਕੀ ਕਲਾਕਾਰਾਂ ਵਿਚੋਂ ਇਕ ਨੇ, ਇਕ ਮਖੌਟੇ ਦੇ ਬਣਾਉਣ ਲਈ ਮਾਣ ਪ੍ਰਾਪਤ ਕਰਨ ਦੀ ਤ੍ਰਿਸ਼ਨਾ ਪ੍ਰਗਟਾਈ, ਜਿਸਦਾ ਕਿ ਉਸ ਨੇ ਢਾਂਚਾ ਤਿਆਰ ਕੀਤਾ ਸੀ, ਪਰ ਸਿਰੇ ਚਾੜ੍ਹਨ ਵਿਚ ਹਰ ਇਕ ਨੇ ਹੱਥ ਵਟਾਇਆ ਸੀ । ਕੀ ਤੁਸੀਂ ਇਸ ਤੇ ਯਕੀਨ ਕਰਦੇ ਹੋ ? ਇਹ ਬੜੀ ਭੜਕਾਊ ਗੱਲ ਸੀ । ਮੈਂ ਉਸਨੂੰ ਕਿਹਾ ਕਿ ਉਹ ਮੁਖੌਟੇ ਦੇ ਬਣਾਉਣ ਦਾ ਮਾਣ ਲੈ ਸਕਦਾ ਹੈ, ਜੇ ਉਹ ਹਰ ਉਸ ਆਦਮੀ ਦੇ ਕੰਮ ਦਾ ਮਾਣ ਦੇਵੇ, ਜਿਸ ਨੇ ਵੀ ਇਸ ਦੇ ਸਿਰੇ ਚਾੜ੍ਹਨ ਵਿਚ ਸਹਾਇਤਾ ਕੀਤੀ ਹੈ । ਪਰ ਉਹ ਉਹਨਾਂ ਸਭਨਾਂ ਦੇ ਬਾਰੇ ਵਿਚ ਭੁੱਲ ਚੁੱਕਾ ਸੀ ।

○ ਆਪਾਂ ਫਿਰ ਉਸੇ ਨੁਕਤੇ ਵੱਲ ਮੁੜੀਏ, ਜਿਥੋਂ ਸ਼ੁਰੂ ਹੋਏ ਸੀ ਕਿ ਕਲਾ ਕਲਾ ਲਈ ਦੇ ਮੁਹਾਵਰੇ ਦਾ ਤੁਹਾਡੇ ਲਈ ਕੀ ਅਰਥ ਹੈ ?

ਮੇਰੇ ਲਈ ਕਲਾ ਕਲਾ ਲਈ ਦੀ ਧਾਰਨਾ ਏਨੀ ਹੀ ਅਰਥਹੀਣ ਹੈ, ਜਿੰਨਾ ਕਿ ਇਕ ਉਸ ਭਾਸ਼ਾ ਵਿਚ ਲਿਖਿਆ ਅਕਾਦਮਿਕ ਖੋਜ-ਪੱਤਰ, ਜਿਸ ਭਾਸ਼ਾ ਨੂੰ ਕਿ ਕੋਈ ਵੀ ਨਹੀਂ ਸਮਝ ਸਕਦੇ, ਤੇ ਉਸ ਰਿਸਾਲੇ ਵਿਚ ਛਪਿਆ, ਜਿਸ ਨੂੰ ਕਿ ਕੋਈ ਵੀ ਪੜ੍ਹ ਨਹੀਂ ਸਕਦਾ । ਇਸ ਨਾਲ ਕਿਸੇ ਨੂੰ ਵੀ ਕੋਈ ਲਾਭ ਨਹੀਂ ਪਹੁੰਚਦਾ । ਜਿਹੜੇ ਕਲਾ ਕਲਾ ਦੇ ਸਿਧਾਂਤ ਲਈ ਰਖਣ ਵਾਲੇ ਹਨ, ਉਹ ਐਸੇ ਲੋਕ ਹਨ, ਜਿਹੜਾ ਉੱਚੇ ਅਹੁਦਿਆਂ ਤੇ ਉੱਚੇ ਅਧਿਕਾਰਾਂ ਵਾਲੇ ਹਨ ਤੇ ਜਿਹੜੇ ਰੋਜ਼ਾਨਾ ਆਪਣੀ ਮਿਹਨਤ ਦਾ ਖੱਟਿਆ ਨਹੀਂ ਖਾਂਦੇ, ਸਗੋਂ ਆਪਣੇ ਅਹੁਦਿਆਂ ਤੇ ਵਿਸ਼ੇਸ਼ ਅਧਿਕਾਰਾਂ ਦਾ ਲਾਭ ਪ੍ਰਾਪਤ ਕਰਦੇ ਹਨ । ਉਹ ਕਈ ਕੁਝ ਗਵਾ ਲੈਣਗੇ ਤੇ ਏਸੇ ਲਈ ਚਾਹੁੰਦੇ ਹਨ ਕਿ ਸਥਿਤੀ ਜਿਉਂ ਦੀ ਤਿਉਂ ਬਣੀ ਰਹੇ ਤੇ ਕਲਾ, ਇਨਸਾਫ਼ ਤੇ ਬਰਾਬਰੀ ਦੀਆਂ ਸੋਚਾਂ ਤੇ ਨਿਰਲੇਪ ਰਹੇ ।

ਕਲਾ ਕਦੇ ਵੀ ਸਿਰਫ਼ ਕਲਾ ਲਈ ਨਹੀਂ ਹੁੰਦੀ । ਕਲਾ ਤੁਹਾਨੂੰ ਪ੍ਰੇਰਨਾ ਦੇਵੇ, ਤੁਹਾਨੂੰ ਹਸਾਵੇ, ਰੁਆਵੇ, ਮਹਿਸੂਸ ਕਰਾਵੇ, ਝੰਜੋੜੇ ਤੇ ਗਿਆਨ-ਇੰਦਰੀਆਂ ਨੂੰ ਕੰਬਣੀ ਛੇੜੇ । ਇਹ ਗੁੱਸਾ ਲਿਆਵੇ ਤੇ ਪ੍ਰੇਸ਼ਾਨ ਕਰੇ ਤੇ ਤੁਹਾਨੂੰ ਜ਼ਿੰਦਗੀ ਬਾਰੇ, ਤੁਹਾਡੇ ਆਪਣੇ ਬਾਰੇ, ਸੰਸਾਰ ਬਾਰੇ ਵੱਖਰੀ ਤਰ੍ਹਾਂ ਮਹਿਸੂਸ ਕਰਨ ਤੇ ਸੋਚਣ ਲਾ ਦੇਵੇ ਤੇ ਸ਼ਾਇਦ ਅਖੀਰ ਉੱਤੇ ਇਹ ਤੁਹਾਨੂੰ ਕਿੰਤੂ ਕਰਨ ਦੇ ਯੋਗ ਬਣਾ ਦੇਵੇ ।○



## ਪੰਜਾਬ ਸੰਕਟ ਕਾਵਿ—ਸੰਖੇਪ ਮੁਲਾਂਕਣ

—ਡਾ: ਹਰਪ੍ਰੀਤ ਸਿੰਘ ਹੁੰਦਲ

ਇਤਿਹਾਸ ਦੇ ਕਿਸੇ ਕਾਲ ਖੰਡ ਵਿਚ ਉਪਜੇ ਗੰਭੀਰ, ਸਮਾਜਿਕ, ਰਾਜਨੀਤਕ ਜਾਂ ਸਭਿਆਚਾਰਕ ਸੰਕਟ ਦੇ ਕਾਰਣ, ਉਸ ਸਮੇਂ ਦੀ ਸਮਾਜਿਕ ਰਾਜਨੀਤਕ ਸਥਿਤੀ ਵਿਚੋਂ ਪਛਾਣੇ ਜਾ ਸਕਦੇ ਹਨ । ਪੰਜਾਬ ਸੰਕਟ ਵੀ ਕੁਝ ਵਿਸ਼ੇਸ਼ ਇਤਿਹਾਸਕ, ਰਾਜਨੀਤਕ ਤੇ ਸਮਾਜਿਕ ਕਾਰਣਾਂ ਕਰਕੇ ਪੈਦਾ ਹੋਇਆ ਅਤੇ ਗੰਭੀਰ ਰੂਪ ਧਾਰਨ ਕਰ ਗਿਆ ।

—ਪੰਜਾਬ ਸੰਕਟ ਦੇ ਪਿਛੋਕੜ ਨੂੰ ਸਮਝਣ ਲਈ ਸਾਨੂੰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਤੋਂ ਬਾਅਦ ਸਿੱਖ ਰਾਜ ਦੀ ਸਮਾਪਤੀ ਅਤੇ ਉਸ ਤੋਂ ਮਗਰੋਂ ਹੁਣ ਤਕ ਦੇ ਇਤਿਹਾਸ ਵਿਚੋਂ ਗੁਜ਼ਰਨ ਦੀ ਲੋੜ ਪੈਂਦੀ ਹੈ । ਸਿੱਖ ਰਾਜ ਦੇ ਵਿਗਠਨ ਤੇ ਅੰਗਰੇਜ਼ੀ ਰਾਜ ਦੇ ਪੰਜਾਬ ਵਿਚ ਸਥਾਪਤ ਹੋਣ ਨਾਲ ਸਿੱਖ ਰਜਵਾੜਾਸ਼ਾਹੀ ਵਰਗ ਰਾਜ-ਗੱਦੀ ਤੋਂ ਲੱਥ ਕੇ ਅੰਗਰੇਜ਼ੀ ਸਾਮਰਾਜ ਦੀ ਪਰਜਾ ਬਣ ਗਿਆ । ਪਰ ਖੁੱਸਿਆ ਰਾਜ ਮੁੜ ਪ੍ਰਾਪਤ ਕਰਨ ਦੀ ਇੱਛਾ ਸਿੱਖ ਜਨ-ਸਮੂਹ ਦੇ ਅਚੇਤ ਮਨ ਵਿਚੋਂ ਖ਼ਤਮ ਨਹੀਂ ਹੋਈ ।

—ਵੀਹਵੀਂ ਸਦੀ ਦੇ ਮੁੱਢਲੇ ਦਹਾਕਿਆਂ ਵਿਚ ਦੇਸ਼ ਦੀ ਆਜ਼ਾਦੀ ਲਈ ਚਲ ਰਹੇ ਰਾਜਨੀਤਕ ਅੰਦੋਲਨਾਂ ਵਿਚ ਪੰਜਾਬ ਦੇ ਲੋਕਾਂ ਨੇ ਸਰਗਰਮ ਹਿੱਸਾ ਲਿਆ । ਇਸੇ ਤਰ੍ਹਾਂ ਵੀਹਵੀਂ ਸਦੀ ਦੇ ਤੀਸਰੇ ਦਹਾਕੇ ਵਿਚ ਸਿੱਖ ਗੁਰਦੁਆਰਿਆਂ 'ਚੋਂ ਸਾਧਾਂ-ਸੰਤਾਂ ਅਤੇ ਮਹੰਤਾਂ ਤੋਂ ਮੁਕਤ ਕਰਾਉਣ ਲਈ ਸਿੱਖ ਸਮੂਹ ਵਲੋਂ ਚਲਾਏ ਗਏ ਸਤਿਆਗ੍ਰਹਿ ਨੂੰ ਦਬਾਉਣ ਲਈ ਵਿਦੇਸ਼ੀ ਸਰਕਾਰ ਨੇ ਤਸ਼ੱਦਦ ਦੀ ਵਰਤੋਂ ਕੀਤੀ, ਜਿਸ ਦੇ ਸਿੱਟੇ ਵਜੋਂ ਸਿੱਖ ਧਾਰਮਿਕ ਫਿਰਕੇ ਦੇ ਮਨਾਂ ਵਿਚ ਅੰਗਰੇਜ਼-ਵਿਰੋਧੀ ਭਾਵਨਾ ਪੈਦਾ ਹੋਈ ਤੇ ਪ੍ਰਬਲ ਹੋਈ । ਅੰਗਰੇਜ਼ ਹਕੂਮਤ ਵਲੋਂ ਫ਼ਿਰਕੂ ਆਧਾਰ ਤੇ ਚੋਣਾਂ ਕਰਾਉਣ ਦਾ ਅਮਲ ਆਰੰਭ ਹੋਣ ਨਾਲ ਸਿੱਖ ਫਿਰਕੇ ਨੂੰ ਪੰਜਾਬ ਵਿਚ ਘਟ-ਗਿਣਤੀ ਦਾ ਅਹਿਸਾਸ ਵੀ ਹੋਣਾ ਸ਼ੁਰੂ ਹੋ ਗਿਆ ।

—ਦੇਸ਼ ਆਜ਼ਾਦ ਹੋਣ ਉਪਰੰਤ ਭਾਸ਼ਾਈ ਆਧਾਰ 'ਤੇ ਸੂਬਿਆਂ ਦੀ ਦੁਬਾਰਾ ਹੱਦਬੰਦੀ ਕਰਨ ਸਮੇਂ ਪੰਜਾਬ ਦੇ ਪੁਰਾਣੇ ਪ੍ਰਬੰਧਕੀ ਆਧਾਰ ਨੂੰ ਹੀ ਕਾਇਮ ਰਖਿਆ ਗਿਆ ਅਤੇ ਕਈ ਸਾਲਾਂ ਦੇ ਲੰਮੇ ਟਕਰਾਅ ਤੋਂ ਬਾਅਦ ਪੰਜਾਬੀ ਸੂਬੇ ਨੂੰ ਪ੍ਰਵਾਨਗੀ ਦਿੱਤੀ ਗਈ । ਇਸ ਤੋਂ ਬਾਅਦ ਅਕਾਲੀ ਵਜ਼ਾਰਤਾਂ ਦੇ ਬਣਨ ਤੇ ਟੁੱਟਣ/ਤੋੜਨ ਦਾ ਸਿਲਸਿਲਾ ਆਰੰਭ ਹੋਇਆ, ਜਿਸ ਦੇ ਸਿੱਟੇ ਵਜੋਂ ਸਿੱਖ ਲੀਡਰਸ਼ਿਪ ਦੇ ਇਕ ਹਿੱਸੇ ਵਿਚ ਵੱਖਵਾਦੀ ਭਾਵਨਾ ਪੈਦਾ ਹੋਣੀ ਸ਼ੁਰੂ ਹੋਈ ।

—ਪੰਜਾਬੀ ਬੋਲਦੇ ਇਲਾਕਿਆਂ ਨੂੰ ਭਾਸ਼ਾਈ ਆਧਾਰ ਤੇ ਪੰਜਾਬ ਨਾਲ ਨਾ ਜੋੜਨਾ, ਦਰਿਆਈ ਪਾਣੀਆਂ ਦੀ ਵੰਡ ਨੂੰ ਲਮਕਾਈ ਜਾਣਾ, ਚੰਡੀਗੜ੍ਹ ਨੂੰ ਪੰਜਾਬ ਦੀ ਰਾਜਧਾਨੀ ਪ੍ਰਵਾਨ ਨਾ ਕਹਨਾ ਆਦਿ ਕੁਝ ਅਜਿਹੇ ਲਟਕਦੇ ਮਸਲੇ ਸਨ, ਜਿਨ੍ਹਾਂ ਦੇ ਹੱਲ ਲਈ 1982 ਦੇ ਅੱਧ ਵਿਚ ਅਕਾਲੀ ਪਾਰਟੀ ਵੱਲੋਂ ਸ਼ਾਂਤਮਈ ਅੰਦੋਲਨ ਸ਼ੁਰੂ ਕੀਤਾ ਕੀਤਾ ਗਿਆ । ਕੇਂਦਰ ਸਰਕਾਰ ਨੇ ਇਹਨਾਂ ਜਾਇਜ਼ ਮੰਗਾਂ ਦੀ ਪ੍ਰਵਾਨਗੀ ਦੀ ਥਾਂ ਆਪਣੇ ਸੌੜੇ ਸਿਆਸੀ ਹਿੱਤਾਂ ਲਈ ਇਸ ਅੰਦੋਲਨ ਨੂੰ ਦਬਾਉਣ ਤੇ ਲਮਕਾਉਣ ਦੀ ਨੀਤੀ ਅਪਣਾਈ । ਇਸ ਪ੍ਰਕਾਰ ਪੰਜਾਬ-ਸੰਕਟ ਦੇ ਆਰੰਭ ਹੋਣ ਲਈ ਰਾਜਸੀ ਵਿਤਕਰਾ ਇਕ ਹੋਰ ਆਧਾਰ ਬਣਦਾ ਹੈ ।

—ਹਰੀ ਕ੍ਰਾਂਤੀ ਦੇ ਆਉਣ ਨਾਲ ਸਿੱਖ ਜਾਗੀਰਦਾਰੀ ਵਰਗ ਹੋਰ ਧਨਵਾਨ ਹੁੰਦਾ ਹੈ ਅਤੇ
ਇਹ ਵਰਗ ਰਾਜ-ਭਾਗ ਵਿਚ ਆਪਣਾ ਬਣਦਾ ਹਿੱਸਾ ਮੰਗਣ ਲਈ ਲਈ ਸਰਗਰਮ ਹੁੰਦਾ ਹੈ।
ਬੇਰੁਜ਼ਗਾਰੀ ਦੇ ਵਧਣ ਨਾਲ ਤੇ ਜ਼ਮੀਨ ਦੇ ਪੀੜ੍ਹੀ-ਦਰ-ਪੀੜ੍ਹੀ ਵੰਡੇ ਜਾਣ ਦੇ ਸਿੱਟੇ ਵਜੋਂ ਸਿੱਖ
ਕਿਸਾਨੀ ਦੇ ਨੌਜਵਾਨ ਵਰਗ ਵਿਚ ਵਿਆਪਕ ਬੇਚੈਨੀ ਫੈਲਦੀ ਹੈ। ਬਾਹਰਲੇ ਦੇਸ਼ਾਂ ਵਿਚ
ਰੁਜ਼ਗਾਰ ਦੀ ਭਾਲ ਵਿਚ ਜਾਣ ਲਈ ਅਨੇਕਾਂ ਰੁਕਾਵਟਾਂ ਕਾਰਨ ਪੰਜਾਬ ਦਾ ਪੜ੍ਹਿਆ ਲਿਖਿਆ
ਨੌਜਵਾਨ ਪਰੇਸ਼ਾਨੀ ਦਾ ਸ਼ਿਕਾਰ ਹੁੰਦਾ ਹੈ। ਸਿੱਟੇ ਵਜੋਂ ਹਿੰਸਕ ਹਥਿਆਰਬੰਦ ਰਾਹ ਤੇ ਤੁਰਨ ਦਾ
ਅਨੁਕੂਲ ਵਾਤਾਵਰਣ ਉਤਪੰਨ ਹੁੰਦਾ ਹੈ।

—ਬੇਗੁਨਾਹਾਂ ਤੇ ਰਾਜਨੀਤਕ ਵਿਰੋਧੀਆਂ ਦੇ ਨਿਤਾ-ਪ੍ਰਤੀ ਹੁੰਦੇ ਕਤਲ, ਵਿਆਪਕ ਦਹਿਸ਼ਤ
ਦਾ ਕਾਰਣ ਬਣਨ ਲੱਗੇ। ਇਹਨਾ ਹਿੰਸਕ ਘਟਨਾਵਾਂ ਦੇ ਸਿੱਟੇ ਵਜੋਂ ਅਤੇ ਹਰਿਮੰਦਰ ਸਾਹਿਬ
ਦੀ ਚਾਰਦੀਵਾਰੀ ਵਿਚ ਹਥਿਆਰਬੰਦ ਮੋਰਚੇਬੰਦੀ ਕੀਤੇ ਜਾਣ ਦੇ ਕਾਰਣ, ਸਾਕਾ ਨੀਲਾ ਤਾਰਾ
ਦਾ ਭਿਆਨਕ ਦੁਖਾਂਤ ਵਾਪਰਿਆ। ਸ੍ਰੀ ਅਕਾਲ ਤਖਤ ਦੇ ਢਹਿਣ ਨਾਲ ਸਿੱਖ ਜਨ-ਸਮੂਹ ਵਿਚ
ਵਿਆਪਕ ਰੋਸ ਤੇ ਰੋਹ ਪੈਦਾ ਹੋਇਆ।

ਪ੍ਰਧਾਨ ਮੰਤਰੀ ਦੇ ਕਤਲ ਤੋਂ ਬਾਅਦ ਦਿੱਲੀ ਤੇ ਉੱਤਰੀ ਭਾਰਤ ਦੇ ਹੋਰ ਸ਼ਹਿਰਾਂ ਵਿਚ
ਸਿੱਖ-ਵਿਰੋਧੀ ਦੰਗਿਆਂ ਵਿਚ ਤਿੰਨ ਹਜ਼ਾਰ ਦੇ ਕਰੀਬ ਨਿਰਦੋਸ਼ ਸਿੱਖ ਮਾਰੇ ਜਾਂਦੇ ਹਨ। ਨਿਰਦੋਸ਼ਾਂ
ਦੇ ਕਤਲ, ਨਿੱਤ ਦੇ ਕਰਫਿਊ, ਪੁਲਿਸ ਨੂੰ ਮਿਲੇ ਅਸੀਮਿਤ ਅਧਿਕਾਰਾਂ ਤੇ ਬਾਹਰਲੀਆਂ ਤਾਕਤਾਂ
ਵਲੋਂ ਵੱਖਵਾਦੀ ਹਿੰਸਕ ਧਿਰਾਂ ਨੂੰ ਮਿਲਦੀ ਸ਼ਹਿ ਦੇ ਸਿੱਟੇ ਵਜੋਂ ਪੰਜਾਬ ਵਿਚ ਅਣ-ਐਲਾਨੀ ਜ਼ੰਗ
ਦਾ ਵਾਤਾਵਰਣ ਬਣ ਜਾਂਦਾ ਹੈ ਤੇ ਇਹ ਸਿਲਸਿਲਾ ਪੂਰਾ ਡੇਢ ਦਹਾਕਾ ਚਲਦਾ ਰਹਿੰਦਾ ਹੈ।

—ਪੰਜਾਬ ਦੇ ਲੋਕਾਂ ਵਲੋਂ ਇਹਨਾਂ ਵਰ੍ਹਿਆਂ ਵਿਚ ਭੋਗੇ ਗਏ ਦੁਖਾਂਤ ਬਾਰੇ ਬਹੁਤ ਸਾਰੀ
ਕਾਵਿ ਰਚਨਾ ਹੋਈ ਹੈ। ਸੰਕਟ ਕਾਲ ਨਾਲ ਸਬੰਧਿਤ ਇਕ ਦਰਜਨ ਤੋਂ ਵਧ ਪੂਰੇ ਕਾਵਿ-ਸੰਗ੍ਰਹਿ
ਲਿਖੇ ਗਏ ਹਨ ਅਤੇ ਇਸ ਸਮੇਂ ਵਿਚ ਲਗਭਗ ਹਰ ਪੰਜਾਬੀ ਕਵੀ ਨੇ ਪੰਜਾਬ ਦੀ ਚਿੰਤਾਜਨਕ
ਸਥਿਤੀ ਬਾਰੇ ਅਤੇ ਇਸ ਸੰਕਟ ਦੇ ਕਿਸੇ ਨਾ ਕਿਸੇ ਪਾਸਾਰ ਬਾਰੇ ਕਾਵਿ-ਰਚਨਾ ਕੀਤੀ ਹੈ। ਇਸ
ਤਰ੍ਹਾਂ 1980 ਤੋਂ 1995 ਤੀਕ ਦਾ ਇਹ ਡੇਢ ਦਹਾਕਾ ਪੰਜਾਬ ਸੰਕਟ ਕਾਵਿ ਦਾ ਦਹਾਕਾ ਕਿਹਾ
ਜਾ ਸਕਦਾ ਹੈ। ਕਵਿਤਾ ਦਾ ਸਮਾਜਿਕ ਯਥਾਰਥ ਨਾਲ ਅਟੁੱਟ ਰਿਸ਼ਤਾ ਹੁੰਦਾ ਹੈ। ਹਰ ਚੇਤੰਨ
ਕਵੀ ਲਈ ਪ੍ਰਾਪਤ ਸਮਕਾਲੀ ਸਾਹਿਤਕ ਤੇ ਰਾਜਨੀਤਕ ਯਥਾਰਥ ਦਾ ਬੋਧ ਪ੍ਰਾਪਤ ਕਰਨਾ ਅਵਸ਼ਕ
ਹੈ। ਇਹ ਚੇਤਨਾ ਪੰਜਾਬੀ ਸਾਹਿਤ ਵਿਚ ਪ੍ਰਗਤੀਵਾਦੀ ਸਾਹਿਤਕ ਸਭਿਆਚਾਰਕ ਲਹਿਰ ਦੇ
ਫਲਸਰੂਪ ਪੈਦਾ ਹੋਈ ਯਥਾਰਥਵਾਦੀ ਦ੍ਰਿਸ਼ਟੀ ਦੀ ਦੇਣ ਹੈ। ਪ੍ਰਗਤੀਵਾਦੀ ਸਾਹਿਤਕ ਲਹਿਰ
ਫਾਸ਼ਿਜ਼ਮ ਤੇ ਸਾਮਰਾਜ ਦੇ ਵਿਰੋਧ ਅਤੇ ਭਾਰਤੀ ਪ੍ਰਸੰਗ ਵਿਚ ਪੂੰਜੀਵਾਦੀ ਤੇ ਜਾਗੀਰਦਾਰੀ ਕਦਰਾਂ
ਕੀਮਤਾਂ ਦੇ ਖੰਡਨ, ਧਾਰਮਿਕ ਹਨੇਰ-ਬਿਰਤੀ ਅਤੇ ਜ਼ਾਤਪਾਤ ਦੇ ਪ੍ਰਬੰਧ ਦੇ ਵਿਰੋਧ ਵਰਗੇ ਮੱਦਿਆਂ
ਨੂੰ ਲੈ ਕੇ ਚੱਲੀ ਸੀ। ਇਸ ਰਾਸ਼ਟਰੀ ਪੱਧਰ ਦੇ ਸਾਹਿਤਕ ਅੰਦੋਲਨ ਨੇ ਪੰਜਾਬੀ ਕਵੀਆਂ ਨੂੰ ਸਮਾਜਕ
ਯਥਾਰਥ ਨੂੰ ਸਮਝਣ ਲਈ ਅਤੇ ਸਾਹਿਤ ਵਿਚ ਉਸ ਦੀ ਪੇਸ਼ਕਾਰੀ ਲਈ ਇਕ ਪਾਰਦਰਸ਼ੀ
ਦ੍ਰਿਸ਼ਟੀ ਪ੍ਰਦਾਨ ਕੀਤੀ।

—ਪ੍ਰਗਤੀਵਾਦੀ ਤੇ ਜੁਝਾਰ-ਵਿਦਰੋਹੀ ਕਾਵਿ-ਧਾਰਾਵਾਂ ਨੇ ਪੰਜਾਬੀ ਸਾਹਿਤਕਾਰਾਂ ਤੇ ਵਿਸ਼ੇਸ਼
ਤੌਰ ਤੇ ਕਵੀਆਂ ਨੂੰ ਬਹੁਤ ਪ੍ਰਭਾਵਿਤ ਕੀਤਾ। ਆਪਣੀਆਂ ਸਾਹਿਤਕ ਸੀਮਾਵਾਂ ਦੇ ਬਾਵਜੂਦ ਇਨ੍ਹਾਂ



ਕਾਵਿ-ਝੁਕਾਵਾਂ ਨੇ ਪੰਜਾਬੀ ਕਵੀਆਂ ਦੀ ਇਕ ਨਵੀਂ ਪੀੜ੍ਹੀ ਨੂੰ ਸਮਾਜਿਕ ਪਰਿਵਰਤਨ ਦੇ ਉਦੇਸ਼ ਨੂੰ ਸਾਹਮਣੇ ਰੱਖ ਕੇ ਲਿਖਣ ਦੀ ਪ੍ਰੇਰਣਾ ਪ੍ਰਦਾਨ ਕੀਤੀ ਅਤੇ ਸਾਹਿਤ ਨੂੰ ਜਨ-ਸਾਧਾਰਣ ਦੇ ਸਮਾਜਕ ਮਸਲਿਆਂ ਨਾਲ ਜੋੜਨ ਵਾਲੀ ਭੂਮਿਕਾ ਨਿਭਾਈ।

—ਪੰਜਾਬ ਸੰਕਟ ਦੇ ਦੌਰਾਨ ਪੰਜਾਬੀ ਕਵੀਆਂ ਨੇ ਪ੍ਰਗਤੀਵਾਦੀ ਤੇ ਜੁਝਾਰ-ਵਿਦਰੋਹੀ ਕਾਵਿ-ਧਾਰਾਵਾਂ ਦੀ ਪਰੰਪਰਾ ਤੋਂ ਉਤਸਾਹ ਤੇ ਪ੍ਰੇਰਣਾ ਲੈਂਦੇ ਹੋਏ ਸਮਾਜ ਮੁਖੀ ਵਿਦਰੋਹੀ ਧਾਰਾਵਾਂ ਨਾਲ ਜੁੜੇ ਰਹਿ ਚੁਕੇ ਕਵੀ ਸੰਕਟ ਕਾਲ ਸਮੇਂ ਕਾਵਿ-ਰਚਨਾ ਕਰਦੇ ਹੋਏ ਮੋਹਰਲੀਆਂ ਕਤਾਰਾਂ ਵਿਚ ਸਰਗਰਮ ਰਹੇ ਹਨ।

—ਪੰਜਾਬੀ ਕਵੀਆਂ ਨੇ ਸੰਕਟਕਾਲ ਨਾਲ ਸਬੰਧਿਤ ਘਟਨਾਵਾਂ ਦਾ ਕਾਵਿ-ਰੂਪਾਂਤਰਣ ਕੀਤਾ ਹੈ। ਵਿਸ਼ੇਸ਼ ਤੌਰ ਤੇ ਸੰਕਟਕਾਲ ਦੀਆਂ ਦੋ ਸਭ ਤੋਂ ਵੱਧ ਦੁਖਾਂਤਕ ਘਟਨਾਵਾਂ ਅਰਥਾਤ ਸਾਕਾ ਨੀਲਾ ਤਾਰਾ ਤੇ 1984 ਦੇ ਸਿੱਖ-ਵਿਰੋਧੀ ਦੰਗਿਆਂ ਨੂੰ ਆਪਣੀਆ ਕਾਵਿ-ਰਚਨਾਵਾ ਦਾ ਕੇਂਦਰ ਬਣਾਇਆ ਹੈ। ਇਹਨਾਂ ਵਰ੍ਹਿਆਂ ਦਾ ਸਮਾਜਿਕ ਤੇ ਰਾਜਨੀਤਕ ਇਤਿਹਾਸ ਵੀ ਇਨ੍ਹਾਂ ਕਾਵਿ-ਰਚਨਾਵਾਂ ਵਿਚੋਂ ਪਛਾਣਿਆ ਜਾ ਸਕਦਾ ਹੈ।

—ਕਈ ਰਚਨਾਵਾਂ ਅਜਿਹੀਆਂ ਵੀ ਹਨ ਜੋ ਪੰਜਾਬ ਸੰਕਟ ਦਾ ਬਹੁ-ਪੱਖੀ ਤੇ ਡੂੰਘਾ ਵਿਸ਼ਲੇਸ਼ਣ ਹੀ ਨਹੀਂ ਕਰਦੀਆਂ, ਸਗੋਂ ਇਸ ਸਮੱਸਿਆ ਦੀਆਂ ਅਸਪਸ਼ਟ ਪਰਤਾਂ ਨੂੰ ਵੀ ਉਘਾੜ-ਦੀਆਂ ਹਨ। ਕਵਿਤਾ ਮਨੁੱਖ ਦੇ ਭਾਵਨਾਤਮਕ ਜਗਤ ਦਾ ਬਿੰਬ ਸਿਰਜਦੀ ਹੈ ਅਤੇ ਇਹ ਆਮ ਤੌਰ ਤੇ ਤਤਫੱਟ ਭਾਵੁਕ ਪ੍ਰਤੀਕਰਮ ਦੀ ਉਪਜ ਹੁੰਦੀ ਹੈ। ਭਾਵੇਂ ਪੰਜਾਬ ਸਮੱਸਿਆ ਤੇ ਇਸ ਦੀ ਕਾਵਿ-ਸਿਰਜਣਾ ਵਿਚ ਸਮੇਂ ਦੀ ਕੁਝ ਵਿੱਥ-ਦਰਕਾਰ ਸੀ, ਪਰ ਬਹੁਤ ਕਵੀਆਂ ਦਾ ਇਸ ਸੰਕਟ-ਕਾਲੀਨ ਸਥਿਤੀ ਸਬੰਧੀ ਪ੍ਰਤੀਕਰਮ ਤਤਫੱਟ ਤੇ ਤੁਰੰਤ ਹੈ। ਕਵੀਆਂ ਦੇ ਸਾਹਮਣੇ ਮੁੱਖ ਸਮੱਸਿਆ ਸਿਰਫ ਯਥਾਰਥ ਦੀ ਪੇਸ਼ਕਾਰੀ ਹੀ ਨਹੀਂ, ਸੁਹਜ ਦੀ ਸਿਰਜਣਾ ਦਾ ਮਸਲਾ ਵੀ ਮਹੱਤਵਪੂਰਨ ਹੈ। ਪੰਜਾਬ ਸਮੱਸਿਆ ਦਾ ਕਾਵਿ-ਰੂਪਾਂਤਰਣ ਆਮ ਤੌਰ ਤੇ ਕਵਿਤਾ ਦੇ ਸੁਹਜਾਤਮਕ ਪੱਖ ਨੂੰ ਅਣਡਿੱਠ ਨਹੀਂ ਕਰਦਾ, ਸਗੋਂ ਨੂੰ ਇਸ ਦੀਆਂ ਅਨੇਕ ਪਰਤਾਂ ਸਮੇਤ ਖੂਬਸੂਰਤੀ ਨਾਲ ਬਿੰਬਮਾਨ ਕਰਦਾ ਹੈ।

—ਪੰਜਾਬ ਸੰਕਟ ਨਾਲ ਸਬੰਧਿਤ ਪੰਜਾਬੀ ਕਵਿਤਾ ਬੜੇ ਗੰਭੀਰ ਪ੍ਰਕਾਰਜਾਂ ਦੇ ਸਨਮੁੱਖ ਹੁੰਦੀ ਹੋਈ ਸਮਕਾਲੀ ਘਟਨਾਵਾਂ ਦੇ ਕਾਵਿ ਰੂਪਾਂਤਰਣ ਵਿਚੋਂ ਨਵੇਂ ਕਾਵਿ-ਪ੍ਰਤੀਮਾਨ ਸਥਾਪਿਤ ਕਰਦੀ ਹੈ।

—ਪੰਜਾਬੀ ਕਵੀਆਂ ਨੇ ਸੰਕਟ ਸਮੇਂ ਦੀ ਪੰਜਾਬੀ ਮਾਨਸਿਕਤਾ ਨੂੰ ਸਮਝਣ ਤੇ ਚਿਤਰਣ ਦਾ ਗੰਭੀਰ ਉਪਰਾਲਾ ਕੀਤਾ ਹੈ। ਪੰਜਾਬ ਦੇ ਸਾਰੇ ਵਰਗਾਂ ਤੇ ਫਿਰਕਿਆਂ ਦੇ ਲੋਕਾਂ ਨੂੰ ਜਿਸ ਤਰ੍ਹਾਂ ਦੀ ਖੌਫਨਾਕ ਦਹਿਸ਼ਤ ਦੇ ਵਾਤਾਵਰਣ ਵਿਚੋਂ ਗੁਜ਼ਰਨਾ ਪਿਆ ਕਿ ਪੰਜਾਬੀ ਲੋਕਾਂ ਦੇ ਸੁਭਾਵਿਕ ਵਰਤਾਰੇ ਵਿਚ ਵੀ ਦੁਖਦਾਈ ਪਰਿਵਰਤਨ ਦ੍ਰਿਸ਼ਟੀਗੋਚਰ ਹੁੰਦੇ ਹਨ। ਉਹਨਾਂ ਦੀ ਸੁਭਾਵਿਕ ਪ੍ਰਾਹੁਣਾਚਾਰੀ ਪੰਜਾਬ ਸੰਕਟ ਦੇ ਸਮੇਂ ਉਹਨਾਂ ਦੀ ਸਭਿਆਚਾਰਕ ਵਿਸ਼ੇਸ਼ਤਾ ਨਾ ਰਹੀ। ਇਸੇ ਤਰ੍ਹਾਂ ਮੁਸ਼ਕਿਲ ਵੇਲੇ ਦੁਖੀ ਲੋਕਾਂ ਦੀ ਬਾਂਹ ਫੜਨ ਤੇ ਚੰਗੇਰੀਆਂ ਮਨੁੱਖੀ ਕਦਰਾਂ-ਕੀਮਤਾਂ ਲਈ ਕੁਰਬਾਨ ਹੋ ਜਾਣ ਵਾਲੇ ਪੰਜਾਬੀਆਂ ਨੂੰ ਏ. ਕੇ, ਸੰਤਾਲੀ ਤੇ ਪੁਲਿਸ ਦੀ ਦਹਿਸ਼ਤ ਨੇ ਡਰਪੋਕ

ਤੇ ਸਵਾਰਥੀ ਬਣਾ ਦਿੱਤਾ। ਪੰਜਾਬੀ ਕਵੀਆਂ ਨੇ ਪੰਜਾਂਬੀਆਂ ਦੇ ਇਹਨਾਂ ਮਾਨਸਿਕ ਤੇ ਸਭਿਆਚਾਰਕ ਵਿਗਾੜਾਂ ਦਾ ਭਰਪੂਰ ਚਿਤਰਣ ਤੇ ਵਿਸ਼ਲੇਸ਼ਣ ਕੀਤਾ ਹੈ।

—ਸੰਕਟ ਕਾਲ ਦੀ ਕਵਿਤਾ ਨੇ ਉੱਚੀਆਂ ਤੇ ਸੁੱਚੀਆਂ ਮਨੁੱਖੀ ਕਦਰਾਂ-ਕੀਮਤਾਂ ਦੀ ਮਜ਼ਬੂਤੀ ਲਈ ਤੇ ਭਾਈਚਾਰਕ ਏਕਤਾ ਨੂੰ ਪੱਕਿਆਂ ਕਰਨ ਲਈ ਵਿਸ਼ੇਸ਼ ਯੋਗਦਾਨ ਦਿੱਤਾ ਹੈ।

—ਪੰਜਾਬੀ ਕਵੀਆਂ ਨੇ ਦਹਿਸ਼ਤ ਤੇ ਵਹਿਸ਼ਤ ਦੇ ਦੌਰ ਵਿਚ ਵੀ ਮਨੁੱਖੀ ਚੰਗਿਆਈ ਵਿਚ ਮਨੁੱਖ ਦੇ ਵਿਸ਼ਵਾਸ ਨੂੰ ਡੋਲਣ ਨਹੀਂ ਦਿੱਤਾ ਅਤੇ ਭਾਈਚਾਰਕ ਸਾਂਝਾਂ ਤੇ ਧਰਮ-ਨਿਰਪੱਖ ਜੀਵਨ-ਮੁੱਲਾਂ ਵਿਚ ਆਪਣੇ ਵਿਸ਼ਵਾਸ ਨੂੰ ਕਾਇਮ ਰਖਿਆ ਹੈ।

—ਸੰਕਟ ਕਾਲ ਦੇ ਸਮੁੱਚੇ ਪੰਜਾਬੀ ਕਾਵਿ ਵਿਚੋਂ ਜਿਸ ਕਾਵਿ-ਨਾਇਕ ਦਾ ਬਿੰਬ ਉਜਾਗਰ ਹੁੰਦਾ ਹੈ, ਉਹ ਨਾਇਕ ਧਾਰਮਿਕ ਰਵਾਦਾਰੀ ਤੇ ਸਹਿਨਸ਼ੀਲਤਾ ਦੀ ਰਾਖੀ ਲਈ ਮਰ ਮਿਟਣ ਵਾਲਾ ਨਾਇਕ ਹੈ। ਇਹ ਨਾਇਕ ਸਿੱਖ ਗੁਰੂਆਂ ਤੇ ਭਗਤੀ ਲਹਿਰ ਦੇ ਹੋਰ ਮਹਾਂ-ਪੁਰਖਾਂ ਦੇ ਪ੍ਰਚਾਰੇ ਹੋਏ ਉੱਚੇ ਆਦਰਸ਼ਾਂ 'ਤੇ ਪਹਿਰਾ ਦਿੰਦਾ ਹੈ।

—ਪੰਜਾਬੀ ਕਵੀਆਂ ਨੇ ਇਸ ਸੰਕਟ ਦਾ ਕਾਵਿ-ਮਈ ਹੱਲ ਵੀ ਪੇਸ਼ ਕੀਤਾ ਹੈ। ਉਹਨਾਂ ਪੰਜਾਬੀ ਲੋਕਾਂ ਦੇ ਸਾਂਝੇ ਮਸਲਿਆਂ ਪ੍ਰਤੀ ਕੇਂਦਰ ਦੇ ਹੱਠ-ਧਰਮੀ ਵਾਲੇ ਵਤੀਰੇ ਦੀ ਵੀ ਆਲੋਚਨਾ ਕੀਤੀ ਹੈ ਅਤੇ ਧਾਰਮਿਕ ਕੱਟੜਵਾਦ ਤੇ ਮੂਲਵਾਦ ਦਾ ਵਿਰੋਧ ਵੀ ਕੀਤਾ ਹੈ।

—ਇਹਨਾਂ ਪ੍ਰਕਾਰਜਾਂ ਨੂੰ ਨਿਭਾਉਣ ਲਈ ਪੰਜਾਬੀ ਕਵਿਤਾ ਅਨੇਕ ਕਾਵਿ-ਜੁਗਤਾਂ ਸਿਰਜਦੀ ਹੈ। ਗਜ਼ਲਾਂ, ਗੀਤਾਂ, ਨਜ਼ਮਾਂ ਜੰਗਨਾਮਾ ਤੇ ਹੋਰ ਬਹੁਤ ਸਾਰੇ ਕਾਵਿ-ਰੂਪਾਂਕਾਰਾਂ ਵਿਚ ਰਚਨਾ ਕਰਦੇ ਹੋਏ ਪੰਜਾਬੀ ਕਵੀਆਂ ਨੇ ਵੱਖ ਵੱਖ ਕਾਵਿਕ ਜੁਗਤਾਂ ਸਿਰਜ ਕੇ ਸੰਕਟ ਦੇ ਕਈ ਪਾਸਾਰਾਂ ਨੂੰ ਪ੍ਰਗਟ ਕੀਤਾ ਹੈ।

—ਪੰਜਾਬ ਸੰਕਟ ਕਾਲ ਨਾਲ ਸਬੰਧਿਤ ਪੰਜਾਬੀ ਕਵਿਤਾ ਦਾ ਬਹੁ-ਪੱਖੀ ਮੁਲਾਂਕਣ ਕਰਦਿਆਂ ਇਸ ਕਾਵਿ ਦੇ ਯਥਾਰਥ ਪ੍ਰਤੀ ਰਵਈਏ, ਵਿਚਾਰਧਾਰਕ ਧਰਾਤਲ, ਰੂਪ-ਵਿਧਾਨ ਤੇ ਪ੍ਰਕਾਰਜੀ ਮਹੱਤਤਾ ਨੂੰ ਵਿਸ਼ੇਸ ਤੌਰ 'ਤੇ ਵਿਚਾਰਨ ਦੀ ਲੋੜ ਹੈ। ਕਾਵਿ-ਰਚਨਾ ਦੀ ਸਾਰਥਕਤਾ ਇਸ ਗੱਲ ਵਿਚ ਹੈ ਕਿ ਇਸ ਦੀ ਸਮਾਜਕ ਯਥਾਰਥ ਪ੍ਰਤੀ ਪਹੁੰਚ ਕੀ ਹੈ, ਇਸਦਾ ਵਿਚਾਰਧਾਰਕ ਪੈਂਤੜਾ, ਕਿਹੋ ਜਿਹਾ ਹੈ? ਦੂਸਰੇ ਪਾਸੇ ਕੋਈ ਵਿਚਾਰ ਭਾਵੇਂ ਕਿੰਨਾ ਵੀ ਨਰੋਆ ਜਾਂ ਪ੍ਰਗਤੀਸ਼ੀਲ ਹੋਵੇ, ਉਸ ਦੀ ਸ਼ਾਹਿਤਕ ਮਹੱਤਤ ਤਾਂ ਹੀ ਉਜਾਗਰ ਹੁੰਦੀ ਹੈ ਜੇ ਉਹ ਕਾਵਿ-ਬਿੰਬ ਵਿਚ ਰੂਪਮਾਨ ਹੁੰਦਾ ਹੈ।

- ਪੰਜਾਬ-ਸੰਕਟ ਨਾਂਲ ਸਬੰਧਿਤ ਪੰਜਾਬੀ ਕਾਵਿ ਦੀ ਪ੍ਰਕਾਰਜੀ ਮਹੱਤਤਾ ਨੂੰ ਉਜਾਗਰ ਕਰਨ ਦੁਆਰਾ ਇਸ ਨੂੰ ਪੂਰਬਲੀ ਕਵਿਤਾ ਨਾਲੋਂ ਨਿਖੇੜਿਆ ਜਾ ਸਕਦਾ ਹੈ ਅਤੇ ਇਸਦੀ ਵਿਲੱਖਣਤਾ ਦੀ ਪਛਾਣ ਕੀਤੀ ਜਾ ਸਕਦੀ ਹੈ।

—ਇਹ ਕਵਿਤਾ ਪਿਛਲੇ ਪੰਦਰਾਂ ਸਾਲਾਂ ਵਿਚ ਵਾਪਰੀਆਂ ਦੁਖਦਾਈ ਅਤੇ ਖੌਫਨਾਕ ਘਟਨਾਵਾਂ ਦੀ ਸਾਹਿਤਕ ਦਸਤਾਵੇਜ਼ ਹੈ। ਇਹ ਇਸ ਗੱਲ ਦਾ ਪ੍ਰਮਾਣ ਹੈ ਕਿ ਦਹਿਸ਼ਤ ਦੇ ਮਾਹੌਲ ਵਿਚ ਪੰਜਾਬੀ ਕਵੀ ਡਰਦੇ ਚੁੱਪ ਨਹੀਂ ਹੋ ਗਏ ਸਨ, ਸਗੋਂ ਉਹਨਾਂ ਨੇ ਬੇਖ਼ੌਫ ਹੋ ਕੇ ਮਾਨਵ-ਵਿਰੋਧੀ ਤਾਕਤਾਂ ਦਾਂ ਪਰਦਾਫਾਸ਼ ਕੀਤਾ ਹੈ ਅਤੇ ਮਾਨਵ-ਹਿਤੈਸ਼ੀ ਤਾਕਤਾਂ ਦਾ ਸਮਰਥਨ ਕੀਤਾ ਹੈ।○



ਰੀਵੀਊ :

## ਫੈਲਦੇ ਰਿਸ਼ਤੇ (ਕਹਾਣੀ ਸੰਗ੍ਰਹਿ)/ਡਾ: ਐਸ. ਤਰਸੇਮ

ਫੈਲਦੇ ਰਿਸ਼ਤੇ, ਬਹੁਪੱਖੀ ਸਾਹਿਤਕਾਰ ਡਾ: ਐਸ. ਤਰਸੇਮ ਦਾ ਚੌਥਾ ਕਹਾਣੀ ਸੰਗ੍ਰਹਿ ਹੈ, ਜਿਹੜਾ ਵਰ੍ਹਿਆਂ ਦੀ ਵਿੱਥ ਉਪਰੰਤ ਛਪਿਆ ਹੈ। ਇਸ ਤੋਂ ਪਹਿਲਾਂ ਤਿੰਨ ਕਹਾਣੀ ਸੰਗ੍ਰਹਿਾਂ : ਕਣਕ ਦਾ ਬੁੱਕ, ਅੱਜ ਦੇ ਮਸੀਹੇ ਤੇ ਪਾਟਿਆ ਦੁੱਧ ਹਨ। ਹਥਲੇ ਕਥਾ ਸੰਗ੍ਰਹਿ ਦਾ ਪਹਿਲੇ ਸੰਗ੍ਰਹਿਆਂ ਨਾਲੋਂ ਕੇਵਲ ਸਮੇਂ ਦਾ ਹੀ ਅੰਤਰ ਨਹੀਂ ਹੈ। ਕਲਾ ਦੀ ਪਕਿਆਈ, ਵਿਸ਼ੇ ਦੀ ਡੂੰਘੀ ਸਮਝ, ਬਿਆਨ ਦੀ ਸਹਿਜਤਾ ਤੇ ਸਰਲਤਾ ਦਾ ਵੀ ਹੈ।

ਫੈਲਦੇ ਰਿਸ਼ਤੇ, ਸੰਗ੍ਰਹਿ ਵਿਚ ਸਤ ਕਹਾਣੀਆਂ ਹਨ, ਜਿਹੜੀਆਂ ਵੱਖੋ ਵੱਖਰੇ ਕੋਨਾਂ ਤੋਂ ਰਿਸ਼ਤਿਆਂ ਦਾ ਜਾਇਜ਼ਾ ਲੈਂਦੀਆਂ ਹਨ। ਇਹਨਾਂ ਬਹੁਤੀਆਂ ਕਹਾਣੀਆਂ ਵਿਚ ਮੁੱਖ ਤੌਰ ਤੇ ਇਸਤਰੀ-ਮਰਦ ਦੇ ਸਬੰਧ ਤੇ ਆਪਸੀ ਰਿਸ਼ਤਿਆਂ ਦਾ ਵਰਨਣ ਹੈ। ਦੋ ਕਹਾਣੀਆਂ ਵਿਚ ਅਤਿਵਾਦ ਦੇ ਦੌਰ ਵਿਚ ਤਿੜਕੇ ਰਿਸ਼ਤਿਆਂ ਦਾ ਜ਼ਿਕਰ ਹੈ। ਸਾਡੇ ਪੁਰਾਣੇ ਸਮਾਜ ਸ਼ਾਸਤਰੀਆਂ ਨੇ ਰਿਸ਼ਤੇ ਬਹੁਤ ਸੂਝ ਤੇ ਸਿਆਣਪ ਨਾਲ ਮਿਥੇ ਸਨ। ਲੰਮਾ ਸਮਾਂ ਇਹਨਾਂ ਦੀ ਸਾਰਥਕਤਾ ਕਾਇਮ ਰਹੀ ਤੇ ਇਹ ਸਮਾਜ ਨੂੰ ਸਾਦਾ ਰਖਣ ਤੇ ਵਿਗਸਣ ਵਿਚ ਬਹੁਤ ਸਹਾਈ ਹੋਏ। ਪਰੰਤੂ ਜਮਾਤੀ ਸਮਾਜ ਵਿਚ ਇਹ ਰਿਸ਼ਤੇ ਲੁੱਟ ਦਾ ਸਾਧਨ ਬਣ ਗਏ ਤੇ ਅਮਾਨਵੀ ਰੂਪ ਧਾਰਨ ਕਰ ਗਏ। ਸਮਾਜ ਦੇ ਵਿਕਾਸ ਨਾਲ ਰਿਸ਼ਤੇ ਵਿਕਾਸ ਦੇ ਰਾਹ ਵਿਚ ਅੜਿਕੇ ਬਣ ਗਏ ਇਹ ਟੁੱਟਣ ਲੱਗੇ। ਫੈਲਦੇ ਰਿਸ਼ਤੇ ਇਹੋ ਕੁਝ ਦਸਦੇ ਹਨ। ਕਹਾਣੀ ਦਾ ਨਾਇਕ ਬਾਉ ਜੀ, ਕੋਈ ਬਾਗੀ ਨਹੀਂ। ਉਹ ਪਰਚਲਤ ਸਮਾਜ ਦੀ ਮਰਯਾਦਾ ਨੂੰ ਮੰਨਣ ਵਾਲਾ ਤੇ ਆਮ ਲੋਕਾਂ ਵਾਂਗ ਰੱਬ ਤੋਂ ਡਰਨ ਵਾਲਾ ਵਿਅਕਤੀ ਹੈ। ਉਹਨੇ ਸਮਾਜ ਦੀਆਂ ਮਰਯਾਦਾਵਾਂ ਨੂੰ ਤੋੜਨ ਬਾਰੇ ਕਦੇ ਸੋਚਿਆ ਵੀ ਨਹੀਂ ਸੀ, ਪਰੰਤੂ ਭਰ ਜਵਾਨੀ ਵਿਚ ਜਦੋਂ ਇਸਤਰੀ ਉਹਦੀ ਸਰੀਰਕ ਤੇ ਮਾਨਸਿਕ ਲੋੜ ਸੀ, ਉਹਦੀ ਪਤਨੀ ਸਵਿਤਰੀ ਮਰ ਗਈ। ਮਾਸਟਰ ਕਰਮ ਚੰਦ ਉਰਫ ਬਾਊ ਜੀ ਲਈ ਇਹ ਇਕ ਗੰਭੀਰ ਹਾਦਸਾ ਸੀ। ਤਿੰਨ ਬੱਚਿਆਂ ਦੇ ਹੁੰਦਿਆਂ ਉਹ ਵਿਆਹ ਵੀ ਨਹੀਂ ਕਰਵਾ ਸਕਦਾ ਸੀ। ਇਸ ਮੋੜ ਤੇ ਸ਼ਾਂਤੀ ਉਹਦੇ ਜੀਵਨ ਵਿਚ ਆ ਗਈ, ਸ਼ਾਂਤੀ ਪੰਡਤਾਣੀ, ਆਪ ਸਿਰੋਂ ਨੰਗੀ ਹੈ, ਉਹ ਵੀ ਸਰੀਰਕ ਤੇ ਮਾਨਸਿਕ ਪੱਖੋਂ ਊਣੀ ਹੈ। ਪਰਚਲਤ ਸਮਾਜਿਕ ਪਰੰਪਰਾ ਅਨੁਸਾਰ ਉਹ ਕੋਈ ਰਿਸ਼ਤਾ ਨਹੀਂ ਕਰ ਸਕਦੇ ਸਨ। ਜ਼ਾਤਪਾਤ ਤੇ ਸਮਾਜ਼ ਦੇ ਰਿਸ਼ਤੇ ਮਿਥਣ ਦੇ ਅਸੂਲ ਉਹਨਾਂ ਦੇ ਰਾਹ ਦਾ ਅੜਿਕਾ ਸਨ। ਪਰੰਤੂ ਕੁਦਰਤ ਦੇ ਆਪਣੇ ਅਸੂਲ ਹਨ, ਜਿਨ੍ਹਾਂ ਅਨੁਸਾਰ ਮਰਦ-ਇਸਤਰੀ ਇਕ ਦੂਜੇ ਦੇ ਪੂਰਕ ਹਨ। ਇਥੇ ਆਕੇ ਸਮਾਜ ਸ਼ਾਸ਼ਤਰੀਆਂ ਦੇ ਮਿਥੇ ਰਿਸ਼ਤਿਆਂ ਦੇ ਅਸੂਲ ਅਮਾਨਵੀ ਹੋ ਗਏ। ਕਰਮ ਚੰਦ ਤੇ ਸ਼ਾਂਤੀ ਨੇ ਅਮਲ ਵਿਚ ਇਹ ਅਸੂਲ ਤੋੜ ਦਿਤੇ, ਪਰੰਤੂ ਸਮਾਜ ਤੋਂ ਪੂਰੀ ਤਰ੍ਹਾਂ ਨਾਬਰ ਹੋਕੇ ਨਹੀਂ ਬਲਕਿ ਅਰਧ-ਗੁਪਤ ਢੰਗ ਨਾਲ ਤੋੜੇ ਹਨ। ਇਸ ਗਲ ਦੀ ਲੋਕਾਂ ਵਿਚ ਚਰਚਾ ਹੈ ਪਰੰਤੂ ਮਾਸਟਰ ਕਰਮ ਦਾ ਵਿਅਕਤਤਵ ਤੇ ਸਮਾਜ ਵਿਚ ਉਸ ਦਾ ਅਸ਼ਥਾਨ ਚਰਚਾ ਨੂੰ ਧੁਖਦੀ ਰੱਖਦਾ ਹੈ, ਭਾਂਬੜ ਨਹੀਂ ਬਣਨ ਦਿੰਦਾ। ਕਰਮ ਚੰਦ ਤੇ ਸ਼ਾਂਤੀ ਦਾ ਇਹ ਮੇਲ ਹਕੀਕਤ ਵਿਚ ਵਿਭਚਾਰ ਨਹੀਂ ਬਲਕਿ ਸਮਾਜ ਲਈ ਲਾਹੇਵੰਦਾ ਹੈ। ਮਾਸਟਰ ਕਰਮ ਪਰਵਾਰ ਸਾਂਭਦਾ ਹੈ, ਸ਼ਾਂਤੀ ਉਸ ਵਿਚ ਸਹਾਈ ਹੁੰਦੀ ਹੈ।

ਕਰਮ ਚੰਦ ਸਮਾਜਿਕ ਕੰਮਾਂ ਵਿਚ ਵੀ ਸਰਗਰਮ ਰਹਿੰਦਾ ਹੈ। ਕਿਸੇ ਵੀ ਇਨਕਲਾਬ ਜਾਂ ਮਹਾਂਨ ਤਬਦੀਲੀ ਤੋਂ ਪਹਿਲਾਂ ਵਿਅਕਤੀਗਤ ਤੇ ਛੋਟੀਆਂ ਛੋਟੀਆਂ ਬਗਾਵਤਾਂ ਹੁੰਦੀਆਂ ਹਨ, ਜਿਹੜੀਆਂ ਸਮਾਜ ਜਾਂ ਪਰਥਾ ਦੇ ਬੋਦੇ ਹੋਣ ਦਾ ਸੰਕੇਤ ਹੁੰਦੀਆਂ ਹਨ। ਕਰਮ ਚੰਦ ਤੇ ਸ਼ਾਂਤੀ ਇਹੋ ਕੁਝ ਕਰਦੇ ਹਨ।

ਪਿਪਲ ਵਾਲਾ ਘਰ, ਕਹਾਣੀ ਵੀ ਇਸੇ ਇਸਤਰੀ-ਮਰਦ ਦੇ ਰਿਸ਼ਤੇ ਤੇ ਦੂਜੇ ਕੋਨ ਤੋਂ ਰੌਸ਼ਨੀ ਪਾਉਂਦੀ ਹੈ। ਵੈਦ ਦੇਸਰਾਜ ਲਈ ਇਸਤਰੀ ਦੀ ਲੋੜ ਹੈ। ਮਾਸਟਰ ਮੁਲਖ ਰਾਜ ਵੈਦ ਦਾ ਮਿੱਤਰ ਹੈ। ਮੁੱਢ ਵਿਚ ਕਿਸੇ ਨੂੰ ਇਸ ਗਲ ਦਾ ਅਹਿਸਾਸ ਨਹੀਂ ਸੀ ਕਿ ਦੋ ਪਰਵਾਰ ਇਕ ਵਰਗੇ ਹੋ ਜਾਣਗੇ। ਪਰੰਤੂ ਸਮੇਂ ਨਾਲ ਸਰਸਵਤੀ ਦੇਸ ਰਾਜ ਦੀ ਲੋੜ ਬਣ ਜਾਂਦੀ ਹੈ। ਦੇਸ ਰਾਜ ਪਰਵਾਰ ਦੀ ਲੋੜ ਬਣ ਜਾਂਦਾ ਹੈ। ਸਭ ਕੁਝ ਸਪਸ਼ਟ ਹੈ, ਪਰ ਫਿਰ ਵੀ ਖੁਲ੍ਹੇ ਤੌਰ ਤੇ ਇਹ ਸਵੀਕਾਰ ਕਰਨ ਲਈ ਤਿਆਰ ਨਹੀਂ। ਮਾਸਟਰ ਦਵੰਦ ਵਿਚ ਹੈ, ਉਹ ਵੈਦ ਨੂੰ ਨਫ਼ਰਤ ਵੀ ਕਰਦਾ ਹੈ, ਉਸ ਦੇ ਅਹਿਸ਼ਾਨ ਹੇਠੋਂ ਨਿਕਲ ਵੀ ਨਹੀਂ ਸਕਦਾ। ਪਰੰਤੂ ਅੰਤ ਵਿਚ ਜਦੋਂ ਵੈਦ ਸਰਸਤੀ ਤੇ ਤੇ ਮਹੇਸ਼ ਨੂੰ ਛਡਣ ਗਿਆ ਉਦੋਂ ਹੀ ਮੁੜ ਆਉਂਦਾ ਹੈ ਤੇ ਮਾਸਟਰ ਨੂੰ ਸਰਸਤੀ ਦਾ ਸੁਨੇਹਾ ਦਿੰਦਾ ਹੈ. ਤਾਂ ਮਾਸਟਰ ਮਾਨਸਿਕ ਤੌਰ ਤੇ ਖੁਸ਼ ਹੋ ਜਾਂਦਾ ਹੈ। ਉਹ ਇਕ ਬੋਝ ਤੋਂ ਮੁਕਤ ਹੋਇਆ ਅਨੁਭਵ ਕਰਦਾ ਹੈ।

ਚਮੇਲੀ, ਵੀ ਇਸਤਰੀ-ਮਰਦ ਦੇ ਰਿਸ਼ਤੇ ਦੀ ਕਥਾ ਹੈ, ਦੋਹਾਂ ਦਾ ਰਿਸ਼ਤਾ ਹੈ। ਨੰਦ ਤੇ ਚਮੇਲੀ ਵੀ ਇਕ ਦੂਜੇ ਦੇ ਪੂਰਕ ਹਨ। ਪਰੰਪਰਾਵਾਂ ਜਿਤ ਜਾਂਦੀਆਂ ਹਨ ਤੇ ਇਹ ਰਿਸ਼ਤਾ ਬਾਹਰ ਮੁਖੀ ਤੌਰ ਤੇ ਟੁੱਟ ਜਾਂਦਾ ਹੈ, ਪਰੰਤੂ ਮਾਨਸਿਕ ਤੰਦਾਂ ਤੋੜੇ ਤੇ ਵੀ ਨਹੀਂ ਟੁੱਟਦੀਆਂ, ਬਲਕਿ ਉਲਝ ਜਾਂਦੀਆਂ ਹਨ। ਨੰਦ ਦਾ ਜੀਵਨ ਮੁਕ ਜਾਂਦਾ ਹੈ। । ਚਮੇਲੀ ਨਰਕ ਕੁੰਡ ਵਿਚ ਜਾ ਡਿਗਦੀ ਹੈ। ਰਿਸ਼ਤੇ ਮਿਥਣ ਦਾ ਇਹ ਅਮਾਨਵੀ ਪੱਖ ਹੈ। ਇਸ ਨੂੰ ਖਤਮ ਕਰਨ ਦੀ ਲੋੜ ਹੈ।

ਅੰਦਰਲੀ ਗੱਲ, ਕਾਮ ਦੀ ਉਲਾਰ ਪਰਵਿਰਤੀ ਦਾ ਵਰਨਣ ਹੈ। ਸਿਆਣੇ ਸਮਾਜ ਸ਼ਾਸਤਰੀਆਂ ਇਸ ਗਲ ਦੇ ਡਰੋਂ ਰਿਸ਼ਤਿਆਂ ਦੀਆਂ ਕੰਧਾਂ ਕੱਢੀਆਂ ਸਨ। ਇਥੇ ਉਲਾਰ ਪਰਵਿਰਤੀ ਉਹ ਕੰਧ ਟੱਪ ਜਾਂਦੀ ਹੈ। ਪਤਾ ਲਗਣ ਤੇ ਸਮਾਜਿਕ ਤੇ ਸਰੀਰਕ ਵਿਚੋਂ ਇਕ ਮੌਤ ਅਵਸ਼ ਕਬੂਲਣੀ ਪੈਣੀ ਸੀ, ਕੀ ਸਰੀਰਕ ਮੌਤ ਹੀ ਇਥੇ ਉਲਾਰ ਪਰਵਿਰਤੀ ਦਾ ਅੰਤ ਕਰਦੀ ਹੈ। "ਰਿਸ਼ਤਿਆਂ ਦਾ ਇਹ ਇਮਤਿਹਾਨ" ਵਿਚ ਵੀ ਬਘੇਲ ਸਿੰਘ ਦੀ ਉਲਾਰ ਨਾਮਕ ਪਰਵਿਰਤੀ ਦਾ ਵਰਨਣ ਹੈ। ਪਰੰਤੂ ਇਹ ਪਰਵਿਰਤੀ ਆਪਣੇ ਟੀਚੇ ਵਿਚ ਸਫਲ ਨਹੀਂ ਹੁੰਦੀ। ਨਿੰਦੀ ਆਪਣਾ ਸਰੀਰ ਸਾਬਤ ਲੈਕੇ ਭੱਜ ਜਾਂਦੀ ਹੈ। ਬਘੇਲ ਸਿੰਘ ਆਪਣੀ ਕਰਤੂਤ ਤੇ ਪਸ਼ੇਮਾਨ ਹੈ।

'ਜ਼ਿੰਦਗੀ' ਅਤਿਵਾਦ ਦੇ ਸ਼ਿਕਾਰ ਪ੍ਰੋਫੈਸਰ ਅਗਰਵਾਲ ਦੇ ਦੁਖਾਂਤ ਦਾ ਵਰਨਣ ਹੈ। ਇਹ ਉਹ ਅਤਿਵਾਦੀਆਂ ਦੀਆਂ ਗੋਲੀਆਂ ਨਾਲ ਕਰੂਪ ਹੋ ਜਾਂਦਾ ਹੈ। ਉਹਦਾ ਜਿਉਣ ਦਾ ਉਤਸ਼ਾਹ ਮੁਕ ਜਾਂਦਾ ਹੈ। ਪਰੰਤੂ ਜ਼ਿੰਦਗੀ ਜ਼ਿੰਦਗੀ ਹੈ। ਜਿਉਣ ਦੀ ਲਾਲਸਾ ਪਰਬਲ ਹੋ ਜਾਂਦੀ ਹੈ। ਪ੍ਰੋਫੈਸਰ ਨੂੰ ਖਿਡੌਣੇ ਦੇ ਰੂਪ ਵਿਚ ਜ਼ਿੰਦਗੀ ਦੇ ਦਰਸ਼ਨ ਹੁੰਦੇ ਹਨ। ਜੀਵਨ ਵਿਚ ਉਸ ਦਾ ਵਿਸ਼ਵਾਸ ਫਿਰ ਬਹਾਲ ਹੋ ਜਾਂਦਾ ਹੈ। ਕਹਾਣੀ ਵਿਚ ਵੱਖੋ ਵੱਖਰੇ ਪਾਤਰਾਂ ਦੀ ਸੌੜੀ ਫਿਰਕੂ ਤੇ ਸੰਕੀਰਨ ਸੋਚ ਦਾ ਵੀ ਵਿਸ਼ਲੇਸ਼ਨ ਕੀਤਾ ਗਿਆ ਹੈ। ਅਤਿਵਾਦ ਸਮੇਂ ਦੀ ਮਾਨਸਿਕਤਾ ਦਾ ਚੰਗਾ ਵਰਨਣ ਹੈ।



ਰਿਸ਼ਤਿਆਂ ਦੇ ਰੰਗ, ਵਿਚ ਵੀ, ਅਤਿਵਾਦ ਸਮੇਂ ਲੋਕਾਂ ਦੀ ਮਾਨਸਿਕਤਾ ਦਾ ਵਿਸ਼ਲੇਸ਼ਣ ਹੈ, ਜਿੱਥੇ ਕਹਾਣੀ ਦੇ ਨਾਂਇਕ ਨੂੰ ਅਤਿਵਾਦ ਦੇ ਡਰੋਂ ਮਾਰੇ ਰਿਸ਼ਤੇ ਛੱਡ ਜਾਂਦੇ ਹਨ। ਸਾਧਾਰਣ ਵਿਅਕਤੀਆਂ ਦੀ ਮੌਕਾਪ੍ਰਸਤ, ਖੁਦਗਰਜ਼ ਤੇ ਬੁਜ਼ਦਿਲ ਪਰਵਿਰਤੀ ਦਾ ਡੂੰਘਾ ਵਰਨਣ ਹੈ। ਪਰੰਤੂ ਜਿਥੇ ਦੂਜੇ ਸਮਾਜਿਕ ਰਿਸ਼ਤੇ, ਵਿਰਸੇ ਵਿਚ ਮਿਲੇ ਤੇ ਆਪ ਸਹੇੜੇ ਦੋਨੋਂ ਝੂਠੇ ਸਾਬਤ ਹੁੰਦੇ ਹਨ। ਉਥੇ ਆਜ਼ਾਦ ਤੇ ਵਿਚਾਰਧਾਰਕ ਸਾਥੀ ਡੱਟਕੇ ਖਲੋਂਦੇ ਹਨ। ਅਤਿਵਾਦ ਸਮੇਂ ਵਾਪਰਿਆ ਵੀ ਇਹੋ ਕੁਝ ਸੀ। ਇਹੋ ਵਿਚਾਰਧਾਰਕ ਆਧਾਰ ਸੀ ਜਿਸ ਕਾਰਨ ਸੈਂਕੜੇ ਕਮਿਊਨਿਸਟਾਂ ਨੇ ਆਪਣੇ ਜੀਵਨ ਦੀ ਅਹੂਤੀ ਦੇ ਦਿੱਤੀ ਪਰ ਕੋਈ ਡਰਿਆ ਨਹੀਂ।

ਡਾ: ਐਸ. ਤਰਸੇਮ ਦਾ ਹੱਥਲਾ ਕਹਾਣੀ ਸੰਗ੍ਰਹਿ ਉਸ ਦੀ ਕਹਾਣੀ ਕਲਾ ਦੇ ਸਰਬ-ਪੱਖੀ ਵਿਕਾਸ ਦਾ ਸੂਚਕ ਹੈ। ਇਸ ਵਿਚਲੀਆਂ ਕਹਾਣੀਆਂ ਲੇਖਕ ਦੀ ਡੂੰਘੀ ਮਨੋਵਿਗਿਆਨਕ ਸੋਚ, ਗੱਲ ਕਹਿਣ ਦੀ ਪੁਖਤਗੀ, ਸਮਾਜਿਕ ਯਥਾਰਥ ਦਾ ਵਿਚਰਨ, ਬਿਆਨ ਦੀ ਸਹਿਜਤਾ ਤੇ ਸੁਭਾਵਿਕਤਾ ਨੂੰ ਦਰਸਾਉਂਦੀਆਂ ਹਨ। ਇਸ ਸੰਗ੍ਰਹਿ ਦੇ ਛਪਣ ਨਾਲ ਲੇਖਕ ਕਥਾ ਲੇਖਕਾਂ ਦੀ ਮੂਹਰਲੀ ਕਤਾਰ ਵਿਚ ਆ ਖੜੋਇਆ ਹੈ। ਮੇਰੇ ਵਲੋਂ ਇਸ ਦਾ ਸਵਾਗਤ ਹੈ। —ਸੁਰਜੀਤ ਗਿੱਲ

## ਦੁਨੀਆ ਕੈਸੀ ਹੋਈ/(ਜਰਨੈਲ ਸਿੰਘ ਸੇਖਾ)

ਦੁਨੀਆਂ ਕੈਸੀ ਹੋਈ, ਪਰਵਾਸੀ ਪੰਜਾਬੀ ਕਥਾਕਾਰ ਜਰਨੈਲ ਸਿੰਘ ਸੇਖਾ ਦਾ ਪਹਿਲਾ ਨਾਵਲ ਹੈ। ਜਿਹੜਾ ਫਰੇਜ਼ਰ ਵੈਲੀ ਵਿਚ ਬੇਰੀ (ਇਕ ਫਲ) ਤੋੜਨ ਦਾ ਕਮ ਕਰਦੇ, ਪੰਜਾਬੀ ਖੇਤ ਮਜ਼ਦੂਰਾਂ ਦੇ ਜੀਵਨ ਦਾ ਵਰਨਣ ਕਰਦਾ ਹੈ। ਸੇਖਾ ਪਰਵਾਸ ਤੋਂ ਪਹਿਲਾਂ ਪੰਜਾਬ ਵਿਚ ਟੀਚਰ ਸੀ ਅਤੇ ਸਾਹਿਤ ਤੇ ਟੀਚਰ ਸੰਘਰਸ਼ ਨਾਲ ਜੁੜਿਆ ਹੋਇਆ ਸੀ। ਉਸ ਪਹਿਲਾ ਕੁਝ ਕਹਾਣੀਆ ਲਿਖੀਆਂ ਸਨ। ਜਿਨ੍ਹਾਂ ਵਿਚ ਉਸ ਦੀ ਡੂੰਘੀ ਨੀਝ ਤੇ ਯਥਾਰਥ ਦੀ ਪਕੜ ਦਾ ਪਤਾ ਲਗਦਾ ਸੀ।

ਹਥਲਾ ਨਾਵਲ ਬੇਸ਼ੱਕ ਉਸ ਦੀ ਪਹਿਲੀ ਕਿਰਤ ਹੈ, ਫਿਰ ਵੀ ਉਪਰੋਕਤ ਦੋਨੋਂ ਦ੍ਰਿਸ਼ਟੀਆਂ ਦਾ ਸਬੂਤ ਅਵਸ਼ ਦਿੰਦਾ ਹੈ। ਨਾਵਲ ਵਿਚ ਦੋ ਵੱਖੋ ਵੱਖਰੀਆਂ ਪਰਥਾਵਾਂ ਦੇ ਕਲਚਰ ਦੇ ਦਵੰਦ ਦਾ ਜ਼ਿਕਰ ਹੈ, ਉਥੇ ਬੁਰਜਵਾ ਪ੍ਰਬੰਧ ਦੀ ਸਰਦਾਰੀ ਹੋਣ ਤੇ ਵੀ ਜਗੀਰੂ ਸੰਸਕਾਰ ਪੂਰੀ ਤਰ੍ਹਾਂ ਖਤਮ ਨਹੀਂ ਹੋਏ। ਪੰਜਾਬੀ ਪਰਵਾਸੀ ਹਾਲੇ ਤਕ ਵੀ ਇਹਨਾਂ ਸੰਸਾਰਾਂ ਤੋਂ ਮੁਕਤ ਨਹੀਂ ਹੋਏ। ਉਹ ਥਾਂ ਥਾਂ ਇਹਨਾਂ ਦਾ ਪ੍ਰਗਟਾਵਾ ਕਰਦੇ ਹਨ। ਉਥੇ ਸਾਂਝੇ ਟੱਬਰਾਂ ਦੇ ਟੁੱਟਣ ਸਮੇਂ ਇਸ ਦਾ ਪ੍ਰਗਟਾਵਾ ਹੁੰਦਾ ਹੈ ਅਤੇ ਪੰਜਾਬ ਵਾਂਗ ਹੀ ਟੱਬਰਾਂ ਦੇ ਟੁੱਟਣ ਦਾ ਦਰੇਗ ਮਹਿਸੂਸ ਕੀਤਾ ਜਾਂਦਾ ਹੈ। ਜਦੋਂ ਪੱਛਮੀ ਬੁਰਜ਼ੁਵਾ ਸਮਾਜ ਇਹਨਾਂ ਸੰਸਕਾਰਾਂ ਤੋਂ ਬਹੁਤ ਸਮਾਂ ਪਹਿਲਾਂ ਮੁਕਤ ਹੋ ਚੁਕਾ ਹੈ। ਉਥੇ ਪੰਜਾਬ ਤੋਂ ਗਏ ਮਾਪੇ ਤੇ ਉਥੇ ਜੰਮੀ ਉਲਾਦ ਵਿਚਾਲੇ ਪਾੜਾ ਦਿਨੋ-ਦਿਨ ਵਧ ਰਿਹਾ ਹੈ। ਬਹੁਤੇ ਕੇਸਾਂ ਵਿਚ ਇਹ ਗੰਭੀਰ ਸੰਕਟ ਦਾ ਕਾਰਨ ਵੀ ਬਣਦਾ ਹੈ।

ਨਾਵਲ ਵਿਚ ਜਰਨੈਲ ਸਿੰਘ ਸੇਖਾ ਮੂਲ ਰੂਪ ਵਿਚ ਬੇਰੀ ਤੋੜਨ ਵਾਲਿਆਂ ਦੇ ਕੰਮ ਤੇ ਲੁੱਟ ਦਾ ਵਰਨਣ ਕਰਦਾ ਹੈ। ਪਰੰਤੂ ਬੇਰੀ ਤੋੜਨ ਦਾ ਕੰਮ ਨਾ ਤਾਂ ਬਹੁਤੀ ਸਿਖਲਾਈ ਤੇ ਨਾ ਹੀ ਬਹੁਤੇ ਜ਼ੋਰ ਦਾ ਮੁਹਤਾਜ ਹੈ। ਇਸ ਲਈ ਹਰ ਉਮਰ ਤੇ ਲੋੜ ਵਾਲਾ ਵਿਅਕਤੀ ਇਹ

ਕੰਮ ਕਰ ਸਕਦਾ ਹੈ। ਇਸ ਲਈ ਵੱਖੋ ਵੱਖਰੇ ਪਿਛੋਕੜ ਵਾਲੇ ਬੰਦੇ ਉਥੇ ਇਕੱਠੇ ਹੁੰਦੇ ਹਨ ਤੇ ਆਪਣੇ ਸਭਿਆਚਾਰਕ, ਸੁਭਾਅ ਤੇ ਜ਼ਹਿਨੀਅਤ ਦਾ ਪ੍ਰਗਟਾਵਾ ਕਰਦੇ ਹਨ। ਇਹ ਤਰ੍ਹਾਂ ਸਮੁਚੇ ਪੰਜਾਬੀ ਪਰਵਾਸੀ ਸਮਾਜ ਦਾ ਨਿਰਣਾ ਹੋ ਜਾਂਦਾ ਹੈ।

ਨਾਵਲ ਦਾ ਨਾਇਕ ਜਗਤਾਰ ਸਿੰਘ ਇਕ ਪੜ੍ਹਿਆ-ਲਿਖਿਆ ਤੇ ਸੂਝਵਾਨ ਵਿਅਕਤੀ ਹੈ। ਪੰਜਾਬ ਵਿਚ ਉਹ ਇਕ ਚੰਗਾ ਟੀਚਰ ਤੇ ਸਮਾਜ ਸੇਵੀ ਹੁੰਦਾ ਹੈ। ਉਹਨੂੰ ਕੋਈ ਬਹੁਤਾ ਅਮੀਰ ਹੋਣ ਦੀ ਲਾਲਸਾ ਵੀ ਨਹੀਂ ਹੁੰਦੀ ਪਰੰਤੂ ਪਰਸਥਿਤੀਆਂ ਉਸ ਨੂੰ ਪਰਵਾਸ ਕਰਨ ਤੇ ਮਜ਼ਬੂਰ ਕਰ ਦਿੰਦੀਆ ਹਨ। ਪੰਜਾਬ ਵਿਚ ਉਸ ਨੇ ਖੇਤੀ ਜਾਂ ਹੋਰ ਕੋਈ ਸਰੀਰਕ ਕੰਮ ਨਹੀਂ ਕੀਤਾ ਹੁੰਦਾ। ਕੈਨੇਡਾ ਵਿਚ ਜਾਕੇ ਇਹ ਕੰਮ ਉਸ ਨੂੰ ਕਰਨਾ ਪੈਂਦਾ ਹੈ ਤੇ ਉਹ ਮਜਬੂਰ ਹੋਕੇ ਖੇਤ ਮਜ਼ਦੂਰ ਬਣ ਜਾਂਦਾ ਹੈ। ਇਸੇ ਤਰ੍ਹਾਂ ਹੋਰ ਪਾਤਰ, ਪਟਵਾਰੀ, ਥਾਣੇਦਾਰ, ਸੂਬੇਦਾਰ ਤੇ ਸਰਪੰਚ ਆਪਣੇ ਪਿਛਲੇ ਰੁਤਬਿਆਂ ਕਾਰਨ ਜਾਣੇ ਜਾਂਦੇ ਹਨ ਤੇ ਖੇਤ ਮਜ਼ਦੂਰੀ ਕਰਦੇ ਹਨ। ਇਹਨਾਂ ਸਾਰਿਆਂ ਵਿਚੋਂ ਕੋਈ ਵੀ ਕਿਸੇ ਆਦਰਸ਼ ਦਾ ਧਾਰਨੀ ਨਹੀਂ ਹੈ। ਇਹਨਾਂ ਵਿਚੋਂ ਕੋਈ ਵੀ ਕਿਸੇ ਆਦਰਸ਼ ਜਾਂ ਹੱਕ ਦੀ ਪ੍ਰਾਪਤੀ ਲਈ ਸੰਘਰਸ਼ ਨਹੀਂ ਕਰਦਾ। ਇਹਨਾਂ ਸਾਰਿਆਂ ਦਾ ਇਕੋ ਸਾਂਝਾ ਆਦਰਸ਼ ਪੈਸੇ ਕਮਾਉਣੇ ਤੇ ਕੇਵਲ ਜਿਉਣਾ ਹੈ। ਹੋਰ ਸਭ ਕੁਝ ਇਸ ਦੇ ਅਧੀਨ ਹੈ। ਜੇਕਰ ਕੋਈ ਪਾਤਰ ਗਿੱਲ ਵਰਗਾ ਆਪਣੇ ਹੱਕਾਂ ਤੇ ਅਨਿਆਂ ਬਾਰੇ ਚੇਤਨ ਹੈ ਤੇ ਹੋਰਨਾਂ ਨੂੰ ਚੇਤਨ ਕਰਨ ਦਾ ਯਤਨ ਕਰਦਾ ਹੈ ਤਾਂ ਅਸਫਲ ਰਹਿੰਦਾ ਹੈ, ਕਿਉਂਕਿ ਹੋਰਨਾਂ ਵਿਚ ਉਹ ਚੇਤਨਾ ਨਹੀਂ ਹੈ। ਇਸ ਪੈਸੇ ਦੇ ਗੁਲਾਮ ਸੰਸਾਰ ਵਿਚ ਵੀ ਜਗਤਾਰ ਸਿੰਘ ਤੇ ਗਿਆਨੀ ਜੀ ਵਰਗੇ ਪਾਤਰ ਹਨ ਜਿਨ੍ਹਾਂ ਨੇ ਮਾਨਵੀ ਕਦਰਾਂ ਨੂੰ ਜਿਉਂਦੇ ਰਖਿਆ ਹੋਇਆ ਹੈ। ਗਿਆਨੀ ਧਾਰਮਿਕ ਵਿਅਕਤੀ ਹੈ ਜਿਹੜਾ ਦਿਹਾੜੀ ਛੱਡਕੇ ਪਾਠ ਕਰਦਾ ਹੈ ਪਰੰਤੂ ਕੋਈ ਮੁਆਵਜ਼ਾ ਨਹੀਂ ਲੈਂਦਾ ਜਦੋਂ ਕਿ ਪਾਠ ਦਾ ਪ੍ਰਬੰਧਕ ਗਰੰਥੀ ਪਾਠ ਕਰਾਉਣ ਵਾਲੇ ਤੋਂ ਉਸ ਦਾ ਮੁਆਵਜਾ ਲੈਂਦਾ ਹੈ। ਜਗਤਾਰ ਸਿੰਘ ਨੂੰ ਉਸ ਦੀ ਪੁਰਾਣੀ ਪ੍ਰੇਮਕਾ ਮਿਲਦੀ ਹੈ, ਜਿਹੜੀ ਹੁਣ ਵਿਧਵਾ ਹੈ ਤੇ ਚਾਹੁੰਦੀ ਹੈ ਕਿ ਉਸ ਨਾਲ ਸਬੰਧ ਰੱਖੇ ਤੇ ਉਹ ਦੋਨੋਂ ਐਸ਼ ਕਰਨ ਪਰ ਉਹ ਅਜਿਹਾ ਨਹੀਂ ਕਰਦਾ। ਇਥੇ ਹੀ ਝੂਠੇ ਤੇ ਪਾਂਡੇ ਪਾਤਰ ਵੀ ਚਿਤਰੇ ਗਏ ਹਨ। ਜਿਹੜੇ ਸ਼ੇਖੀਆਂ ਮਾਰਦੇ ਹਨ ਪਰ ਅਮਲ ਵਿਚ ਨੰਗੇ ਹੋ ਜਾਂਦੇ ਹਨ।

ਬੇਰੀ ਤੋੜਨ ਵਾਲਿਆਂ ਦੀ ਲੁੱਟ ਕਈ ਪੱਖਾਂ ਤੋਂ ਹੁੰਦੀ ਹੈ। ਠੇਕੇਦਾਰ ਖੇਤ ਮਾਲਿਕ ਤੋਂ ਹੋਰ ਰੇਟ ਲੈਂਦਾ ਹੈ ਤੇ ਅੱਗੇ ਘੱਟ ਦਿੰਦਾ ਹੈ। ਕੰਮ ਕਰਨ ਦੀਆਂ ਹਾਲਤਾਂ ਬਹੁਤ ਘਟੀਆਂ ਹਨ। ਇਕ ਇਕ ਵੈਨ ਵਿਚ ਸਮਰਥਾ ਤੋਂ ਵੱਧ ਮਜ਼ਦੂਰ ਬਿਠਾਏ ਜਾਂਦੇ ਹਨ। ਧੁੱਪ, ਠੰਢ ਤੇ ਮੀਂਹ ਵਿਚ ਕੰਮ ਕਰਵਾਇਆ ਜਾਂਦਾ ਹੈ। ਘੱਟ ਤੋਲਿਆ ਜਾਂਦਾ ਹੈ। ਇਹ ਸਾਰੇ ਢੰਗ ਜਗੀਰੂ ਲੁੱਟ ਦੇ ਹਨ। ਇਹ ਪੰਜਾਬੀ ਠੇਕੇਦਾਰ ਹੀ ਵਰਤਦੇ ਹਨ। ਸਰਮਾਏਦਾਰ ਲੁੱਟ ਦੇ ਢੰਗ ਸਿਧੇ ਨਹੀਂ ਅਸਿਧੇ ਹੁੰਦੇ ਹਨ। ਸੰਕਟਾਂ ਤੇ ਤਕਲੀਫਾਂ ਦੇ ਬਾਵਜੂਦ ਪੰਜਾਬੀ ਲੋਕ ਉਥੇ ਰਹਿੰਦੇ ਹਨ, ਵਾਪਸ ਨਹੀਂ ਪਰਤਦੇ ਕਿਉਂਕਿ ਉਥੇ ਇਥੋਂ ਨਾਲੋਂ ਹਾਲਤ ਵੱਖਰੀ ਤੇ ਬਿਹਤਰ ਹੈ। ਇਸੇ ਲਈ ਬੁਰਜਵਾ ਪਰਬਾ ਜਗੀਰੂ ਪਰਬਾ ਨਾਲੋਂ ਸਮਾਜਿਕ ਵਿਕਾਸ ਦੀ ਉੱਚੀ ਪਰਬਾ ਹੈ। ਜਗੀਰੂ ਪਰਥਾ ਦਾ ਰੱਦ ਹੋਣਾ ਅਵਸ਼ਕ ਹੈ।

ਜਰਨੈਲ ਸਿੰਘ ਸੇਖਾ ਨੇ ਨਾਵਲ ਵੱਖੋ ਵੱਖਰੀਆਂ ਕਹਾਣੀਆਂ ਦੇ ਰੂਪ ਵਿਚ ਲਿਖਿਆ ਹੈ



ਜੋ ਇਕ ਲੜੀ ਵਿਚ ਪਰੋਈਆਂ ਹੋਈਆਂ ਹਨ। ਇਸ ਤਰ੍ਹਾਂ ਨਾਵਲ ਦਾ ਕੋਈ ਗੁੰਦਵਾਂ ਪਲਾਟ ਨਹੀਂ ਹੈ। ਇਹ ਨਾਵਲ ਨਗਾਰੀ ਦਾ ਨਵਾਂ ਤਜਰਬਾ ਹੈ ਜਿਹੜਾ ਪੰਜਾਬੀ ਵਿਚ ਘੱਟ ਹੀ ਕੀਤਾ ਗਿਆ ਹੈ। ਨਾਵਲ ਦੀ ਸ਼ੈਲੀ ਸਾਦਾ ਤੇ ਬਿਆਨ ਸਹਿਜ ਹੈ। ਲੇਖਕ ਸਾਧਾਰਨ ਗੱਲਾਂ ਕਰਦਾ ਹੀ ਕਹਾਣੀ ਉਸਾਰ ਦਿੰਦਾ ਹੈ। ਕਹਾਣੀ ਦੇ ਸਿਰਲੇਖ ਭਾਵਪੂਰਤ ਹਨ। ਨਾਵਲ ਰਵੀ ਪ੍ਰਕਾਸਨ ਨੇ ਛਾਪਿਆ ਤੇ ਪ੍ਰਕਾਸ਼ਤ ਕੀਤਾ ਹੈ। ਛਪਾਈ, ਕਾਗਜ਼ ਤੇ ਦਿੱਖ ਬਹੁਤ ਵਧੀਆਂ ਹਨ।

ਲੇਖਕ ਵਲੋਂ ਕੈਨੇਡਾ ਜਾ ਕੇ ਵੀ ਆਪਣੀ ਮਾਨਵੀ ਸੋਚ ਨੂੰ ਕਾਇਮ ਰੱਖਣਾ ਬਹੁਤ ਵੱਡੀ ਗੱਲ ਹੈ। ਉਸ ਨੇ ਨਾਵਲ ਦਾ ਵਿਸ਼ਾ ਮਾਨਵੀ ਲਿਆ ਹੈ। ਬੇਰੀ ਤੋੜਨ ਵਾਲੇ ਮਜ਼ਦੂਰਾਂ ਦੇ ਮਸਲੇ ਬਿਆਨ ਕੀਤੇ ਹਨ। ਉਹਨਾਂ ਦੇ ਦੁੱਖਾਂ ਵਿਚ ਸ਼ਰੀਕ ਹੋਇਆ ਹੈ। ਮੈਨੂੰ ਆਸ ਹੈ ਕਿ ਪੰਜਾਬੀ ਪਾਠਕ ਇਸ ਕਿਰਤ ਦਾ ਢੁਕਵਾਂ ਮੁੱਲ ਪਾਉਣਗੇ। —ਸੁਰਜੀਤ ਗਿੱਲ

## ਪ੍ਰਗਤੀਵਾਦੀ ਮੁਹਾਵਰੇ ਵਾਲੀ ਕਵਿਤਾ—ਤੇਰੇ ਨਾਂ ਦਾ ਮੌਸਮ (ਗੁਰਨਾਮ ਢਿਲੋਂ)

ਗੁਰਨਾਮ ਢਿਲੋਂ, ਪੰਜਾਬੀ ਕਵਿਤਾ ਦੇ ਪਾਠਕਾਂ ਲਈ ਅਸਲੋਂ ਨਵਾਂ ਨਾਂ ਨਹੀਂ ਹੈ। ਸੱਤਰਵਿਆਂ ਵਿਚ ਉਸ ਦੇ ਦੋ ਕਾਵਿ-ਸੰਗ੍ਰਹਿ 'ਅੱਗ ਦੇ ਬੀਜ' ਤੇ 'ਹੱਥ ਤੇ ਹਥਿਆਰ' ਪ੍ਰਕਾਸ਼ਿਤ ਹੋਏ ਸਨ ਤੇ ਜਿਵੇਂ ਇਹਨਾਂ ਦੇ ਨਾਵਾਂ ਤੋਂ ਹੀ ਜ਼ਾਹਿਰ ਹੈ, ਉਹ ਸਮਾਜਿਕ-ਰਾਜਨੀਤਕ ਪ੍ਰਤੀਬੱਧਤਾ ਰੱਖਣ ਵਾਲਾ, ਪ੍ਰਗਤੀਵਾਦੀ ਕਵੀ ਦੇ ਰੂਪ ਵਿਚ ਪਾਠਕਾਂ ਸਾਹਮਣੇ ਆਇਆ ਸੀ। ਹੁਣ ਲਗਭਗ 23 ਸਾਲਾਂ ਦੇ ਵਕਫੇ ਪਿਛੋਂ ਉਸ ਦਾ ਤੀਸਰਾ ਕਾਵਿ-ਸੰਗ੍ਰਹਿ 'ਤੇਰੇ ਨਾਂ ਦਾ ਮੌਸਮ' ਪਾਠਕ ਦੇ ਹੱਥਾਂ ਵਿਚ ਹੈ। ਇਸ ਤੀਸਰੀ ਪੁਸਤਕ ਦਾ ਨਾਂ ਗੁਰਨਾਮ ਢਿਲੋਂ ਦੀ ਵਿਚਾਰਧਾਰਾ ਵਿਚ ਤਬਦੀਲੀ ਦਾ ਭੁਲੇਖਾ ਪਾਉਂਦਾ ਹੈ ਪਰ ਉਸ ਦੇ ਪਹਿਲੇ ਅਕੀਦੇ ਤੇ ਸਿਆਣਪ ਦੀ ਹੀ ਪੁਨਰ-ਸਥਾਪਨਾ ਕਰਦਾ ਨਜ਼ਰ ਆਉਂਦਾ ਹੈ। ਉਸ ਲਈ, ਅਜੇ ਵੀ, 'ਤੇਰਾ ਕੋਈ ਮਿੱਤਰ ਕੁੜੀ ਨਹੀਂ ਸਗੋਂ ਸੰਘਰਸ਼ਸ਼ੀਲ ਮਾਨਵ ਹੈ ਤੇ 'ਤੇਰੇ ਨਾਂ ਦਾ ਮੌਸਮ' ਇਕ ਆਸ਼ਾਵਾਦੀ ਸੁਪਨਾ।

ਦੂਸਰੀ ਸਮਕਾਲੀਨ ਪ੍ਰਗਤੀਵਾਦੀ ਕਵਿਤਾ ਵਾਂਗ ਹੀ ਗੁਰਨਾਮ ਢਿਲੋਂ ਦੀ ਕਵਿਤਾ ਵੀ ਉੱਤਰ ਸੋਵੀਅਤ ਕਾਲ ਦੇ ਕਾਵਿ ਮੰਡਲਾਂ ਵਿਚ ਵਿਚਰਦੀ ਹੈ। ਗੁਰਨਾਮ ਢਿਲੋਂ ਸੋਵੀਅਤ ਸੰਘ ਤੇ ਤਜਰਬੇ ਦਾ ਵਿਸ਼ਲੇਸ਼ਣ 'ਬੀਜ' ਅਤੇ 'ਬਰਫ ਦੇ ਰਹਿਬਰ' ਕਵਿਤਾਵਾਂ ਵਿਚ ਸੰਕੇਤਮਈ ਸ਼ੈਲੀ ਵਿਚ ਕਰਨ ਦਾ ਯਤਨ ਕਰਦਾ ਹੈ। ਉਸ ਲਈ ਸੋਵੀਅਤ ਨਿਜ਼ਾਮ 'ਸੁੰਦਰ, ਸੁਬਕ, ਨਿਰਮਲ, ਸੀਤਲ' ਨਦੀ ਸੀ ਪਰੰਤੂ ਇਸ ਨਿਜ਼ਾਮ ਦੇ ਢਹਿ-ਢੇਰੀ ਹੋਣ ਦੇ ਕਾਰਨਾਂ ਦਾ ਸਰਲੀ-ਕਰਨ ਕਰਦਿਆਂ ਸਭ ਉਹ ਕਾਸੇ ਦੀ ਜ਼ਿੰਮੇਵਾਰੀ 'ਇਕ ਜ਼ਾਲਮ ਧਾੜਵੀ' ਤੇ 'ਬਰਫ ਦੇ ਰਹਿਬਰ' ਉੱਤੇ ਸੁੱਟ ਦਿੰਦਾ ਹੈ। ਸਲਾਹੁਣ ਯੋਗ ਗੱਲ ਇਹ ਹੈ ਕਿ ਉਹ ਨਿਰਾਸ ਹੋਣ ਤੋਂ ਬਿਨਾ ਹੀ ਆਖਦਾ ਹੈ—

ਮੋੜ ਹੁੰਦੇ ਅਗਲੀ ਮੰਜ਼ਿਲ ਲਈ ਪੜਾਅ

ਪਿੱਛਲਖੁਰੀ ਚਲਣ ਤੋਂ ਇਨਕਾਰ ਕਰਦੀ ਹੋਈ ਇਹ ਕਵਿਤਾ ਉਸ ਨਿਜ਼ਾਮ ਬਾਰੇ ਆਪਣੀ ਸੰਵੇਦਨਾ ਬਿਆਨ ਕਰਨੀ ਸ਼ੁਰੂ ਕਰਦੀ ਹੈ ਜਿਸ ਵਿਚ ਕਵੀ ਵਿਚਰ ਰਿਹਾ ਹੈ। ਉਹ ਵਿਕਸਿਤ ਉਦਯੋਗਿਕ ਵਿਕਾਸ ਹੈ ਜਿਸ ਵਿਚ 'ਟੁੱਟੀ ਥੱਕੀ ਹਾਰੀ ਅੱਕੀ' ਰੂਹ 'ਨੀਮ ਬੇਹੋਸ਼ੀ ਦੀ ਹਾਲਤ

ਵਿਚ’ ਪਈ ਹੈ । ਇਸ ਵਿਚ ਰਿਸ਼ਤਿਆਂ ਨੂੰ ਬਿਆਨ ਕਰਨ ਵਾਲੀ ਭਾਸ਼ਾ ਵੀ ਅਰਥ ਸ਼ਾਸਤਰ ਤੇ ਗਣਿਤ ਵਿਗਿਆਨ ਵਾਲੀ ਹੋ ਜਾਂਦੀ ਹੈ—

ਉਹ ਤੇਰੀ ਪੂੰਜੀ ਹੋਵੇਗਾ
ਤੂੰ ਉਹਦਾ ਹਾਸਲ ਹੋਵੇਂਗੀ ।

ਇਹ ਸਮਾਜ ਖਪਤ ਸੱਭਿਆਚਾਰ ਵਾਲਾ ਸਮਾਜ ਹੈ, ਸੰਘਰਸ਼ ਵਾਲਾ ਨਹੀਂ ।

ਕੈਸਾ ਵਣਜ ਕਮਾਇਆ ਤੂੰ
ਰੂਹ ਨੂੰ ਫਾਹੇ ਲਾਇਆ ਤੂੰ ।
ਜਾਂ
ਲੋਹੇ ਦਾ ਖੰਜਰ ਪਕੜ ਕੇ ਉਹ ਜੂਝਦਾ ਕਿਵੇਂ
ਰਿਸ਼ਤਾ ਸੀ ਜਿਸ ਦਾ ਜੁੜ ਗਿਆ ਸੋਨੇ ਦੇ ਥਾਲ ਨਾਲ ।

ਗੁਰਨਾਮ ਢਿਲੋਂ ਵਿਕਸਿਤ ਹੋ ਰਹੇ ਸਮਾਜ ਦੀਆਂ ਸਮੱਸਿਆਵਾਂ ਨੂੰ ਵੀ ‘ਨੀਲਾ ਤਾਰਾ’, ‘ਅਸੀਂ’, ‘ਮੇਰੇ ਪਿੰਡ ਦੇ ਲੋਕ’, ,ਮੋਹ’ ਆਦਿ ਕਵਿਤਾਵਾਂ ਵਿਚ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਤੋਂ ਪੇਸ਼ ਕਰਨ ਦਾ ਯਤਨ ਕਰਦਾ ਹੈ । ਇਹਨਾਂ ਕਵਿਤਾਵਾਂ ਵਿਚੋਂ ਮੋਹ’ ਇਸ ਸੰਗ੍ਰਹਿ ਦੀ ਹਾਸਲ ਕਵਿਤਾ ਹੈ ਜੋ ਪਰਵਾਸ ਹੰਢਾ ਰਹੇ ਮਨੁੱਖ ਦੇ ਦਵੰਦ ਨੂੰ ਬਹੁਤ ਹੀ ਖੂਬਸੂਰਤ ਅੰਦਾਜ਼ ਵਿਚ ਪੇਸ਼ ਕਰਦੀ ਹੈ ।

ਗੁਰਨਾਮ ਢਿਲੋਂ ਦੀਆਂ ਕੁਝ ਇਕ ਕਵਿਤਾਵਾਂ ਤੇ ਗਜ਼ਲਾਂ ਦੇ ਸ਼ਿਅਰ ਨਿਪਟ ਪਰੰਪਰਕ ਪ੍ਰਗਤੀਵਾਦੀ ਮੁਹਾਵਰੇ ਵਾਲੇ ਹਨ । ਜਿਵੇਂ—

ਤੇਰੀ ਸੁਖਨਾ ਝੀਲ ਤਾਂ ਕਿਤਨੀ ਕੋਮਲ ਹੈ
ਇਸ ਵਿਚ ਭਰਿਆ ਨੀਰ ਨਹੀਂ ਹੈ
ਇਹ ਤਾਂ ਰੱਤ ਦੇ ਨਾਲ ਭਰੀ ਹੈ
ਜਾਂ
ਵਿਹੜੇ ਵਾਲੀ ਤਾਈ ਬੁੱਢੀ ਬਾਵੀ ਦੇ
ਹੋਇਆ ਪੋਚੇ ਦਾ ਰੰਗ ਲਾਲ ਲਿਖੀਂ ।

ਇਹ ਕਵਿਤਾ ਕੁਝ ਥਾਵਾਂ ਉੱਤੇ ਆਦਰਸ਼ਵਾਦੀ ਹੁੰਦੀ ਹੋਈ ਵਿਚਾਰ ਦੇ ਹੱਕ ਵਿਚ, ਵਿਚਾਰ-ਕਲਾ ਦੇ ਦਵੰਦਾਤਮਕ ਸੰਤੁਲਨ ਨੂੰ ਵੀ ਵਿਗਾੜ ਦਿੰਦੀ ਹੈ—

ਘਰ ਵਿਚ ਬੱਚੇ ਮਾਂ ਬੋਲੀ ਨੂੰ ਬੋਲਣ ਨਾ
ਵਿਰਸੇ ਦੇ ਹਾਏ, ਸੁੱਕਦੇ ਜਾਂਦੇ ਬਿਰਖ ਹਰੇ
ਤੇ
ਕੀ ਨਹੀਂ ਘੱਟ ਗਿਣਤੀ ਦੀਆਂ ਲਗਰਾਂ ਛਾਂਗਣ ਦਾ
ਦਹੁੰ-ਚਹੁੰ ਸਾਲੀਂ ਹੁੰਦਾ ਪਰਉਪਕਾਰ ਰਹੇ ।

ਹਰਵਿੰਦਰ ਭੰਡਾਲ, 116, ਮਾਡਲ ਟਾਊਨ, ਕਪੂਰਥਲਾ ।



## ਮੈਂ, ਸ਼ੈਤਾਨ ਤੇ ਇੰਦੂਮਣੀ/(ਭਗਵੰਤ ਰਸੂਲਪੁਰੀ)

ਭਗਵੰਤ ਰਸੂਲਪੁਰੀ ਚੌਥੀ ਪੀੜ੍ਹੀ ਦੇ ਪੰਜਾਬੀ ਕਹਾਣੀਕਾਰਾਂ ਦੀ ਕਤਾਰ ਵਿਚ ਇਕ ਗੌਲਣ-ਯੋਗ ਨਾਂ ਹੈ ।

ਮੈਂ, ਸ਼ੈਤਾਨ ਤੇ ਇੰਦੂਮਣੀ ਵਿਚ ਅੱਠ ਕਹਾਣੀਆ ਸ਼ਾਮਲ ਕੀਤੀਆਂ ਗਈਆਂ ਹਨ । ਇਨ੍ਹਾਂ ਕਹਾਣੀਆਂ ਦਾ ਪਾਠ, ਭਗਵੰਤ ਦੇ ਕਹਾਣੀ ਸਿਨਫ਼ ਨਾਲ ਗੰਭੀਰਤਾ ਨਾਲ ਜੁੜੇ ਹੋਣ ਦੀ ਸ਼ਾਹਦੀ ਭਰਦਾ ਹੈ । ਵਿਸ਼ਿਆਂ ਤੇ ਉਸਦੀ ਪਕੜ ਪੀਡੀ ਤੇ ਉਨ੍ਹਾਂ ਦੇ ਨਿਭਾਅ ਵਿਚ ਉਸਦੀ ਮੁਹਾਰਤ ਹੈ ਗਰੀਬ ਕਾਮਾ ਸ਼੍ਰੇਣੀ ਦੇ ਪਾਤਰਾਂ ਦਾ ਮਨੋਵਿਗਿਆਨ ਉਹ ਖੂਬਸੂਰਤੀ ਨਾਲ ਚਿਤਰਦਾ ਹੈ । ਲਿੰਗਿਕ ਸਮੱਸਿਆਵਾਂ ਨਾਲ ਜੁੜੇ ਵਿਸ਼ੇ ਤੇ ਉਨ੍ਹਾਂ ਦਰਮਿਆਨ ਵਿਚਰਦੇ ਪਾਤਰਾਂ ਦੀ ਦਵੰਦਮਈ ਸੋਚ ਨੂੰ ਉਹ ਕਮਾਲ ਦੀ ਸ਼ਿਲਪਕਾਰੀ ਨਾਲ ਪੇਸ਼ ਕਰਦਾ ਹੈ । ਬਹੁਤੀਆਂ ਕਹਾਣੀਆਂ ‘ਸੈਂ ਪਾਤਰ ਦੀ ਮਨਬਚਨੀ’ ਦੀ ਵਿਧੀ ਨਾਲ ਲਿਖੀਆਂ ਗਈਆਂ ਹਨ । ਇਹ ‘ਮੈਂ’ ਪਾਤਰ ਉਠਦਾ-ਬਹਿੰਦਾ ਤੁਰਦਾ-ਫਿਰਦਾ, ਚੇਤਨ ਅਚੇਤਨ ਅਵਸਥਾ ਵਿਚ ਕਹਾਣੀ ਨੂੰ ਉਸਾਰੀ ਜਾਂਦਾ ਹੈ । ਸਾਹਮਣੇ ਦਿਸਦੇ ਦ੍ਰਿਸ਼ ਤੇ ਘਟਦੀਆਂ ਘਟਨਾਵਾਂ ਅਤੀਤ ਨਾਲ ਜੁੜਦੀਆਂ, ਕਹਾਣੀ ਨੂੰ ਉਣਦੀਆਂ ਇਕਸਾਰ ਚਲਦੀਆਂ ਹਨ । ਕਹਾਣੀ ਬਹੁਤ ਸਾਰੇ ਵੇਰਵੇ, ਪ੍ਰਸੰਗਾਂ, ਪਸਾਰਾਂ ਨੂੰ ਸਮੇਟਦੀ ਸਹਿਜ ਨਾਲ ਕੰਢੇ ਜਾ ਲਗਦੀ ਹੈ । ਨਿੱਕੀ ਜਿਹੀ ਗੱਲ ਨੂੰ ਉਹ ਨਿੱਕੀਆਂ ਨਿੱਕੀਆਂ ਛੋਹਾਂ ਦੇ ਕੇ ਪ੍ਰਭਾਵਸ਼ਾਲੀ ਬਣਾ ਦਿੰਦਾ ਹੈ ।

ਕਹਾਣੀਆਂ ਕਸੂਰਵਾਰ, ਕੀੜਾ, ਸ਼ੈਤਾਨ ਤੇ ਜਨੇਊ ਸਿੱਧੇ ਅਸਿੱਧੇ ਢੰਗ ਨਾਲ ਲਿੰਗਕ ਸਮੱਸਿਆਵਾ ਨਾਲ ਜੁੜੀਆਂ ਹਨ । ਪਾਤਰ ਡੋਲਦੀ ਮਾਨਸਿਕਤਾ ਦੇ ਸ਼ਿਕਾਰ ਹਨ ਤੇ ਉਹਨਾਂ ਦੀ ਸੋਚ ਕਿਸੇ ਨਿਸ਼ਚਿਤ ਕੰਢੇ ਨਹੀਂ ਲਗਦੀ । ਕਸੂਰਵਾਰ ਦੀ ‘ਮੈਂ’ ਪਾਤਰ ਅਮਰੋ ਆਪਣੀਆਂ ਪਰਿ-ਵਾਰਕ ਆਰਥਕ ਸਮੱਸਿਆਵਾਂ ਦੇ ਸਮਾਧਾਨ ਲਈ ਦਿੱਤੂ ਢਿੱਡਲ ਨਾਲ ਸੰਬੰਧ ਜੋੜਦੀ ਹੈ । ਪਰ ਬਾਦ ਵਿਚ ਘਟਦੀਆਂ ਘਟਨਾਵਾਂ ਕਾਰਨ ਉਸਦਾ ਜੀਵਨ ਇਸ ਕਦਰ ਦੱਭਰ ਬਣ ਜਾਂਦਾ ਹੈ ਕਿ ਉਸਨੂੰ ਆਪਣੇ ਆਪ ਤੋਂ ਗਿਲਾਨੀ ਆਉਣ ਲਗਦੀ ਏ । ‘ਪਤਾ ਨਹੀਂ ਇਹ ਪੇਟ ਦਾ, ਪੈਸੇ ਦਾ ਜਾਂ ਕੋਈ ਰੂਹ ਦਾ ਰੋਗ ਏ ਜੋ ਮੈਨੂੰ ਚਿੰਬੜਿਆ ਹੋਇਆ ਏ, ਜਾਂ ਮੇਰੀ ਆਦਤ, ਜੋ ਮੈਥੋਂ ਤੋਏ ਤੋਏ ਕਰਾਉਣ ਵਾਲੇ ਕੰਮ ਕਰਵਾਉਂਦੀ ਗਈ । ਉਹ ਹੁੱਕਾ ਪੀਂਦੀ ਹੋਈ ਮਨ ਬਚਨੀ ਕਰਦੀ ਹੈ : ਹੋਰ ਮਾੜੀਆਂ ਆਦਤਾਂ ਵਾਂਗ ਇਹ ਆਦਤ ਵੀ ਮੇਰੇ ਹੱਡਾਂ ਨੂੰ ਚੰਬੜੀ ਹੋਈ ਹੈ ।’

ਕਹਾਣੀ ਉਤਸੁਕਤਾ ਭਰੇ ਮਹੌਲ ਵਿਚ ਸ਼ੁਰੂ ਹੁੰਦੀ ਹੈ । ਪਿੰਡ ਵਿਚ ਰੱਜੋ ਦਾ ਕਤਲ ਹੋ ਗਿਐ । ਇਹ ਕਤਲ ਉਹਦੇ ਨਜ਼ਾਇਜ਼ ਲਿੰਗਕ ਸੰਬੰਧਾਂ ਤੋਂ ਤੰਗ ਆ ਕੇ ਉਹਦੇ ਘਰ-ਦਿਆਂ ਵਲੋਂ ਕੀਤਾ ਗਿਐ । ਰੱਜੋ ਵੀ ਦਿੱਤੂ ਦੀ ਡੇਅਰੀ ਵਿਚ ਕੰਮ ਕਰਦੀ ਸੀ ਤੇ ਇਸਨੂੰ ਉਥੇ ਕੰਮ ’ਤੇ ਲਵਾ-ਉਣ ਵਾਲੀ ਕਹਾਣੀ ਦੀ ‘ਮੈਂ’ ਪਾਤਰ ਹੀ ਸੀ । ਰੱਜੋ ਦੀ ਮੌਤ ਉਸਦੇ ਮਾਨਸਿਕ ਵਿਸ਼ਾਦ ਦਾ ਕ਼ਾਰਨ ਹੈ । ਇਧਰ ਘਰ ਵਿਚ ਪਾਲਤੂ ਕੁੱਤੀ ਰੋਮੀ ਦਾ ਦੁਖਾਂਤ (ਵਰਤਮਾਨ ਵਿਚ) ਤੇ ‘ਮੈਂ’ ਪਾਤਰ ਦੀ ਧੀ ਰਾਣੀ ਦਾ ਲਿੰਗਕ ਸ਼ੋਸ਼ਣ (ਪਿਛੋਕੜ ਵਿਚ) ਨਾਲੋ ਨਾਲ ਪੇਸ਼ ਹਨ । ਉਹ (ਮੈਂ ਪਾਤਰ) ਤਰਲੋਮੱਛੀ ਹੋ ਰਹੀ ਰੋਮੀ (ਕੁੱਤੀ) ਦੀ ਸੰਗਲੀ ਖੋਲ੍ਹ ਦਿੰਦੀ ਹੈ ਜੋ ਬਾਹਰ ਜਾ ਕੇ ਚੁਬਾਰੇ ਵਾਲਿਆਂ ਦੇ ਕੁੱਤੇ ਨਾਲ ਸੰਭੋਗ ਕਰਨ ਜਾ ਲੱਗਦੀ ਹੈ । ਇਹ ਉਸਨੂੰ ਉਸੇ ਤਰ੍ਹਾਂ ਦਾ ਕਰਮ ਲੱਗਦਾ ਹੈ ਜਿਵੇਂ ਬਾਬੇ ਕਾਸ਼ੀ ਨੇ ਰਾਣੀ ਨਾਲ ਕੀਤਾ ਸੀ । ਉਦੋਂ ਉਸਦਾ ਜੀ ਕੀਤਾ ਸੀ, ਬਾਬੇ ਕਾਸ਼ੀ ਦੇ ਸਿਰ ’ਚ ਇੱਟ ਮਾਰ ਦਏ, ਪਰ ਹੁਣ ਉਹ ਸੋਚਦੀ ਹੈ, ਕਿਤੇ ਵਹੁਟੀ ਨਾ ਰੋਮੀ ਨੂੰ ਇਸ ਹਾਲਤ

ਵਿਚ ਵੇਖ ਲਏ । ਸੰਭੋਗ ਪਿੱਛੋਂ ਘਰ ਆਈ ਰੋਮੀ ਨੂੰ ਨਾਜਰ ਦਾਤ ਨਾਲ ਵੱਢ ਸੁਟਦਾ ਹੈ। ਉਸਨੂੰ ਇਸ ਮੌਤ ਵਿਚ ਆਪਣੀ ਮੌਤ ਜ਼ਾਪਦੀ ਹੈ। ਰੱਜੋ ਦਾ ਵੱਢਿਆ ਸਿਰ ਵੀ ਉਸਨੂੰ ਆਪਣਾ ਹੀ ਲਗਦਾ ਹੈ। ਇਸ ਸਭ ਕਾਸੇ ਦੇ ਵਿਚਕਾਰ ਉਸਦੀ ਮਾਨਸਿਕਤਾ ਡਾਵਾਂਡੋਲ, ਹੈ ਤੇ ਉਹ ਸਾਹ-ਸਤਹੀਣ ਹੋ ਰਹੀ ਹੈ।

'ਕੀੜਾ' ਕਹਾਣੀ ਵਿਚ ਸੈਕਸ ਦਾ ਦਬਾਅ ਗੰਭੀਰ ਮਨੋਵਿਕਾਰ ਬਣ ਕੇ ਉਭਰਦਾ ਹੈ। ਰੋਜ਼ੀ ਰੋਟੀ ਦੀ ਭਾਲ ਵਿਚ ਵਿਦੇਸ਼ ਗਿਆ ਰੋਸ਼ਨ ਇਸ ਵਿਕਾਰ ਦਾ ਸ਼ਿਕਾਰ ਬਣ ਕੇ ਘਰ ਪਰਤਦਾ ਹੈ। ਵਿਦੇਸ਼ ਵਿਚ ਉਹ ਔਰਤ ਦਾ ਉਦਰੇਵਾਂ ਦੂਰ ਕਰਨ ਲਈ ਬਲਿਊ ਫਿਲਮਾਂ ਵੇਖਦਾ ਹੈ, ਜਿਸ ਕਾਰਨ ਉਹਦੇ ਅੰਦਰ ਇਕ ਗੰਢ ਇਹੀ ਬੱਝ ਜਾਂਦੀ ਹੈ। 'ਉਸਨੂੰ ਲਗਦਾ ਜਿਵੇਂ ਨਾੜਾਂ 'ਚ ਲਹੂ ਨਹੀਂ ਕਿਸੇ ਔਰਤ ਦਾ ਸਰੀਰ ਰੀਂਘ ਰਿਹਾ ਹੋਵੇ।' ਤੇ ਫ਼ਿਰ ਉਹ ਮਾਨਸਿਕ ਤੌਰ ਤੇ ਬਹੁਤਾ ਹੀ ਹਿੱਲ ਗਿਆ। ਪਤਨੀ ਨੂੰ ਪਿਆਰ ਕਰਠ ਵੇਲੇ ਹਾਬੜਿਆਂ ਵਾਂਗ ਪੈਂਦਾ, ਪਿੰਡੇ, ਮੂੰਹ, ਗੱਲ੍ਹਾਂ ਤੇ ਦੰਦਾਂ ਨਹੁੰਆਂ ਦੇ ਨਿਸ਼ਾਨ ਪਾ ਦਿੰਦਾ। ਦੁਖੀ ਹੋ ਕੇ ਪਤਨੀ ਸੱਸ ਸਹੁਰੇ ਲਾਗੇ ਮੰਜੀ ਡਾਹੁਣ ਲੱਗਦੀ ਹੈ ਤਾਂ ਉਹ ਘਰ ਵਿਚ ਊਧਮ ਮਚਾ ਦਿੰਦਾ ਹੈ। ਧਤਨੀ ਪੇਕੇ ਚਲੀ ਜਾਂਦੀ ਹੈ ਤੇ ਉਸਦਾ ਰੋਗ ਪਾਗਲਪਨ ਦੀ ਹੱਦ ਤੇ ਅੱਪੜ ਜਾਂਦਾ ਹੈ। ਉਸਦੇ ਦਿਮਾਗ ਵਿਚ ਫ਼ਸਿਆ ਸੈਕਸ ਦਾ ਕੀੜਾ ਖੌਰੂ ਪਾਉਂਦਾ ਹੈ। ਉਸਦੇ ਰੋਗ ਨੂੰ ਸਹੀ ਦ੍ਰਿਸ਼ਟੀਕੋਣ ਤੋਂ ਸ਼ਮਝਣ ਵਾਲਾ ਕੋਈ ਪਾਤਰ ਨਹੀਂ ਹੈ। ਉਸ ਨਾਲ ਹਮਦਰਦੀ ਪਿਆਰ ਨਾਲ ਪੇਸ਼ ਆਉਣ ਵਾਲਾ ਕੋਈ ਨਹੀਂ : ਅੰਤ ਤੱਕ ਉਹ ਏਸੇ ਦੁਖਦ ਅਵਸਥਾ ਵਿਚ ਘੁੰਮਣਘੇਰੀਆਂ ਖਾਈ ਜਾਂਦਾ ਹੈ।

ਬਚਪਨ ਵਿਚ ਪਰਿਵਾਰ ਦੇ ਵੱਡੇ ਜੀਆਂ ਵਲੋਂ ਮਿਲਿਆ ਤ੍ਰਿਸਕਾਰ ਭਰਿਆ ਵਿਹਾਰ ਆਦਮੀ ਨੂੰ ਕਿਸ ਤਰ੍ਹਾਂ ਪ੍ਰਤੀਕ੍ਰਿਆਵਾਦੀ ਬਣਾ ਦਿੰਦਾ ਹੈ, ਇਹ ਕਹਾਣੀ 'ਸ਼ੈਤਾਨ' ਦੇ ਪਾਤਰ ਹਰਦੇਵ ਰਾਹੀਂ ਪੇਸ਼ ਹੈ। 'ਮੈਂ' ਪਾਤਰ ਹਰਦੇਵ ਦੀ ਪਤਨੀ ਨਾਲ ਨੇੜਤਾ ਨੂੰ ਲੋਚਦਾ ਹੈ। ਕਾਂਤਾ ਮੈਂ ਪਾਤਰ ਦੇ ਕਰੀਬ ਇਸ ਕਾਰਨ ਜਾਂਦੀ ਹੈ ਕਿਉਂਕਿ ਹਰਦੇਵ ਉਸ ਵੱਲ ਲੋੜੀਂਦੀ ਤਵੱਜੋ ਨਹੀਂ ਦੇ ਰਿਹਾ। ਹਰਦੇਵ ਚੰਗੀ ਭਲੀ ਪੁਲਿਸ ਦੀ ਨੌਕਰੀ ਛੱਡਣ ਦੀ ਸੋਚੀ ਬੈਠਾ ਹੈ। ਘਰ ਵਿਚ ਫੁੱਟ-ਬਾਲ ਸੀਂਦਾ ਹੈ, ਗੁੰਮ ਸੁੰਮ ਰਹਿੰਦਾ ਹੈ। ਕਿਸੇ ਦੀ ਸਲਾਹ ਉਸ ਉਪਰ ਅਸਰ ਨਹੀ ਕਰਦੀ। ਕਾਂਤਾ ਨੂੰ ਆਪਣ ਸ਼ਾਰਟਹੈਂਡ ਦੇ ਕੋਰਸ ਵੇਲੇ ਦਾ ਹੈਂਡੀਕੈਪਡ ਹਮਜਮਾਤੀ ਮੁਕੰਮਲ ਮਰਦ ਦਿਸਦਾ ਹੈ ਜਦਕਿ ਚੰਗਾ ਭਲਾ ਹੁੰਦਿਆਂ ਹਰਦੇਵ ਉਸਨੂੰ ਹੈਂਡੀਕੈਪਡ ਜਾਪਦਾ ਹੈ।

'ਜਨੇਊ' ਵਿਚਲੀ 'ਮੈਂ' ਪਾਤਰ ਘਰ ਦੀ ਨੂੰਹ ਹੈ। ਉਸਨੂੰ ਭਾਰ ਪੈਣ ਦੀ ਬਿਮਾਰੀ ਹੈ, ਜਿਸ ਕਾਰਨ ਉਹ ਕਰਾਹੁੰਦੀ, ਤੜਪਦੀ ਹੈ। ਪਰਿਵਾਰ ਦੇ ਬਾਕੀ ਮੈਂਬਰ, ਉਹਦੀ ਲੋੜੀਂਦੀ ਖਬਰਸਾਰ ਨਹੀਂ ਰਖ ਰਹੇ। ਦੂਜੇ ਪਾਸੇ ਸੂਣ ਵਾਲੀ ਇਕ ਮੱਝ ਹੈ, ਜੋ ਲੱਗਪੱਗ ਰਲਦੀ ਮਿਲਦੀ ਬੀਮਾਰੀ 'ਪਿੱਛਾ ਮਾਰਨ' ਤੋਂ ਪੀੜਤ ਹੈ। ਘਰ ਵਾਲੇ ਉਸ ਪ੍ਰਤੀ ਬਹੁਤ ਚਿੰਤਤ ਹਨ। ਉਹਦੀ ਖੁਰਾਕ ਦਾ ਉਚੇਚਾ ਧਿਆਨ ਰੱਖਿਆ ਜਾ ਰਿਹੈ ਤੇ ਪਿੱਛਾ ਵੱਜਣੋਂ ਰੋਕਣ ਲਈ ਰੱਸੀਆਂ ਦਾ ਜਨੇਊ ਵੀ ਪਾਇਆ ਗਿਆ ਹੈ। ਮੈਂ ਪਾਤਰ ਦੀ ਮੱਝ ਨਾਲ ਨਫਰਤ ਪੈਦਾ ਹੁੰਦੀ ਹੈ। ਉਹ ਮੌਕਾ ਪਾ ਕੇ ਮੱਝ ਦੇ ਸਿਰ 'ਤੇ ਫਹੁੜੇ ਮਾਰਦੀ ਤੇ ਦਾਤਰੀ ਨਾਲ ਜਨੇਊ ਕੱਟ ਕੇ ਆਪਣੇ ਅੰਦਰਲਾ ਉਬਾਲ ਸ਼ਾਂਤ ਕਰਦੀ ਹੈ।



'ਪਿੰਜਰ' ਅਤੇ 'ਕਾਫ਼ਰ' ਮਿਲਦੇ ਜੁਲਦੇ ਵਿਸ਼ਿਆਂ ਨੂੰ ਨਿਭਾਉਂਦੀਆਂ ਕਹਾਣੀਆਂ ਹਨ। ਪਿੰਜਰ ਦਾਂ 'ਮੈਂ' ਪਾਤਰ ਤੇ ਉਸਦੀ ਮਾਂ (ਮੈਂ ਪਾਤਰ ਦੇ ਪਿਓ ਦੀ ਮੌਤ ਪਿੱਛੋਂ) ਗਰੀਬੀ ਵਿਚ ਗੁਜ਼ਰ-ਬਸਰ ਕਰਦੇ ਹਨ। ਉਹਨਾਂ ਦੀ ਮਜ਼ਬੂਰੀ ਅਤੇ ਬੇਵੱਸੀ ਦਾ ਫਾਇਦਾ ਉਹਨਾਂ ਦੇ ਸਕੇ ਨੇੜਲੇ ਸੰਬੰਧੀ ਮੈਂ ਪਾਤਰ ਤੋਂ ਹੱਦੋਂ ਵੱਧ ਕੰਮ ਲੈ ਕੇ, ਉਸਨੂੰ ਨਸ਼ਿਆਂ ਜਿਹੀ ਭੈੜੀ ਲੱਤ ਲਾ ਕੇ, ਉਨ੍ਹਾਂ ਦੇ ਹਿੱਸੇ ਦੀ ਜ਼ਮੀਨ ਹੜੱਪ ਕੇ ਉਠਾਉਂਦੇ ਹਨ। 'ਕਾਫ਼ਰ' ਦੇ ਸ਼ੇਰ ਸਿੰਘ ਨੂੰ ਚੁਸਤੀ ਤੇ ਚਲਾਕੀ ਨਾਲ ਕਈ ਦਾਅ ਪੇਚ ਵਰਤ ਕੇ ਘਰ ਦੀ ਜਾਇਦਾਦ ਤੋਂ, ਉਸਦਾ ਆਪਣਾ ਹੀ ਨਿੱਕਾ ਭਰਾ ਬੇਦਖ਼ਲ ਕਰ ਦਿੰਦਾ ਹੈ। ਪਹਿਲਾਂ ਸ਼ੇਰ ਸਿੰਘ ਮਜ਼ਦੂਰ ਬਣ ਕੇ ਆਪਣੇ ਹੀ ਕਾਰਖਾਨੇ ਵਿਚ ਕੰਮ ਕਰਦਾ ਰਿਹਾ ਫਿਰ ਹੋਰ ਕਾਰਖਾਨਿਆਂ ਵਿਚ ਦਿਹਾੜੀਆਂ ਕਰਨ ਜਾਂਦਾ ਰਿਹਾ। ਗੁੱਸਾ, ਰੰਜ ਤੇ ਅਪਮਾਨ ਉਸਦੀ ਮਾਨਸਿਕਤਾ ਨੂੰ ਡਾਵਾਂਡੋਲ ਕਰ ਦਿੰਦੇ ਹਨ। ਅਰਧ ਚੇਤਨ ਅਵਸਥਾ ਵਿਚ ਉਹ ਬਕੜਵਾਹ ਕਰਦਾ, ਆਪਣੇ ਭਰਾ ਨੂੰ ਬੁਰਾ ਭਲਾ ਕਹਿੰਦਾ ਆਪਣੀ ਪਤਨੀ ਨੂੰ ਬੇਵਜਾਹ ਧੌਲ-ਧੱਫਾ ਕਰਨ ਤੱਕ ਜਾਂਦਾ ਹੈ। ਦੂਜਿਆਂ ਦੇ ਹੱਕ ਖੋਹਣ ਵਾਲੇ ਉਸਨੂੰ ਕਾਫ਼ਰ ਲਗਦੇ ਨੇ।

'ਵਿੱਥਾਂ ਦੇ ਆਰ ਪਾਰ' ਖੇਤ ਮਜ਼ਦੂਰਾਂ ਦੇ ਜੀਵਨ ਨੂੰ ਪੇਸ਼ ਕਰਦੀ ਇਕ ਮਾਰਸਿਕ ਕਹਾਣੀ ਹੈ। ਉਹਨਾਂ ਦੇ ਕੰਮਕਾਜ ਦੇ ਢੰਗਾਂ, ਘਰੇਲੂ ਹਾਲਾਤਾਂ, ਵਿਹਾਰਾਂ ਤੇ ਸੰਬੰਧਾਂ ਨੂੰ ਸੂਖਮਤਾ ਤੇ ਸਹਿ-ਜਤਾ ਨਾਲ ਚਿਤਰਿਆ ਗਿਆ ਹੈ। ਕਣਕ ਵੱਢਣ ਵੇਲੇ ਦਾ ਦ੍ਰਿਸ਼ ਬੜਾ ਸਜੀਵ ਹੈ। ਦੋ-ਤਿੰਨ ਪਰਿਵਾਰ ਰਲ ਮਿਲ ਕੇ ਵਾਢੀ ਕਰਦੇ ਨਜ਼ਰੀਂ ਪੈਂਦੇ ਹਨ। ਉਹ ਕਣਕ ਵੱਢਦੇ, ਨਿੱਕੀਆਂ ਨਿੱਕੀਆਂ ਗੱਲਾਂ ਕਰਦੇ, ਰਲ ਕੇ ਰੋਟੀ ਖਾਂਦੇ, ਨਿੱਕੀਆਂ ਨਿੱਕੀਆਂ ਖਰਮਸਤੀਆਂ, ਨਿੱਕੇ ਨਿੱਕੇ ਮੁਕਾਬਲੇ ਕਰਦੇ ਬੜੇ ਪ੍ਰਭਾਵਤ ਕਰਦੇ ਹਨ। ਭਰੀਆਂ ਬੰਨਣਾ ਆਪਣੇ ਹਿੱਸੇ ਦੀਆਂ ਵੱਡੀਆਂ ਭਰੀਆਂ ਵੱਖ ਰਖਣਾ, ਗਿਣਤੀ ਵਿਚ ਹੇਰਾ ਫ਼ੇਰੀ ਕਰਨਾ ਤੇ ਹਨ੍ਹੇਰੇ ਦੀ ਆੜ ਵਿਚ ਵੱਧ ਭਰੀਆਂ ਢੋਹ ਲੈਣ ਵਰਗਾ ਫਰੇਬ ਬੜੀ ਸੁਭਾਵਕਤਾ ਸਹਿਤ ਪੇਸ਼ ਹੈ। ਜ਼ਿਮੀਦਾਰ ਜਮਾਤ ਆਪਣਾ ਪੱਖ ਦਰੁਸਤ ਪੇਸ਼ ਕਰਦੀ ਹੈ। ਉਹ ਮਜ਼ਦੂਰਾਂ ਦੀਆਂ ਚਲਾਕੀਆਂ ਨੂੰ ਭਾਪਦੀ ਹੈ।

ਸੱਤ ਭਾਗਾਂ ਵਿਚ ਵੰਡੀ ਹੋਈ ਇਹ ਬਹੁ-ਪਸਾਰੀ ਕਹਾਣੀ ਨਾਵਲੀ ਸੰਸਾਰ ਸਿਰਜਦੀ ਹੈ। ਇਸਦੇ ਹੋਰ ਵੇਰਵਿਆਂ ਦੇ ਦਰਮਿਆਨ ਇਕ ਨਿੱਕੀ ਜਿਹੀ ਪ੍ਰੇਮ-ਕਹਾਣੀ ਫੈਲੀ ਹੋਈ ਹੈ। ਮੀਕਾ ਸ਼ਹਿਰ ਇਕ ਰਿਸ਼ਤੇਦਾਰ ਕੋਲ ਪੜ੍ਹਦਾ ਹੈ ਤੇ ਹੁਣ ਦਸਵੀਂ ਦੇ ਪੇਪਰ ਦੇਣ ਉਪਰੰਤ (ਵਾਢੀਆਂ ਦੇ ਦਿਨੀਂ) ਪਿੰਡ ਆਇਆ ਹੋਇਆ ਹੈ। ਉਹ ਸ਼ੌਕ ਵਿਚ ਹੀ ਵਾਢੀ ਬੈਠਦਾ ਹੈ। ਏਥੇ ਹੀ ਉਸਦੀ ਭੈਣ ਸ਼ਿੰਦੀ ਦੀ ਸਹੇਲੀ ਸ਼ੀਰੋ ਨਾਲ ਉਸਦੇ ਪ੍ਰੇਮ-ਸੰਬੰਧਾਂ ਦਾ ਮੁੱਢ ਬੱਝਦਾ ਹੈ। ਇਹਨਾਂ ਸੰਬੰਧਾਂ ਦਾ ਸੰਖੇਪ ਜਿਹਾ ਤਾਣਾ ਬਾਣਾ ਅੰਤ ਵਿਚ ਦੁਖਾਂਤਕ ਮੋੜ ਤੇ ਆ ਜਾਂਦਾ ਹੈ, ਜਦੋਂ ਅਚਾਨਕ ਮੀਕਾ ਵਾਪਸ ਚਲੇ ਜਾਂਦਾ ਹੈ, ਸ਼ੀਰੋ ਦੀਆਂ ਰੀਝਾਂ ਟੁੱਟ-ਭੱਜ ਜਾਂਦੀਆ ਨੇ ਤੇ ਉਸਨੂੰ ਸਾਰਾ ਕੁਝ ਹਨੇਰਾ ਜਾਪਣ ਲੱਗ ਪੈਂਦਾ ਹੈ।

ਕਹਾਣੀ ਵਿਚ ਪਾਤਰਾਂ ਤੇ ਘਟਨਾਵਾਂ ਦੀ ਬਹੁਲਤਾ ਹੈ, ਨਿੱਕੇ ਨਿੱਕੇ ਬੇਸ਼ੁਮਾਰ ਪਾਸਾਰ ਹਨ। ਇਸਦੀ ਬੁਣਤਰ ਜਟਿਲ ਹੈ। ਕਿਤੇ ਕਿਤੇ ਲਟਕਾਅ ਨਜ਼ਰ ਆਉਂਦਾ ਹੈ।

ਸੰਗ੍ਰਹਿ ਦੀ ਅੰਤਲੀ ਕਹਾਣੀ 'ਇੰਦੂਮਣੀ' ਅਪੂਰਨ ਪਿਆਰ ਦੀ ਕਥਾ ਹੈ। ਕਾਲਜ ਪੜ੍ਹ-ਦਿਆ ਇੰਦੂ ਆਪਣੇ ਹਮਜਮਾਤੀ ਅਮਰਜੀਤ ਦੇ ਪਿਆਰ ਸੰਪਰਕ ਵਿਚ ਆਈ। ਉਸਨੇ ਕਈ ਭਵਿੱਖੀ ਸੁਪਨੇ ਉਲੀਕੇ। ਪਰ ਘਰ ਵਿਚ ਵਿਆਹ ਦੀ ਗੱਲ ਚਲਣ ਤੇ ਉਹ ਅਮਰਜੀਤ ਨਾਲ

ਆਪਣੇ ਪਿਆਰ ਦਾ ਜ਼ਿਕਰ ਨਹੀਂ ਕਰਦੀ ਤੇ ਆਪਣੇ ਮਾਂ-ਪਿਓ ਦੀ ਚੋਣ ਨੂੰ ਪ੍ਰਵਾਨ ਕਰ ਲੈਂਦੀ ਹੈ। ਵਿਆਹ ਤੋਂ ਬਾਦ ਪਤੀ ਨਾਲ ਅਡਜਸਟ ਨਹੀਂ ਕਰ ਪਾਉਂਦੀ ਤੇ ਅੰਤ ਤਲਾਕ ਲੈ ਕੇ ਪੇਕੇ ਆ ਵਸਦੀ ਹੈ। ਹੁਣ ਉਹ ਆਪਣੀ ਬੱਚੀ ਸਮੇਤ ਆਪਣੇ ਮਾਂ-ਬਾਪ ਦੇ ਕੋਲ ਹੈ। ਇਕ ਆਰਟੀ-ਕਲ ਤੋਂ ਪਤਾ ਲੱਗਦਾ ਹੈ ਕਿ ਅਮਰਜੀਤ ਹਾਲੇ ਤੱਕ ਕੁਆਰਾ ਹੈ। ਪਰ ਜਦ ਉਹ ਜਾਂਦੀ ਹੈ ਤਾਂ ਉਹ ਆਪਣੀ ਪਤਨੀ ਤੇ ਬੱਚਿਆਂ ਸਮੇਤ ਮਿਲਦਾ ਹੈ। ਉਸਦਾ ਯਕੀਨ ਸੀ...ਜੇ ਮੇਰਾ ਚੰਨ ਅਮਰ ਮੈਨੂੰ ਹੁਣ ਵੀ ਆਪਣੇ ਪਿਆਰ ਦੀ ਚਾਨਣੀ ਵਿਚ ਰੱਖ ਲਵੇ ਤਾਂ ਮੇਰੇ ਵਿਚੋਂ ਉਹ ਅੰਮ੍ਰਿਤ ਟਪਕ ਆਉਣਾ ਸੀ...। ਘਰ ਆ ਕੇ ਮਾਂ ਦੇ ਗਲੇ ਲੱਗ ਕੇ ਭੁਬੀਂ ਰੋਂਦੀ ਹੈ...'ਮਾਂ, ਹੁਣ ਮੈਂ ਇੰਦੂ-ਮਣੀ ਨਹੀਂ ਬਣ ਸਕਦੀ...।' ਪਿਆਰ ਦੇ ਜੁੜਦੇ-ਟੁੱਟਦੇ ਜਜ਼ਬਿਆਂ ਨੂੰ ਬੜੀਆਂ ਕਲਾਮਈ ਛੋਹਾਂ ਦੇ ਕੇ ਚਿਤਰਿਤ ਕੀਤਾ ਗਿਆ ਹੈ।

ਬੇਸ਼ੱਕ ਕਿਤੇ ਕਿਤੇ ਪਰੂਫ਼ ਦੀਆਂ ਗਲਤੀਆਂ ਨਜ਼ਰ ਪੈਂਦੀਆ ਹਨ। ਇਕ ਦੋ ਥਾਂ ਗ਼ਲਤ ਸ਼ਬਦਾਂ ਦਾ ਪ੍ਰਯੋਗ ਹੋ ਗਿਐ (ਜਿਵੇਂ ਦਹਿਲੀਜ਼ ਲਈ ਸਰਦਲ ਤੇ ਗਲ ਝੱਗਾ ਪਾਉਣ ਨੂੰ ਤੇੜ ਝੱਗਾ ਪਾਉਣਾ ਲਿਖਿਆ ਗਿਐ) ਪਰ ਇਹ ਕਹਾਣੀਆਂ ਦੇ ਸਮੁੱਚੇ ਪ੍ਰਭਾਵ ਅੱਗੇ ਬਹੁਤ ਨਿਗੂਣੇ ਮਸਲੇ ਹਨ। ਭਗਵੰਤ ਤੋਂ ਪੰਜਾਬੀ ਕਹਾਣੀ ਨੂੰ ਚੰਗੀਆਂ ਆਸਾਂ ਤਾਂ ਹੈਨ ਹੀ।

## ਧਰਮ ਕੰਮੇਆਣਾ ਦੀ ਸ਼ਾਇਰੀ

(ਇਕ ਸੰਖੇਪ ਟਿੱਪਣੀ)

ਧਰਮ ਕੰਮੇਆਣਾ ਸਾਡੀ ਨੌਜਵਾਨ ਪੀੜੀ ਦਾ ਹੋਣਹਾਰ ਕਵੀ ਹੈ ਜਿਸ ਦੀ ਵਡਿਆਈ ਵਧੇਰੇ ਕਰਕੇ ਨਰੋਏ ਗੀਤ ਲਿਖਣ ਕਾਰਨ ਹੈ। ਇਹੀ ਕਾਰਨ ਹੈ ਕਿ ਉਹ ਆਪਣੀ ਬਾਕੀ ਸ਼ਾਇਰੀ ਵਿਚ ਵੀ, ਅਣ-ਕਾਵਿਕ ਨਹੀਂ ਹੁੰਦਾ। ਉਸ ਦੀਆਂ ਵਾਰੋ ਵਾਰੀ ਦੋ ਪੁਸਤਕਾਂ ਛਪ ਕੇ ਆਈਆਂ ਹਨ। 'ਅੱਗ ਦੇ ਫੁਲ' (1996) ਤੇ 'ਨਵੀਆਂ ਪੈੜਾਂ' (1997)। ਉਸ ਦੀ ਸ਼ਾਇਰੀ ਦਾ ਵੀ ਤੇਜ਼ੀ ਨਾਲ ਸ਼ਹਿਰੀਕਰਨ ਹੋ ਰਿਹਾ ਹੈ। ਇੰਝ ਲਗਦਾ ਹੈ, ਜਿਵੇਂ ਕੰਮੇਆਣਾ ਬਹੁਤ ਕਾਹਲੀ ਵਿਚ ਹੋਵੇ। ਸ਼ਾਇਰੀ, ਖਾਸ ਕਰਕੇ ਚੰਗੀ ਸ਼ਾਇਰੀ ਸਾਧਨਾ, ਤਪੱਸਿਆ ਤੇ ਰਿਆਜ਼ ਮੰਗਦੀ ਹੈ, ਕਾਹਲੀ ਨਹੀਂ। ਉਹ ਨਿੱਕੇ ਨਿੱਕੇ ਅਨੁਭਵਾਂ, ਭਾਵਾਂ, ਹਾਦਸਿਆਂ ਤੇ ਘਟਨਾਵਾਂ ਨੂੰ ਪਕੜਨ ਦੀ ਕੋਸ਼ਿਸ਼ ਕਰਦਾ ਹੈ, ਪਰ ਹਾਲੀ ਡੂੰਘਾ ਨਹੀਂ ਉਤਰਦਾ। ਉਸ਼ ਦੀ ਸ਼ਾਇਰੀ ਵਿਚ, ਸਹਿਜ ਸੁਭਾਵਕਤਾ ਤਾਂ ਹੈ, ਪਰ ਅਜੇ ਗਹਿਰਾਈ ਨਹੀਂ ਆਈ। ਉਹ ਲੋਕ-ਸਾਹਿਤ ਤੋਂ ਪ੍ਰੇਰਨਾਂ ਲੈਂਦਾ ਹੈ ਤੇ ਇਸ ਦੇ ਯਥਾਰਥ ਨੂੰ ਕਾਹਲੀ-ਕਾਹਲੀ, ਛੇਤੀ ਛੇਤੀ ਉਤਾਰਾ ਕਰਨ ਦੀ ਕੋਸ਼ਿਸ਼ ਕਰਦਾ ਹੈ, ਪਰ ਦਿਸਦੇ ਤੇ ਅਦਿਸਦੇ ਦੀ ਯਾਤਰਾ ਏਨੀ ਸਹਿਲ ਤੇ ਸਰਲ ਨਹੀਂ ਹੁੰਦੀ। ਸਮਾਜਕ ਯਥਾਰਥ ਦੀਆਂ ਲੁਕਵੀਆਂ ਪਰਤਾਂ ਨੂੰ ਫਰੋਲਣਾ ਤੇ ਚਿਤਰਨਾ; ਜ਼ਰਾ ਬਿਖੜਾ ਕਾਰਜ ਹੁੰਦਾ ਹੈ। ਕੰਮੇਆਣਾ ਵਿਚ ਕਾਵਿਕ-ਪ੍ਰਤਿਭਾ ਦੀ ਕੋਈ ਘਾਟ ਨਹੀਂ. ਪਰ ਉਹ ਸੌਖੇ ਰਾਹਾਂ ਤੇ ਤੁਰਨ ਦਾ ਆਦੀ ਹੋ ਗਿਆ ਪ੍ਰਤੀਤ ਹੁੰਦਾ ਹੈ। ਗੀਤਾਂ ਦੇ ਗਾਏ ਜਾਣ ਨਾਲ ਮਿਲੀ ਪ੍ਰਸ਼ੰਸਾ ਤੇ ਪ੍ਰਸਿੱਧਤਾ, ਉਸ ਲਈ ਆਪਣੇ ਕਾਵਿ ਸਫਰ ਵਿਚ ਸਹਾਈ ਹੋਣ ਦੀ ਥਾ ਬਾਧਕ ਬਣ ਗਈ ਪ੍ਰਤੀਤ ਹੁੰਦੀ ਹੈ। ਕਦੇ ਉਸ ਲਿਖਿਆ ਸੀ :

ਕਿਸੇ ਮਾਸੂਮ ਦੀ ਰੁਲਦੀ ਲਾਸ਼ ਤੱਕ ਕੇ
ਨਾ ਮਾਰਨਾ ਹਾਅ ਦਾ ਨਾਅਰਾ ਤੇ ਨਾ ਦੋਸ਼ੀ ਦਾ ਨਾਂ ਲੈਣਾ,
ਇਹ ਚੁੱਪ ਜ਼ੁਲਮ ਨੂੰ ਉਤਸ਼ਾਹਤ ਕਰਨਾ ਹੈ।



ਤੇ—

ਜਦੋਂ ਦਹਿਸ਼ਤ ਦੀਆਂ ਸੂਲਾਂ ਰੂਹਾਂ 'ਚ ਚੁਭਦੀਆਂ ਨੇ
ਅਜਿਹੇ ਚੰਦਰੇ ਸਮਿਆਂ ਵਿਚ
ਬੋਲਣ ਦੀ ਲੋੜ ਹੁੰਦੀ ਹੈ
ਬਹੁਤ ਹੀ ਲੋੜ ਹੁੰਦੀ ਹੈ। (ਅੱਗ ਦੇ ਫੁਲ, ਪੰਨਾ-39)

ਪਰ ਸਮਾਜਕ ਚੇਤੰਨਤਾ ਦਾ ਇਹ ਰੰਗ ਵਕਤ ਨਾਲ ਗੂੜ੍ਹਾ ਨਹੀਂ ਹੋਇਆ। ਸਮਾਜਿਕ ਯਥਾਰਥ ਨਿਸ ਦਿਨ ਪ੍ਰੀਵਰਤਿਤ ਹੁੰਦਾ ਹੋਇਆ, ਵਧੇਰੇ ਗੁੰਝਲਦਾਰ ਤੇ ਬਹੁ-ਪਰਤਾ ਹੋ ਰਿਹਾ ਹੈ। "ਭੀੜਾ" ਤੋਂ ਵਿੱਥ ਸਿਰਜਣ ਦੀ ਲੋੜ ਨਹੀਂ, ਇਸ ਵਿੱਥ ਨੂੰ ਘਟਾਉਣ ਦੀ ਲੋੜ ਹੈ। ਪਿੰਡ ਦੇ ਦੁੱਖ ਮੁੱਕੇ ਨਹੀਂ, ਵਧ ਗਏ ਹਨ। ਇਹਨਾਂ ਨੂੰ ਜ਼ੁਬਾਨ ਕੌਣ ਬਣੇਗਾ, ਜੇ ਸੰਵੇਦਨਸ਼ੀਲ ਤੇ ਪ੍ਰਤਿਭਾਵਾਨ ਉਸ ਦੇ ਧੀਆਂ ਪੁੱਤਰ, ਇਸ ਨੂੰ ਬੇਦਾਵਾ ਦੇ ਕੇ, ਸ਼ਹਿਰੀਏ ਬਣਦੇ ਜਾਣਗੇ। ਮੇਰਾ ਯਕੀਨ ਹੈ ਕਿ ਧਰਮ ਕੰਮੇਆਣਾ ਸ਼ਹਿਰੀਆ ਕਵੀ ਬਣਕੇ ਹੀ ਸੰਤੁਸ਼ਟ ਨਹੀਂ ਹੋ ਜਾਵੇਗਾ। ਉਸ ਵਿਚ ਗੱਲ ਕਹਿਣ/ਕਰਨ ਦਾ ਸਲੀਕਾ ਹੈ, ਆ ਰਹੀਆਂ ਤਬਦੀਲੀਆਂ ਨੂੰ ਵੇਖਣ ਵਾਲੀ ਅੱਖ ਹੈ, ਪਰ ਮੇਰੀ ਸ਼ਿਕਾਇਤ ਇਹ ਹੈ ਕਿ ਉਹ ਯਥਾਰਥ ਦੀਆਂ ਡੂੰਘੀਆਂ ਪਰਤਾਂ ਨਹੀਂ ਫਰੋਲਦਾ। ਮੈਂ ਅਜੇ ਵੀ ਉਸ ਤੋਂ ਵੱਡੀਆਂ ਆਸਾਂ ਲਾਈ ਬੈਠਾ ਹਾਂ ਤੇ ਉਸ ਦੀ ਸ਼ਾਇਰੀ ਦੇ ਉਜਲੇ ਭਵਿੱਖ ਦਾ ਉਡੀਕਵਾਨ ਹਾਂ। —ਹ. ਸ. ਹ.

## ਸੋਗ ਸਮਾਚਾਰ

ਪਿਛਲੀ ਤਿਮਾਹੀ ਵਿਚ, ਪੰਜਾਬੀ ਦੇ ਮੋਢੀ ਤੇ ਪ੍ਰਮੁੱਖ ਪ੍ਰਗਤੀਵਾਦੀ ਕਵੀ, ਵਾਰਤਕ ਲੇਖਕ, ਅਨੁਵਾਦਕ ਤੇ ਸਿਦਕਵਾਨ, ਸਿਰੜੀ ਲੇਖਕ ਸ੍ਰੀ ਪਿਆਰਾ ਸਿੰਘ ਸਹਿਰਾਈ ਦਾ ਸਦੀਵੀ ਵਿਛੋੜਾ, ਸਾਡੇ ਲਈ ਬੜਾ ਹੀ ਦੁਖਦਾਈ ਸਮਾਚਾਰ ਸੀ। ਸਹਿਰਾਈ ਜੀ ਜਿਥੇ ਸੁਹਿਰਦ ਇਨਸਾਨ ਸਨ, ਉਥੇ ਉਹਨਾਂ ਆਰੰਭ ਤੋਂ ਹੀ ਆਪਣੇ ਆਪ ਨੂੰ ਚਿਰਾਗ਼ ਨਾਲ ਪੱਕੇ ਤੌਰ ਤੇ ਜੋੜ ਲਿਆ ਸੀ, ਅਸੀਂ ਉਸ ਅਜ਼ੀਮ ਇਨਸਾਨ ਤੇ ਸੁਹਿਰਦ ਲੇਖਕ ਨੂੰ ਯਾਦ ਕਰਦੇ ਹਾਂ।

ਇੰਝ ਹੀ ਕਰਮਜੀਤ ਕੁੱਸਾ ਸਾਡੀ ਨਵੀਂ ਪੀੜ੍ਹੀ ਦੇ ਹੋਣਹਾਰ ਨਾਵਲਕਾਰ ਦੀ ਅਚਾਨਕ ਮੌਤ ਤੇ ਅਸੀਂ ਸਬੰਧਤ ਪ੍ਰੀਵਾਰ ਦੇ ਦੁੱਖ ਵਿਚ ਸ਼ਾਮਿਲ ਹੁੰਦੇ ਹੋਏ, ਡਾਢਾ ਦੁੱਖ ਅਨੁਭੰਵ ਕਰਦੇ ਹਾਂ।

ਉੱਘੇ ਦੇਸ਼ਭਗਤ, ਮਾਰਕਸਵਾਦੀ ਚਿੰਤਕ, ਇਤਿਹਾਸਕਾਰ ਤੇ ਸੀ. ਪੀ. ਆਈ. (ਐਮ) ਦੇ ਸਰੇਸ਼ਟ ਆਗੂ ਤੇ ਸਿਧਾਂਤਕਾਰ ਈ., ਐਮ. ਐਸ ਨਮੂਦਰੀਪਾਦ ਦਾ ਤੁਰ ਜਾਣਾ ਪੂਰੇ ਇਕ ਯੁੱਗ ਦੇ ਬੀਤ ਜਾਣ ਵਾਂਗ ਅਨੁਭਵ ਹੋ ਰਿਹਾ ਹੈ। ਰਾਜਨੀਤੀ, ਇਤਿਹਾਸ, ਆਰਥਕਤਾ ਦੇ ਨਾਲ ਨਾਲ ਸ੍ਰੀ ਨਮੂਦਰੀਪਾਦ ਇਕ ਉੱਘੇ ਸਾਹਿਤ ਚਿੰਤਕ ਅਤੇ ਅਨੁਭਵੀ ਆਲੋਚਕ ਸਨ। ਅਦਾਰਾ ਚਿਰਾਗ਼ ਉਹਨਾਂ ਦੇ ਸਦੀਵੀ ਵਿਛੋੜੇ ਨੂੰ ਡੂੰਘੀ ਤਰ੍ਹਾਂ ਅਨੁਭਵ ਕਰਦਾ ਹੋਇਆ ਉਹਨਾਂ ਦੀ ਯਾਦ ਵਿਚ ਸਿਰ ਝੁਕਾਉਂਦਾ ਹੈ।

(ਚਿਰਾਗ਼ ਸੰਪਾਦਕੀ ਮੰਡਲ)

## ਖਿਆਲ ਆਪੋ ਆਪਣਾ

○ਮੇਰਾ ਖਿਆਲ ਹੈ ਕਿ ਕਿਸੇ ਵੀ ਚੰਗੇ ਲੇਖਕ ਦਾ ਕਿਸੇ ਦੂਜੇ ਲੇਖਕ ਦੀ ਰਚਨਾ ਬਾਰੇ ਖਿਆਲ ਜ਼ਾਹਿਰ ਕਰਣ ਦਾ ਇਕ ਸੰਤੁਲਤ ਢੰਗ ਹੁੰਦਾ ਹੈ। ਇਹ ਗੱਲ ਕਵਿਤਾ ਜਾਂ ਗ਼ਜ਼ਲ ਬਾਰੇ ਤਾਂ ਹੋਰ ਵੀ ਜ਼ਰੂਰੀ ਹੋ ਜਾਂਦੀ ਹੈ ਕਿਉਂਕਿ ਕਾਵਿ-ਰਚਨਾਵਾਂ ਦੇ ਸਰੋਦੀ ਅੰਸ਼ ਨੂੰ ਮਾਨਣ ਦਾ ਹਰ ਕਿਸੇ ਦਾ ਵੱਖਰਾ ਅਨੁਭਵ ਹੈ।

ਬਾਕੀ ਜੋ ਵਿਦਵਾਨ ਲੋਕ ਹੁੰਦੇ ਹਨ, ਉਹਨਾਂ ਨੇ ਵੀ ਕਿਸੇ ਨਾ ਕਿਸੇ ਢੰਗ ਨਾਲ ਕਿੰਤੂ-ਪਰੰਤੂ ਤਾਂ ਕਰਨੇ ਹੀ ਹੁੰਦੇ ਹਨ ਤੇ ਜੇਕਰ ਉਠਾਉਣ ਯੋਗ ਨੁਕਤੇ ਸਹੀ ਢੰਗ ਨਾਲ ਉਠਾਏ ਗਏ ਹੋਣ ਤਾਂ ਰਚਨਾਕਾਰ ਨੂੰ ਸੁਚੇਤ ਹੋਣ ਅਤੇ ਆਪਣਾ ਗਿਆਨ ਵਧਾਉਣ ਦੀ ਸੂਰਤ ਵਿਚ ਫਾਇਦਾ ਵੀ ਜ਼ਰੂਰ ਹੁੰਦਾ ਹੈ। ਪਰ ਆਲੋਚਨਾ ਦੀ ਸਾਰਥਿਕਤਾ ਉਦੋਂ ਹੀ ਸਿੱਧ ਹੁੰਦੀ ਹੈ ਜਦੋਂ ਗੱਲ ਸੰਤੁਲਤ ਢੰਗ ਨਾਲ ਕੀਤੀ ਗਈ ਹੋਵੇ ਅਤੇ ਉਹ ਤਰਕਯੁਕਤ ਵੀ ਹੋਵੇ।

**ਚਿਰਾਗ 13** ਵਿਚ ਨਦੀਮ ਪਰਮਾਰ ਹੁਰਾਂ ਦੇ ਖ਼ਤ ਤੋਂ ਬਿਨਾਂ ਬਾਕੀ ਸਾਰੇ ਹੀ ਖ਼ਤ ਸੰਤੁਲਤ ਹਨ। ਨਦੀਮ ਪਰਮਾਰ ਹੁਰੀਂ ਵੀ ਗੱਲ ਸ਼ੁਰੂ ਤਾਂ ਆਪਣੇ ਖ਼ਤ ਵਿਚ ਬੜੇ ਤਰਕਯੁਗਤ ਢੰਗ ਨਾਲ ਕਰਦੇ ਹਨ ਪਰ ਅੱਗੇ ਚਲਕੇ ਉਹ ਜਦ ਫਤਵੇ ਦੇਣੇ ਸ਼ੁਰੂ ਕਰ ਲੈਂਦੇ ਹਨ ਤਾਂ ਉਹਨਾਂ ਦਾ ਕਿਸੇ ਚੰਗੇ ਟਿੱਪਣੀਕਾਰ ਵਜੋਂ ਸੰਤੁਲਨ ਖੋ ਗਿਆ ਲੱਗਦਾ ਹੈ। ਉਹ ਰੂਪਿੰਦਰ ਮਾਨ ਨੂੰ 'ਸਿਰਫ ਹਰਮੋਨੀਅਮ ਵਜਾਉਣਾ ਆਉਂਦਾ ਹੈ'ਦਾ ਫ਼ਤਵੇ ਦਿੰਦੇ ਹਨ ਤੇ ਇਹ ਐਸ. ਤਰਸੇਮ ਦਾ ਆਚਾਰੀਆਪਣ ਪਰਖਦੇ ਹੋਏ ਮੇਰੀ ਗਜ਼ਲ ਤਕ ਪਹੁੰਚਦੇ ਹਨ। ਸਰੋਦੀ ਅੰਸ਼ਾਂ ਬਾਰੇ ਉਹਨਾਂ ਦੇ ਆਪਣੇ ਵਿਚਾਰਾਂ ਦਾ ਗਿਲਾ ਵੀ ਕੋਈ ਨਹੀਂ ਤੇ ਨਾ ਹੀ ਮੈਨੂੰ ਉਹਨਾਂ ਵਲੋਂ ਉਠਾਏ ਗਏ ਸਿਰਫ ਇਕੋ ਇਕ ਤਕਨੀਕੀ ਨੁਕਤੇ ਕਿ 'ਉਠੋ' ਸ਼ਬਦ ਨੂੰ ਠੀਕ ਨਹੀਂ ਬੰਨਿਆ ਗਿਆ, ਬਾਰੇ ਕੋਈ ਇਤਰਾਜ ਹੈ ਸਗੋਂ ਸੈਂ ਤਾਂ ਇਸ ਗੱਲ ਬਾਰੇ ਗੌਰ ਕਰਨ ਲਗਦਾ ਹਾਂ ਕਿ ਇਸ ਨੂੰ ਠੀਕ ਕਿਵੇਂ ਬੰਨ੍ਹਿਆ ਜਾਵੇ। ਨਾ ਹੀ ਮੈਨੂੰ ਉਹਨਾਂ ਵਲੋਂ ਹਰੇ ਨਖ਼ਲਿਸਤਾਨ ਬਾਰੇ ਗਿਆਨ ਦੇਣ 'ਤੇ ਕੋਈ ਇਤਰਾਜ਼ ਹੈ ਕਿਉਂਕਿ ਮੈਨੂੰ ਤਾਂ ਜਿਸ ਸੰਦਰਭ ਵਿਚ ਮੈਂ ਉਹ ਵਰਤਿਆ ਹੈ, ਆਪਣਾ ਲਾਲ ਨਖ਼ਲਿਸਤਾਨ ਦਾ ਬਿੰਬ ਹੀ ਚੰਗਾ ਲਗਦਾ ਹੈ। ਸਤਲੁਜ ਨਦੀ ਦੇ ਪਾਣੀ ਵਿਚ ਕਿਸ਼ਤੀ ਚਲਾਉਣ ਨੇ ਸੁਝਾਅ ਦਿੱਤਾ ਹੈ ਪਰ ਮੈਨੂੰ ਕਿਸੇ ਦਲਦਲ ਵਿਚੋਂ ਆਪਣੀ ਕਿਸ਼ਤੀ ਕੱਢਣ ਦੇ ਯਤਨ ਦਾ ਵੀ ਅਫਸੋਸ ਹੋ ਸਕਦਾ ਹੈ। ਇਹ ਜੇਕਰ ਮੇਰੀ ਗਜ਼ਲ ਦੇ ਸੰਦਰਭ ਨੂੰ ਨਹੀਂ ਸਮਝ ਰਹੇ, ਨਾ ਸਮਝਣ, ਮੈਨੂੰ ਕੀ ਇਤਰਾਜ਼ ਹੋ ਸਕਦਾ ਹੈ? ਪਰ ਨਦੀਮ ਪਰਮਾਰ ਸਾਹਿਬ ਖ਼ਤ ਦੀ ਆਖਰੀ ਲਾਈਨ ਵਿਚ ਮੈਨੂੰ ਜ਼ਿਆਦਾ ਹੀ ਅਸੰਤੁਲਤ ਹੋ ਗਏ ਕਿ ਲਿਖਦੇ ਹਨ, 'ਰੱਬ ਜਾਣੇ ਉਹ ਗਜ਼ਲ ਨੂੰ ਵੀ ਕਹਿੰਦੇ ਹਨ, ਅਗਜ਼ਲ ਜਾਂ ਗੱਜਲ?

ਤਾਂ ਸੋਚਿਆ, ਹੱਦ ਹੋ ਗਈ! ਹੁਣ ਜਵਾਬੀ ਖ਼ਤ ਲਿਖਣਾ ਹੀ ਪਵੇਗਾ। ਕੀ ਉਹਨਾਂ ਨੇ ਬਿਨਾ ਕੋਈ ਤਕਨੀਕੀ ਖ਼ਾਮੀ ਲੱਭਣ ਦੇ ਵੀ ਮੇਰੀ ਗਜ਼ਲ ਨੂੰ ਪਹਿਲਾਂ ਗਜ਼ਲ ਤੋਂ ਬਿਨਾ ਕੁਝ ਹੋਰ ਸਾਬਤ ਕਰ ਲਿਆ ਸੀ?

ਸ਼ਾਇਦ ਹਾਲੇ ਵੀ ਉਹਨਾਂ ਦੇ ਬਚ ਨਿਕਲਣ ਦਾ ਕੋਈ ਰਾਹ ਰਹਿ ਜਾਂਦਾ, ਜੇਕਰ ਅਖ਼ੀਰ



ਵਿਚ ਉਹਨਾਂ ਦੀ ਆਪਣੀ ਰਚਨਾ ਨਾ ਛਪੀ ਹੁੰਦੀ। ਕਿਉਂ ਜੋ ਉਸ ਦੀ ਅਣਹੋਂਦ ਵਿਚ ਉਹ ਤਗ਼ਜ਼ਲ ਦੀ ਪਰਿਭਾਸ਼ਾ ਕਿਸੇ ਆਪਣੇ ਢੰਗ ਨਾਲ ਕਰ ਸਕਦੇ ਸਨ। ਹੁਣ ਉਹ ਆਪ ਹੀ ਆਪਣੀ ਰਚਨਾ ਦੇ ਆਖਰੀ ਸ਼ਿਅਰ ਵਿਚ ਕਹਿੰਦੇ ਹਨ ਕਿ 'ਆਪਣੀ ਗਜ਼ਲ ਵਿਚ ਤਗਜ਼ਲ **ਦੁਰਲਭ**। ਤਾਂ ਤਗਜ਼ਲ ਦਾ ਕੋਈ ਰੰਗ ਦਿਖਾ ਹੀ ਦਿੰਦੇ ਹਨ। ਆਪਣੇ ਕਿਸੇ-ਅੱਧ ਸ਼ੇਅਰ ਵਿਚ ਉਹਨਾਂ ਨੇ ਤਾਂ ਵਿਗਾੜੀ ਹੋਈ ਸ਼ਬਦਾਂ ਦੀ ਤਰਤੀਬ ਦਾ ਐਨਾ ਜਿਆਦਾ ਗੱਜਲ ਆਪਣੀ ਰਚਨਾ ਵਿਚ ਪਾਇਆ ਹੋਇਆ ਹੈ ਕਿ ਕਾਸ਼ ਉਹ 'ਘੁੰਗਰੂ ਬੰਨ੍ਹਣ ਤੋਂ ਬਿਨਾ ਹੀ ਨੱਚ ਲੈਂਦੇ।'

ਸਹੀ ਬੋਲੀ ਮੁਤਾਬਕ ਸ਼ਬਦਾਂ ਦੀ ਤਰਤੀਬ ਦੀਆਂ ਖਾਮੀਆਂ ਤਾਂ ਹਰੇਕ ਮਿਸਰੇ ਵਿਚ ਹੀ ਹਨ। ਮੈਂ ਸਿਰਫ ਉਸ ਤਰ੍ਹਾਂ ਦੇ ਨੁਕਤੇ ਹੀ ਉਠਾ ਰਿਹਾ ਹਾਂ ਜਿਸ਼ ਤਰ੍ਹਾਂ ਦੇ ਉਹਨਾਂ ਨੇ ਆਪ ਉਠਾਏ ਹਨ। ਮਿਸਾਲ ਦੇ ਤੌਰ ਤੇ ਤੀਜੇ ਸ਼ਿਅਰ ਦੇ ਪਹਿਲੇ ਮਿਸਰੇ ਵਿਚ ਲਿਖਦੇ 'ਲੰਘਦਾ' ਹਨ ਤੇ ਵਜ਼ਨ ਪੂਰਾ ਲਘਦਾ ਦੇ ਉਚਾਰਨ ਤੇ ਕਰਦੇ ਹਨ। ਇਕ ਹੋਰ ਅਗਲੇ ਸ਼ਿਅਰ ਵਿਚ ਜ਼ਹਿਰਾਂ ਸ਼ਬਦ ਨਾਲ ਸੰਬੰਧਤ ਖਮਿਆਜ਼ਾ ਸ਼ਬਦ ਤੋਂ ਲੈਕੇ ਜ਼ਹਿਰਾਂ ਸ਼ਬਦ ਵਿਚਕਾਰ ਸੱਤ ਹਰਫ਼ ਆਏ ਹਨ। ਇਸ ਐਬ ਤੋਂ ਚੌਥੇ ਸ਼ਿਅਰ ਦੇ ਪਹਿਲੇ ਮਿਸਰੇ ਵਿਚ, 'ਇਕ ਪਲ ਸੋਹਣੀ, ਦੂਜੇ ਪਲ ਭੈੜੀ, ਸ਼ੈ ਲਗਦੀ। ਵਿਚ **ਐਬਸ਼ਕਤਾ-ਏ ਨਾਰਵਾ** ਪੈਦਾ ਹੋ ਗਿਆ ਹੈ ਤੇ ਨਾਲ ਹੀ **ਐਬ ਅਖਲਾਲ** ਵੀ। ਉਰਦੂ ਸ਼ਬਦ ਦੇ ਘੱਟ ਗਿਆਨ ਵਾਲੇ ਪਾਠਕਾਂ ਲਈ ਲਿਖ ਰਿਹਾ ਹਾਂ ਕਿ **ਐਬਸ਼ਕਤਾ ਏ ਨਾਰਵਾ** ਹੁੰਦਾ ਹੈ ਗਲਤ ਥਾਂ, ਤੇ ਵਿਸ਼ਰਾਮ ਚਿੰਨ੍ਹ ਲਗਾਉਣਾ ਤੇ **ਐਬ ਅਖ਼ਲਾਲ** ਹੁੰਦਾ ਹੈ ਦੋ ਸ਼ਬਦਾਂ ਦੇ ਵਿਚਕਾਰ ਕਿਸੇ ਹੋਰ ਸ਼ਬਦ ਦੀ ਘਾਟ ਮਹਿਸੂਸ ਹੋਣੀ। ਚੰਗਾ ਕੀਤਾ ਨਦੀਮ ਪਰਮਾਰ ਜੀ ਹੁਰਾਂ ਨੇ ਆਪਣੀ ਗਜ਼ਲ ਵੀ ਛਪਵਾ ਲਈ, ਨਹੀਂ ਪਾਠਕਾਂ ਨੂੰ ਪਤਾ ਨਹੀਂ, ਉਹਨਾਂ ਦੇ ਰੰਗ-ਏ-ਤਗਜ਼ਲ ਬਾਰੇ ਕੇਡਾ ਕੁ ਭੁਲੇਖਾ ਬਣਿਆ ਰਹਿੰਦਾ।

—ਮਹਿਮਾ ਸਿੰਘ (ਹਲਵਾਰਾ), ਲੁਧਿਆਣਾ

○ਚਿਰਾਗ਼ ਅੰਕ 10 ਮਿਲਿਆ। ਸ਼ੁਕਰੀਆ। ਰਿਸਾਲਾ ਨਿੱਕਾ ਹੋਣ ਦੇ ਬਾਵਜੂਦ ਆਪਣੇ ਕਲਾਵੇ 'ਚ ਗ਼ਜ਼ਲਾਂ, ਨਜ਼ਮਾਂ, ਲੇਖ, ਕਹਾਣੀਆਂ, ਤਬਸਰੇ, ਚਿਠੀਆਂ ਤੇ ਹੋਰ ਕਈ ਸਿਲਸਿਲੇ ਸਮੇਟਦਾ ਨਜ਼ਰ ਆਉਂਦਾ ਹੈ, ਨਾਲ ਚਿਰਾਗ਼ ਲਹਿੰਦੇ ਚੜ੍ਹਦੇ ਪੰਜਾਬ ਦੇ ਸਾਂਝੇ ਪਿਆਰ ਦੀ ਨਿਸ਼ਾਨੀ ਦਿਸਦਾ ਹੈ। ਸ਼ਾਲਾ ਇਹ ਜੋੜ ਮੇਲ ਸਦਾ ਕਾਇਮ ਰਹੇ:

ਕੁਝ ਸ਼ਾਇਰਾਂ ਦੇ ਕਲਾਮ ਵਿਚ ਵਜ਼ਨ ਦੀ ਘਾਟ ਖਟਕਦੀ ਹੈ। ਇਸ ਪਾਸੇ ਧਿਆਨ ਦੇਣ ਦੀ ਲੋੜ ਏ, ਆਪਣੀ ਇਕ ਕਿਤਾਬ 'ਜ਼ਿਲਾ ਅਟਕ ਦੇ ਪੰਜਾਬੀ ਸ਼ਾਇਰ' ਘੱਲਦਾ ਪਿਆ ਵਾਂ। ਇਹ ਕਿਤਾਬ ਉਸ ਜ਼ਿਲੇ ਦੇ ਪੰਜਾਬੀ ਲਿਖਾਰੀਆਂ ਦਾ ਪਹਿਲਾ ਤਜ਼ਕਰਾ ਹੈ। ਚਿਰਾਗ਼ ਵਿਚ ਇਸ ਦਾ ਤਬਸਰਾ ਹੋ ਜਾਵੇ ਤਾਂ ਚੰਗੀ ਗੱਲ ਹੈ। 'ਪਿਛਲਾ ਪਿੰਡ' ਦੀ ਇਕ ਕਾਪੀ ਘੱਲ ਸਕੋ ਤਾਂ ਸ਼ੁਕਰ ਗੁਜ਼ਾਰ ਹੋਵਾਂਗਾ। (ਸਾਹਿਤ 97) ਵਿਚ ਇਸ ਦਾ ਕੁਝ ਹਿੱਸਾ ਪੜ੍ਹਕੇ ਤੁਹਾਡੇ ਦਰਦ ਨੂੰ ਆਪਣੇ ਸੀਨੇ 'ਚ ਮਹਿਸੂਸ ਕੀਤਾ ਹੈ। ਜਦੋਂ ਵੀ ਕਦੇ ਪਾਕਿਸਤਾਨ ਆਉਣਾ ਹੋਵੇ, ਮੈਨੂੰ ਜ਼ਰੂਰ ਦਸਣਾ। ਤੁਹਾਨੂੰ ਮਿਲਣ ਦੀ ਸਿਕ ਹੈ।

—ਤੁਹਾਡਾ ਮਿੱਤਰ, ਅਰਸ਼ਦ ਮਹਿਮੂਦ ਨਾਸ਼ਾਦ (ਪਾਕਿਸਤਾਨ)

○"**ਚਿਰਾਗ਼**" ਖੱਬੀ ਸੋਚ ਦੀ ਲੇਖਣੀ ਦਾ ਬੁਲਾਰਾ ਹੋਣ ਦਾ ਬਿੰਬ ਬਰਕਰਾਰ ਰੱਖ ਰਿਹਾ ਹੈ। ਤਸੱਲੀ ਹੁੰਦੀ ਹੈ। ਉੱਤਰ-ਆਧੁਨਿਕਤਾ ਬਾਰੇ ਤੁਸੀਂ ਜੋ ਪੈਂਤੜਾ ਲਿਆ ਹੈ, ਉਹ ਬਾਕੀ

ਘੱਟ ਤੋਂ ਘੱਟ ਸੰਪਾਦਕ ਵੀ ਨਹੀਂ ਲੈ ਰਹੇ । ਇਸ ਵਾਰ ਫਿਰ ਡਾ: ਗਰੇਵਾਂਲ ਦੀ ਇੰਟਰਵਿਊ ਨੇ ਇਸ ਵਿਚਾਰਧਾਰਕ ਸੰਘਰਸ਼ ਵਿਚ ਨਵੇਂ ਜ਼ਾਵੀਏ ਕਾਇਮ ਕੀਤੇ ਹਨ । ਡਾ: ਕਰਮਜੀਤ ਸਿੰਘ ਵਧਾਈ ਦਾ ਪਾਤਰ ਹੈ । ਬਾਕੀ ਮੈਟਰ ਵੀ ਬੁਲੰਦ ਹੈ । —ਡਾ: ਲਭ ਸਿੰਘ ਖੀਵਾ, ਚੰਡੀਗੜ੍ਹ

○ਨਜ਼ਮਾਂ ਮੈਨੂੰ ਵਧੇਰੇ ਖਿੱਚ ਪਾਉਂਦੀਆਂ ਨੇ । ਮਹਿਮਾ ਸਿੰਘ ਅਤੇ ਐਸ. ਤਰਸੇਮ ਦੀਆਂ ਗਜ਼ਲਾਂ ਚੰਗੀਆਂ ਲੱਗੀਆਂ । ਜਸਵਿੰਦਰ ਤਾਂ ਲਿਖਦਾ ਹੀ ਪਿਆਰਾ ਹੈ ।

ਪਾਸ਼ ਪਿੱਛੇ ਤਾਂ ਜ਼ਿਆਦਾ ਹੀ ਹੱਥ ਧੋ ਕੇ ਪਏ ਹੋਏ ਨੇ, ਕੁਝ ਵਿਦਵਾਨ । ਵਿਦਰੋਹੀ ਸੁਰ ਵਾਲੀ ਗੱਲ ਕੋਈ ਨਵੀਂ ਜਾਂ ਅਣਛੋਹੀ ਤਾਂ ਹੈ ਨਹੀਂ । ਮੁੜ-ਮੁੜ ਇਕੋ ਪਰਤ ਨੂੰ ਫਰੋਲੀ ਜਾਣ ਦਾ ਕੀ ਤੁਕ ਹੈ ? ਜੇਕਰ ਕੋਈ ਨਵੀਂ ਕਾਢ ਕਿਸੇ ਵਿਦਵਾਨ ਨੇ ਕੱਢੀ ਹੈ ਤਾਂ ਸਾਹਮਣੇ ਲਿਆਕੇ ਰੱਖੇ ਵੀ । ਵਾਲ ਦੀ ਖੱਲ ਲਾਹੀ ਜਾਂਣਾ ਕਿੱਥੋਂ ਦੀ ਵਿਦਵਤਾ ਹੈ । ਹੋਰ ਵੀ ਸ਼ਾਇਰ ਨੇ ਜਿਨ੍ਹਾਂ ਬਾਰੇ ਵਿਸਥਾਰ ਨਾਲ ਚਰਚਾ ਕਰਨ ਦੀ ਲੋੜ ਹੈ । ਤੁਸੀਂ ਹੀ ਕੋਈ ਪਿਰਤ ਪਾਓ । ਵਿਦਵਾਨਾਂ ਕੋਲੋਂ ਵਰਤਮਾਨ ਸ਼ਾਇਰਾਂ ਬਾਰੇ ਨਿੱਕੇ-ਨਿੱਕੇ ਪਰਚੇ ਲਿਖਵਾਕੇ ਇਕ-ਇਕ ਕਰਕੇ ਚਿਰਾਗ਼ 'ਚ ਛਾਪਣੇ ਸ਼ੁਰੂ ਕਰੋ । —ਪ੍ਰੇਮ ਸਾਹਿਲ (ਯੂ'ਪੀ.)

○ਸਤਿਕਾਰ ਯੋਗ ਹੁੰਦਲ ਜੀ, ਆਦਾਬ !

ਤੁਹਾਡੇ ਦੋ ਖ਼ਤ ਉਪਰੋਥਲੀ ਮਿਲੇ ਨੇ । ਜਾਂ ਨੱਸ-ਭੱਜ 'ਚ ਮੁਬਤਲਾ ਰਿਹਾ । ਚਿਰਾਗ਼ ਦਾ ਵਰਤਮਾਨ ਅੰਕ ਪਸੰਦ ਆਇਆ ਹੈ ।

ਫਾਸੀਵਾਦੀ ਰੁਝਾਨ ?

**NIP THE EVIL IN THE BUD**

ਉੱਤਰ-ਆਧੁਨਿਕਤਾਵਾਦ ਦੇ ਪ੍ਰਸੰਗ ਵਿਚ ਡਾ: ਓ. ਪੀ. ਗਰੇਵਾਲ ਨਾਲ ਮੁਲਾਕਾਤ 'ਸਮਦਰਸ਼ੀ' ਦੇ ਪੂਰੇ ਵਿਸ਼ੇਸ਼ਾਕ 'ਤੇ ਭਾਰੂ ਹੈ । ਇਸ ਨਵੇਂ ਫ਼ਿਤਨੇ ਬਾਰੇ ਕਈ ਭਰਾਂਤੀਆਂ ਦੂਰ ਹੋ ਗਈਆਂ ਨੇ । ਤੁਸੀਂ ਧੰਨਵਾਦ ਦੇ ਪਾਤਰ ਹੋ ।

ਕਹਾਣੀਆਂ ਦੀ ਕਸਰ ਪੂਰੀ ਕਰਕੇ ਚਿਰਾਗ਼ ਦਾ ਸ਼ਮਲਾ ਹੋਰ ਉੱਪਰ ਉਠ ਗਿਆ ਹੈ । ਬਾਬਾ ਨਜ਼ਮੀ ਬਾਰੇ ਤੁਹਾਡੀ ਲਿਖਤ ਮਿਆਰੀ ਹੈ ।

ਵੀਰ ਸਮਸ਼ੇਰ ਮੋਹੀ ਕਿਉਂਕਿ ਸਾਡੇ ਲਾਡਲੇ ਸ਼ਾਇਰ ਜਸਵਿੰਦਰ ਦੀ ਸੋਹਬਤ ਵਿਚ ਹੈ, ਖੁਸ਼ਨਸੀਬ ਹੈ । ਗੁਰਦੀਪ ਦੀ ਗਜ਼ਲ 'ਚ ਇਕ-ਦੋ ਸ਼ੇਅਰ ਹਮੇਸ਼ਾ ਯਾਦਗਾਰੀ ਹੁੰਦੇ ਨੇ ਜਿਨ੍ਹਾਂ ਨੂੰ ਮੈਂ ਨੋਟ ਕਰ ਲੈਂਦਾ ਹਾਂ । ਨਜ਼ਮਾਂ 'ਚੋਂ 'ਜਸ਼ਨੇ ਪਾਕਿਸਤਾਨ' ਅਤੇ 'ਮਾਂ ਦੀ ਅਸੀਸ' ਮਿਆਰੀਆਂ ਨੇ । —ਪ੍ਰੇਮ ਸਾਹਿਲ

○ਚਿਰਾਗ਼, ਮੈਂ ਪਹਿਲੀ ਵਾਰ ਪੜ੍ਹਿਆ ਹੈ । ਪਤਾ ਨਹੀਂ ਐਨਾ ਚਿਰ ਅੱਖੋਂ ਓਹਲੇ ਕਿਵੇਂ ਰਹਿ ਗਿਆ, ਏਨਾ ਮਿਆਰੀ ਪਰਚਾ । ਉੱਤਰ-ਆਧੁਨਿਕਤਾ ਬਾਰੇ ਜਿਹੜਾ ਸੰਵਾਦ ਤੁਸੀਂ ਸ਼ੁਰੂ ਕੀਤਾ ਹੈ, ਵਾਕਿਆ ਹੀ ਕਾਬਿਲੇ-ਏ-ਤਾਰੀਫ ਹੈ । ਕਿਉਂਕਿ ਸਮਕਾਲੀ ਸਾਹਿਤ ਤੇ ਸਭਿਆਚਾਰ ਦੇ ਸਮਝਣ ਵਾਸਤੇ ਇਸ ਸਾਬਤੀ ਨੂੰ ਸਮਝਣਾ ਬੜਾ ਜ਼ਰੂਰੀ ਹੋ ਗਿਆ ਹੈ । ਇਸੇ ਪਰਿਪੇਖ ਵਿਚ ਹੀ ਮੈਂ ਪੰਜਾਬੀ ਕਵਿਤਾ ਬਾਰੇ ਖੋਜ-ਕਾਟਜ ਆਰੰਭਿਆ ਹੈ, ਜਿਸ ਦੌਰਾਨ ਤੁਹਾਡੇ ਪਰਚੇ ਨਾਲ ਮੇਰੀ ਸਾਂਝ ਪਈ ਹੈ । ਪਰਚੇ ਦੀਆਂ ਨਜ਼ਮਾਂ ਤੇ ਗਜ਼ਲਾਂ ਵਾਲਾ ਭਾਗ ਸਮਕਾਲੀ ਪਟਚਿਆਂ ਤੋਂ ਕਿਤੇ ਅੱਗੇ ਲੰਘਿਆ ਹੈ । —ਆਤਮ ਰੰਧਾਵਾ, ਅੰਮ੍ਰਿਤਸਰ



○ਚਿਰਾਗ-12 ਪੜ੍ਹਿਆ । ਆਧੁਨਿਕ ਹੋਣ ਤੋਂ ਪਹਿਲਾਂ ਹੀ ਆਧੁਨਿਕਤਾਵਾਦੀ ਕ੍ਰਿਤ ਸ਼ੰਭੂ ਨਾਥ ਬੜਾ ਹੀ ਵਿਚਾਰਧਾਰਕ ਲੇਖ ਹੈ । ਮਾਰਕਸੀ ਚਿੰਤਕ ਫਰੈਡਰਿਕ ਜੇਮਸਨ ਆਖਦੇ ਹਨ ਕਿ ਉੱਤਰ-ਆਧੁਨਿਕਤਾ ਨੂੰ ਬੁੱਢੇ ਪੂੰਜੀਵਾਦ ਦਾ ਸਭਿਆਚਾਰਕ ਵਿਵੇਕ ਕਿਹਾ ਜਾ ਸਕਦਾ ਹੈ । ਜਿਵੇਂ ਤੁਸੀਂ ਜਾਣਦੇ ਹੀ ਹੋ ਕਿ ਉੱਤਰ ਆਧੁਨਿਕ ਚਿੰਤਕ ਇਕ ਵਿਚਾਰਧਾਰਾ, ਇਕ ਚਿੰਤਨ ਦਾ ਸਖ਼ਤ ਵਿਰੋਧ ਕਰਦਾ ਹੈ ਜਿਸ ਨੂੰ ਸਮਾਨਾਂਤਰਤਾ ਰਾਹੀਂ ਉਭਾਰਿਆ ਜਾ ਰਿਹਾ । ਉੱਤਰ ਆਧੁਨਿਕਤਾ ਸਮਾਜਕ ਏਕਤਾ ਦੀ ਥਾਂ ਸਮਾਜਕ ਅੰਤਰ ਨੂੰ ਉਭਾਰਦੀ ਹੈ ਜਿਹੜੀ ਵਿਕਸਤ ਪੂੰਜੀਵਾਦ ਦੀ **Shrewed thoughts** ਦਾ ਰੂਪ ਹੈ । ਜਿਵੇਂ ਸ਼ੰਭੂਨਾਥ ਜੀ ਦਾ ਵਿਚਾਰ ਹੈ ਉਸੇ ਤਰ੍ਹਾਂ ਹੀ ਉੱਤਰ ਆਧੁਨਿਕਤਾ ਅੰਦਰ ਸੱਭਿਆਚਾਰਾਂ ਪ੍ਰਤੀ ਖਾਸ ਕਿਸਮ ਦਾ ਮੂਲਵਾਦ, ਵਿਚਾਰਧਾਰਕ ਅੰਤ, ਇਤਿ-ਹਾਸਕ ਅੰਤ, ਘੱਟ ਗਿਣਤੀਆਂ ਦੀ ਵੰਨ ਸੁਵੰਨਤਾ ਦੀ ਹੋਂਦ, ਕਲਾ ਤੇ ਉਪਭੋਗੀ ਸਮਾਜ਼, ਰਾਜਸੀ ਸੰਦਰਭ **Mass Culture to Popular Culture,** ਦੇਹ ਦਾ ਸੰਕਲਪ ਕੁੱਲਮੁਖਤਾ ਦੀ ਥਾਂ ਇਕਮੁਖਤਾ ਆਦਿ ਨੂੰ ਰਾਜਸੀ ਸੱਭਿਆਚਾਰਕ ਅਤੇ ਵਿਚਾਰਧਾਰਕ ਤੌਰ ਤੇ ਪਛਾਨਣ ਦੀ ਲੋੜ ਹੈ । ਪੰਜਾਬੀ ਆਲੋਚਨਾ ਦੀ ਜ਼ਿੰਮੇਵਾਰੀ ਹੁਣ ਬੜੀ ਵੱਧ ਜਾਂਦੀ ਹੈ ਜਦੋਂ ਕਿ ਪੰਜਾਬੀ ਵਿਚ ਸਿਧਾਂਤਕ ਰੂਪ ਵਿਚ ਉੱਤਰ ਆਧੁਨਿਕਤਾ ਬਾਰੇ ਕੁਝ ਯਤਨ ਹੋਏ ਹਨ, ਪਰ ਵਿਹਾਰਕ ਰੂਪ 'ਚ ਅਜੇ ਇਸ ਨੇ ਬੜਾ ਲੰਬਾ ਸਫਰ ਕਰਨਾ ਹੈ । —ਜਸਬੀਰ ਕਾਲਰਵੀ (ਜਲੰਧਰ)

○ਚਿਰਾਗ਼ ਦੇ ਅਕਤੂਬਰ-ਦਸੰਬਰ ਅੰਕ ਵਿਚ ਛਪੀਆਂ ਰੁਪਿੰਦਰ ਮਾਨ, ਡਾ: ਐਸ. ਤਰਸੇਮ ਤੇ ਮਹਿਮਾ ਸਿੰਘ ਦੀਆਂ ਗ਼ਜ਼ਲਾਂ ਬਾਰੇ ਨਦੀਮ ਪਰਮਾਰ (ਕੈਨੇਡਾ) ਵਲੋਂ ਕੀਤੀ ਗਈ ਅਲੋਚਨਾ ਜਨਵਰੀ-ਮਾਰਚ ਦੇ ਚਿਰਾਗ਼ ਵਿਚ ਪੜ੍ਹੀ ਹੈ । ਮੈਂ ਇਸ ਆਲੋਚਨਾ ਨੂੰ ਤੇ ਇਨ੍ਹਾਂ ਗਜ਼ਲਾਂ ਨੂੰ (ਜਿਨ੍ਹਾਂ ਬਾਰੇ ਆਲੋਚਨਾ ਕੀਤੀ ਗਈ) ਆਪਣੇ ਸਨਮੁੱਖ ਰੱਖ ਕੇ ਬੜੇ ਗਹੁ ਨਾਲ ਵਾਚਿਆ ਹੈ ਅਤੇ ਪਾਇਆ ਹੈ ਕਿ ਨਦੀਮ ਪਰਮਾਰ ਦੀ ਅਲੋਚਨਾ ਅੱਖਰ ਅੱਖਰ ਸਹੀ ਹੈ । ਪੰਜਾਬੀ ਗ਼ਜ਼ਲ ਬਾਬਤ ਅਜੇਹੀ ਸੁਚੱਜੀ ਆਲੋਚਨਾ ਦੀ ਘਾਟ ਹੈ । ਮੈਨੂੰ ਇਥੇ ਉਰਦੂ ਮੁਸ਼ਾਇਰੇ ਸੁਣਨ ਦਾ ਮੌਕਾ ਮਿਲਦਾ ਰਹਿੰਦਾ ਹੈ । ਮੈਂ ਦੇਖਦਾ ਹਾਂ ਕਿ ਇਹ ਲੋਕ ਗ਼ਜ਼ਲ ਵਿਚ ਮਾਮੂਲੀ ਜਿਹੀ ਕਮੀ ਨੂੰ ਵੀ ਬਰਦਾਸ਼ਤ ਨਹੀਂ ਕਰਦੇ । ਸਟੇਜ ਤੇ ਗ਼ਜ਼ਲ ਬੋਲਦੇ ਹੋਏ ਨੂੰ ਹੀ ਬਾਕੀ ਸ਼ਾਇਰ ਇਸ਼ਾਰੇ ਨਾਲ ਉਸ ਦੀ ਕਮੀ ਦਾ ਅਹਿਸਾਸ ਕਰਾ ਦਿੰਦੇ ਹਨ । ਸ਼ਾਇਦ ਉਰਦੂ ਗ਼ਜ਼ਲ ਦੀ ਤਰੱਕੀ ਦਾ ਇਹੋ ਰਾਜ਼ ਹੈ ।

ਪੰਜਾਂਬੀ ਗ਼ਜ਼ਲ ਵਿਚ ਤਾਂ ਜੋ ਲਿਖਿਆ ਸੋ ਪ੍ਰਵਾਨ ਦਾ ਰਿਵਾਜ ਪੈ ਚੁਕਿਆ ਹੈ । ਕਈ ਚੰਗੇ ਗ਼ਜ਼ਲ-ਗੋ ਜੋ ਪੂਰੀ ਤਰ੍ਹਾਂ ਗ਼ਜ਼ਲ ਦੇ ਜਾਣਕਾਰ ਵੀ ਹੁੰਦੇ ਹਨ, ਜਾਣ ਬੁਝ ਕੇ ਛੋਟੀਆਂ ਮੋਟੀਆਂ ਉਕਾਈਆਂ ਰਚਨਾ ਵਿਚ ਰਹਿਣ ਦਿੰਦੇ ਹਨ । ਇਸ ਤੋਂ ਉਤਸ਼ਾਹਿਤ ਹੋ ਕੇ ਨਵੇਂ ਗ਼ਜ਼ਲ-ਗੋ ਕਈ ਵੱਡੀਆਂ ਤੇ ਬੱਜਰ ਗਲਤੀਆਂ ਗ਼ਜ਼ਲ ਵਿਚ ਸਥਾਪਿਤ ਕਰ ਦਿੰਦੇ ਹਨ । ਇਸ ਤਰ੍ਹਾਂ ਪੰਜਾਬੀ ਗ਼ਜ਼ਲ ਕਿਸੇ ਕਮਜ਼ੋਰ ਭਵਿਖ ਵੱਲ ਤੁਰਦੀ ਨਜ਼ਰ ਆਉਣ ਲਗਦੀ ਹੈ । ਮੇਰਾ ਖ਼ਿਆਂਲ ਹੈ ਕਿ ਗ਼ਜ਼ਲਕਾਰ ਵੀਰਾਂ ਨੂੰ ਨਦੀਮ ਪਰਵਾਰ ਦੀ ਅਲੋਚਨਾ ਦਾ ਬੁਰਾ ਨਹੀਂ ਮਨਾਉਂਣਾ ਚਾਹੀਦਾ ਸਗੋਂ ਦਰੁਸਤ ਗ਼ਜ਼ਲ ਲਿਖਣ ਦੀ ਪ੍ਰੇਰਨਾ ਲੈਣੀ ਚਾਹੀਦੀ ਹੈ । ਉਂਝ ਡਾ: ਐਸ. ਤਰਸੇਮ ਦੀ ਗ਼ਜ਼ਲ ਨਵੀਨਤਾ ਭਰਪੂਰ ਤੇ ਜਾਨਦਾਰ ਸ਼ਿਆਰਾਂ ਜਿਹੇ ਗੁਣਾਂ ਕਰਕੇ ਬਹੁਤ ਵਧੀਆ ਹੈ । ਪੰਜਾਬੀ ਗ਼ਜ਼ਲ ਦੀ ਤਰੱਕੀ ਲਈ ਅਤੇ ਸਹੀ ਸੇਧ ਲਈ ਨਦੀਮ ਪਰਮਾਰ ਦੀ ਅਲੋਚਨਾ ਚਿਰਾਗ਼ ਵਿਚ ਛਪਦੀ ਰਹਿਣੀ ਚਾਹੀਦੀ ਹੈ ।

ਜਨਵਰੀ-ਮਾਰਚ ਅੰਕ ਵਿਚ ਸ਼ਮਸ਼ੇਰ ਮੋਹੀ ਦੀਆਂ ਗ਼ਜਲਾਂ ਪਸੰਦ ਆਈਆਂ ਹਨ ।

—ਕਸ਼ਮੀਰ ਨੀਰ ਅਫ਼ਜ਼ਲ ਗੜ੍ਹ (ਬਿਜ਼ਨੌਰ) ਯੂ. ਪੀ.

○'ਚਿਰਾਗ (ਜਨਵਰੀ-ਮਾਰਚ) ਦਾ ਅੰਕ ਮਿਲਿਆ। ਸਮੁੱਚਾ ਅੰਕ ਪਿਆਰਾ ਲੱਗਾ। ਇਸ
ਵਾਰ ਨਜ਼ਮਾਂ ਵਾਲਾ ਭਾਗ ਚੰਗਾ ਹੈ ਜਾਂ ਦੂਸਟਾ ? ਇਹ ਨਿਖੇੜਾ ਕਰਨ ਅਸੰਭਵ ਜਿਹਾ ਲੱਗਦਾ ਹੈ।
'ਵਾਘਿਓਂ ਪਾਰ ਦੀ ਸ਼ਾਇਰੀ' ਵਾਕਿਆ ਹੀ ਭਰਪੂਰ ਸ਼ਲਾਘਾਯੋਗ ਹੈ। ਇਸ ਨਾਲ ਸਾਂਝ 'ਚਿਰਾਗ'
ਦੀ ਖਾਸ ਪ੍ਰਪਤੀ ਹੈ। 'ਫਾਸ਼ੀਵਾਦ ਰੁਝਾਨ ਦੇ ਸੰਕੇਤ' ਸਚਮੁੱਚ ਮੱਥਾ ਠਣਕਾਉਂਦੇ ਨੇ।

ਉੱਤਰ-ਆਧੁਨਿਕਤਾ ਬਾਰੇ ਜਿਹੜੀ ਚਰਚਾ ਤੁਸੀਂ ਛੇੜੀ ਹੈ, ਸਮਕਾਲੀ ਪਰਚਿਆਂ ਵਿਚ
ਇਸਦੀ ਲੱਗਭਗ ਅਣਹੋਂਦ ਹੈ, ਸਿਵਾਏ 'ਸ਼ਮਦਰਸ਼ੀ ਏ। ਇਸ ਪਰਚੇ ਵਿੱਚ ਡਾ. ਓ. ਪੀ. ਗਰੇਵਾਲ
ਨਾਲ ਇੰਟਰਵਿਊ ਉੱਤਰ-ਆਧੁਨਿਕਤਾ ਦੇ ਬਹੁਤ ਸਾਰੇ ਪੱਖਾਂ ਤੋਂ ਚਾਨਣਾ ਪਾਉਂਦੀ ਹੈ। ਇਸਦਾ
ਮਤਲਬ ਇਹ ਨਹੀਂ ਕਿ ਇਸ ਬਾਰੇ ਹੋਰ ਚਰਚਾ ਦੀ ਲੋੜ ਨਹੀਂ ਹੈ। ਅਜੇ ਵੀ ਇਸ ਬਾਰੇ ਬਹੁਤ
ਸਾਰੇ ਭੰਬਲਭੂਸੇ ਪਏ ਹੋਏ ਹਨ ! ਵਿਦਵਾਨਾਂ ਦੇ ਦੋ ਟੋਲੇ ਬਣੇ ਹੋਏ ਹਨ, ਇਕ ਸਮਰਥਨ ਦਾ,
ਇਕ ਵਿਰੋਧ ਦਾ। 'ਉੱਤਰ-ਆਧੁਨਿਕਤਾ ਦੇ ਨਾਂ ਤੋਂ ਵਿਦਵਾਨ ਤ੍ਰਭਕੇ ਕਿਉਂ ਹਨ ? ਕੀ ਗਿਆਨ
ਦੀ ਕਿਸੇ ਵੀ ਦ੍ਰਿਸ਼ਟੀ ਨੂੰ ਸਮਝਣਾ ਕੁਰਾਹੇ ਪੈਣਾ ਹੈ ? ਇੰਟਰਨੇੱਟ ਦੇ ਯੁੱਗ ਜਾਂ ਮੀਡੀਏ ਦੇ
ਯੁੱਗ ਵਿੱਚ ਕਿਸੇ ਵੀ ਗਿਆਨ ਤੋਂ ਅੱਖਾਂ ਮੀਟੀਆਂ ਜਾ ਸਕਦੀਆਂ ਹਨ ? ਇਹ ਸਾਰੇ ਸਵਾਲਾਂ ਦੇ
ਜੁਆਬਾਂ ਦੇ ਨਾਲ ਹੀ ਕੁਝ ਸੰਕਲਪ ਅਜੇ ਅਸ਼ਪਸ਼ਟ ਹਨ। ਆਧੁਨਿਕਤਾ ਅਤੇ ਉੱਤਰ-ਆਧੁਨਿਕਤਾ
ਵਿੱਚ ਕੀ ਅੰਤਰ ਹੈ ? ਅਜੇ ਵੀ ਅਸ਼ਪਸਟ ਹੈ। ਇਹ ਇੰਟਰਵਿਊ ਵੀ ਇਕ ਪਾਸੇ ਉੱਤਰ-ਆਧੁ-
ਨਿਕਤਾ ਵਿਚ ਆਧੁਨਿਕਤਾ ਦੀ ਵਿਰੋਧੀ ਕਹਿੰਦੀ ਹੈ ਪਰ ਅੱਗੇ ਚਲਕੇ ਹੋਰਨਾਂ ਜਵਾਬਾਂ ਵਿੱਚ
ਇਸਦਾ ਵਿਕਾਸ ਹੀ ਮੰਨਦੀ ਹੈ। ਇਸ ਬਾਰੇ ਅਜੇ ਸ਼ਪਸ਼ਟਤਾ ਦੀ ਲੋੜ ਹੈ। ਇਸਦੇ ਨਾਲ ਹੀ
ਉੱਤਰ-ਆਧੁਨਿਕਤਾ ਨੂੰ ਪੰਜਾਬੀ ਪਰਿਪੇਖ ਬਣਾਇਆ ਜਾ ਸਕਦਾ ਹੈ ਜਾਂ ਨਹੀਂ ? ਸਵਾਲ ਵੀ
ਜੁਆਬ ਮੰਗਦਾ ਹੈ। 'ਚਿਰਾਗ' ਤੋਂ ਸਾਨੂੰ ਏਨੀ ਕੁ ਹੋਰ ਰੋਸ਼ਨੀ ਚਾਹੀਦੀ ਦੇ, ਕਿ ਉੱਤਰ-ਆਧੁ-
ਨਿਕਤਾ ਸਾਹਿਤ ਵਿਸ਼ਲੇਸ਼ਣ ਲਈ ਸਾਰਥਕ ਵਿਧੀ ਨਹੀਂ ਬਣ ਸਕਦੀ ? ਤੇ ਕਿਉਂ ?

—ਆਤਮ ਰੰਧਾਵਾ (ਪੰਜਾਬੀ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ

○ਚਿਰਾਗ-13 ਮਿਲ ਗਿਆ ਹੈ। ਇਸ ਅੰਕ ਵਿਚ ਡਾ. ਓ. ਪੀ. ਗਰੇਵਾਲ ਨਾਲ ਡਾ.
ਕਰਮਜੀਤ ਸਿੰਘ ਦੀ ਉੱਤਰ-ਆਧੁਨਿਕਤਾ ਸਬੰਧੀ ਮੁਲਾਕਾਤ ਕਾਫ਼ੀ ਸ਼ੰਕੇ ਨਿਵ੍ਰਿਤ ਕਰਨ ਵਾਲੀ
ਹੈ ਪਰ ਇਹ ਮੁਲਾਕਾਤ ਜੇ ਕਿਸੇ ਹੋਰ ਪ੍ਰਸ਼ਨ ਕਰਤਿਆਂ ਨੂੰ ਵਿਚ ਸ਼ਾਮਲ ਕਰਕੇ ਕੀਤੀ ਜਾਂਦੀ ਤਾਂ
ਵਧੇਰੇ ਸੰਵਾਦਕ ਹੋਣੀ ਸੀ। ਇਸ ਸੰਬੰਧੀ ਵਿਸ਼ਾਲ ਪੱਧਰ ਤੇ ਸੰਵਾਦ ਰਚਾਉਣ ਦੀ ਲੋੜ ਹੈ।

ਚਿਰਾਗ਼ ਵਿਚ ਪਾਕਿਸਤਾਨੀ ਸਾਹਿਤ ਨੂੰ ਛਾਪਣ ਨਾਲ ਇਸ ਦੀ ਵੱਖਰੀ ਦਿੱਖ ਬਣੀ ਹੈ।
ਇਹ ਸਿਲਸਿਲਾ ਜਾਰੀ ਰਹਿਣਾ ਚਾਹੀਦਾ ਹੈ। ਚਿਰਾਗ਼-12 ਵਿਚ ਪੰਨਾ-14 ਤੇ ਜਿਹੜੀ ਮੇਰੀ
ਗ਼ਜ਼ਲ ਛਪੀ ਸੀ, ਉਸ ਸਬੰਧੀ ਚਿਰਾਗ਼-13 ਵਿਚ ਨਦੀਮ ਪਰਮਾਰ ਸਾਹਿਬ ਦਾ ਜਿਹੜਾ ਖ਼ਤ
ਛਪਿਆ ਹੈ, ਉਸ ਸੰਬੰਧੀ ਬੜੀ ਜ਼ੁੰਮੇਵਾਰੀ ਨਾਂਲ ਜਵਾਬ ਦੇਣਾ ਚਾਹੁੰਦਾ ਹਾਂ ਜੋ ਇਸ ਪ੍ਰਕਾਰ ਹੈ :

ਮੈਂ ਕਦੇ ਵੀ ਅਰੂਜ਼ ਪੱਖੋਂ ਸਰਬ ਗਿਆਤਾ ਹੋਣ ਦਾ ਦਾਅਵਾ ਨਹੀਂ ਕੀਤਾ। ਨਾ ਹੀ ਮੈਂ
ਅਰੂਜ਼ ਦੀ ਗੁਲਾਮੀ ਨੂੰ ਉਸ ਤਰ੍ਹਾਂ ਪ੍ਰਵਾਨ ਕੀਤਾ ਹੈ ਜਿਸ ਤਰ੍ਹਾਂ ਦੀ ਪ੍ਰਵਾਨਗੀ ਦਾ ਦਾਅਵਾ ਕੁਝ
ਉਰਦੂ ਸ਼ਾਇਰ ਜਾਂ ਪੰਜਾਬੀ ਦੇ ਉਸਤਾਦ ਸ਼ਾਇਰ ਕਰਦੇ ਹਨ। 'ਧੁੱਪ' ਜਾਂ ਹੋਰ ਅਜਿਹੇ ਅਧਿਕ
ਵਾਲੇ ਸ਼ਬਦਾਂ ਦੇ ਅਧਿਕ ਗਿਰਾਉਣ ਉਤੇ ਜਿਹੜਾ ਇਤਰਾਜ਼ ਨਦੀਮ ਸਾਹਿਬ ਨੇ ਕੀਤਾ ਹੈ, ਉਸ
ਸੰਬੰਧੀ ਬੇਨਤੀ ਹੈ ਕਿ ਅਧਿਕ ਦਾ ਉਚਾਰਣ ਲਹਿੰਦੇ ਪੰਜਾਬ ਵਿਚ ਕੁਝ ਹੋਰ ਢੰਗ ਨਾਲ ਹੈ ਤੇ
ਚੜ੍ਹਦੇ ਪੰਜਾਬ ਵਿਚ ਕੁਝ ਹੋਰ ਢੰਗ ਨਾਲ। ਲਹਿੰਦੇ ਪੰਜਾਬ ਵਿਚ ਅਧਿਕ ਦੀ ਵਰਤੋਂ ਜਿਥੇ



ਹੁੰਦੀ ਹੈ, ਉਸ ਦਾ ਉਚਾਰਣ ਵੀ ਇਕ ਪੂਰੇ ਅੱਖਰ ਦੇ ਤੌਰ ਤੇ ਹੁੰਦਾ ਹੈ ਪਰੰਤੂ ਭਾਰਤੀ ਪੰਜਾਬ ਦੇ
ਸ਼ਹਿਰਾਂ ਵਿਚ ਅਧਿਕ ਦਾ ਉਚਾਰਣ ਜਿਸ ਢੰਗ ਨਾਲ ਹੁੰਦਾ ਹੈ, ਉਹ ਮੇਰੇ ਦੁਆਰਾ ਵਰਤੇ ਗਏ
ਸ਼ਬਦਾਂ ਵਿਚ ਕਦੇ ਵੀ ਪੂਰੇ ਅੱਖਰ ਦਾ ਸੂਚਕ ਨਹੀਂ ਬਣਦਾ। ਇਸ ਲਈ ਇਹਨਾਂ ਦੇ ਗਿਰਾਉਣ
ਵਿਚ ਮੈਂ ਕੋਈ ਐਬ ਨਹੀਂ ਸਮਝਦਾ। ਰੂਹ ਸ਼ਬਦ ਵਿਚ 'ਹ' ਪੰਜਾਬੀ ਵਿਆਕਰਣ ਅਨੁਸਾਰ ਉਚ
ਮੁਰ ਹੈ ਅਤੇ ਇਹ ਅੱਖਰ ਵਜ਼ਨ ਵਿਚ ਨਹੀਂ ਗਿਣਿਆ ਜਾਂਦਾ। ਉਰਦੂ ਵਾਲੇ ਅਜਿਹੇ ਸ਼ਬਦਾਂ
ਵਿਚ 'ਹ' ਦਾ ਪੂਰਾ ਉਚਾਰਣ ਕਰਦੇ ਹਨ ਤੇ ਵਜ਼ਨ ਵਿਚ ਭੀ ਗਿਣਦੇ ਹਨ। ਪਰੰਤੂ ਪੰਜਾਬੀ
ਵਿਚ 'ਹ' ਦੀ ਇਹ ਫ਼ਾਰਸੀ ਧੁਨੀ ਅਸੀਂ ਤਤਸਮ ਰੂਪ ਵਿਚ ਗ੍ਰਹਿਣ ਨਹੀਂ ਕੀਤੀ। ਇਸ ਲਈ
ਰੂਹ ਦਾ 'ਹ' ਅੱਖਰ ਵਜ਼ਨ ਵਿਚ ਗਿਣਨਾ ਜਾਇਜ਼ ਨਹੀਂ। ਜਿਥੋਂ ਤਕ ਮਤਲਾ ਵਿਚ ਲਏ ਕਾਫੀਏ
ਦਾ ਸਵਾਲ ਹੈ, ਇਹ ਅਰੂਜ਼ ਅਨੁਸਾਰ ਤਾਂ ਗ਼ਜ਼ਲ ਦੇ ਅਗਲੇ ਸ਼ਿਅਰਾਂ ਨਾਲ ਸੌ ਫੀਸਦੀ ਮੇਲ
ਨਹੀਂ ਖਾਂਦੇ ਪਰੰਤੂ ਭਾਰਤੀ ਛੰਦ ਸ਼ਾਸਤਰ ਦੇ ਅੰਤਯ ਅਨੁਪ੍ਰਾਸ (ਤੁਕਾਂਤ ਮੇਲ) ਦੇ ਬਿਲਕੁਲ
ਅਨੁਕੂਲ ਹੈ। ਮੈਂ ਇਸ ਸੰਬੰਧੀ ਪੂਰਾ ਸੁਚੇਤ ਹਾਂ। ਜੇ ਪੰਜਾਬੀ ਵਿਚ ਗ਼ਜ਼ਲ ਨੂੰ ਸਫਲ ਬਣਾਉਣਾ
ਹੈ ਤਾਂ ਸਾਨੂੰ ਪੰਜਾਬੀ ਦਾ ਹੀ ਕਾਵਿ-ਸ਼ਾਸਤਰ ਅਪਣਾਉਣਾ ਪਵੇਗਾ। ਇਸ ਵਿਚ ਅਰੂਜ਼ ਤੇ ਪਿੰਗਲ
ਦੋਵੇਂ ਸਾਡੇ ਸਹਾਇਕ ਹੋਣਗੇ।

ਮੁਆਫ਼ ਕਰਨਾਂ ਨਦੀਮ ਪਰਮਾਰ ਸਾਹਿਬ ਦੀ ਚਿਰਾਗ਼-13 ਦੇ ਪੰਨਾ-80 ਉਤੇ ਛਪੀ ਗ਼ਜ਼ਲ
ਦੇ ਦੂਜੇ ਮਿਸਰੇ ਵਿਚ 'ਅੱਜ' ਸ਼ਬਦ ਉਤੇ ਉਨ੍ਹਾਂ ਅਧਿਕ ਦੀ ਵਰਤੋਂ ਕੀਤੀ ਹੈ ਜੋ ਵਜ਼ਨ ਵਿਚ
ਨਹੀਂ ਆਉਂਦੀ। ਮੇਰੀ 'ਧੁੱਪ' ਵਿਚਲਾ ਅਧਿਕ ਨਦੀਮ ਸਾਹਿਬ ਨੂੰ ਕਿਉਂ ਰੜਕਿਆ ਹੈ। ਨਦੀਮ
ਸਾਹਿਬ ਨੂੰ ਬੇਨਤੀ ਹੈ ਕਿ ਗ਼ਜ਼ਲ ਵਿਚ ਵੀ ਹੋਰਾਂ ਕਾਵਿ-ਰੂਪਾਂ ਵਾਂਗ ਸ਼ਬਦ ਜੋੜ ਡਿਕਸ਼ਨਰੀ
ਅਨੁਸਾਰ ਹੀ ਰੱਖਣੇ ਚਾਹੀਦੇ ਹਨ। ਪੜ੍ਹਨ ਸਮੇਂ ਪਾਠਕ ਆਪਣੇ ਆਪ ਹੀ ਅੱਖਰ ਦੇ ਗਿਰਾਉਣ
ਨੂੰ ਉਚਾਰਣ ਅਨੁਸਾਰ ਢਾਲ ਲੈਂਦ ਹਨ। ਜੇ ਅਧਿਕ ਦੀ ਵਰਤੋਂ ਤੋਂ ਬਿਨਾਂ ਵਜ਼ਨ ਨਦੀਮ
ਸਾਹਿਬ ਅਨੁਸਾਰ ਠੀਕ ਹੈ ਤਾਂ ਕੰਨਾ, ਬਿਹਾਰੀ, ਲਾਂ, ਦੁਲਾਂ. ਹੋੜਾ, ਕਨੌੜਾ ਆਦਿ ਨੂੰ ਗਿਰਾਉਣ
ਸਮੇਂ ਸ਼ਬਦਾਂ ਵਿਚ ਇਹਨਾਂ ਦੀ ਵਰਤੋਂ ਕ੍ਰਮਵਾਰ ਮੁਕਤਾ, ਸਿਹਾਰੀ. ਤੇ ਔਂਕੁੜ ਵਿਚ ਬਦਲ ਜਾਂਦੀ
ਹੈ ਅਤੇ ਜੇ ਅਸੀਂ ਸ਼ਬਦਾਂ ਨੂੰ ਗਿਰਾਉਣ ਵਾਲੇ ਅੱਖਰਾਂ ਦੇ ਹਿਸਾਬ ਨਾਲ ਲਿਖਾਂਗੇ ਤਾਂ ਸਾਰਾ ਸਿਲ-
ਸਿਲਾ ਹੀ ਗਲਤ ਹੋ ਜਾਵੇਗਾ। ਸੋ ਅੱਖਰ ਗਿਰਾਉਣ ਅਤੇ ਸ਼ੁੱਧ ਸ਼ਬਦ ਲਿਖਣ ਦੇ ਆਪਸੀ ਸੰਬੰਧ
ਨੂੰ ਨਦੀਮ ਸਾਹਿਬ ਸਮਝਣ ਦੀ ਕਿਰਪਾ ਕਰਨ। —ਐਸ. ਤਰਸੇਮ, ਮਲੇਰਕੋਟਲਾ

○ ਚਿਰਾਗ਼ ਦਾ ਅੰਕ ਬੜਾ ਵਧੀਆ ਬਣ ਗਿਆ ਹੈ। ਡਾ: ਓ. ਪੀ. ਗਰੇਵਾਲ ਨਾਲ
ਮੁਲਾਕਾਤ ਅਤੇ ਬਾਬਾ ਨਜ਼ਮੀ ਬਾਰੇ ਤੁਹਾਡਾ ਲੇਖ ਅੰਕ ਵੀ ਪ੍ਰਾਪਤੀ ਹਨ। ਉੱਤਰ-ਆਧੁਨਿਕਤਾ-
ਵਾਦ ਖਿਲਾਫ਼ ਵਿਚਾਰਧਾਰਕ ਲੜਾਈ ਵਿਚ, ਇਸ ਸਮੇਂ ਚਿਰਾਗ਼ ਹੀ ਹਿਰਾਵਲ ਭੂਮਿਕਾ ਨਿਭਾ
ਰਿਹਾ ਹੈ। —ਡਾ: ਚਮਨ ਲਾਲ, ਪਟਿਆਲਾ

○ ਚਿਰਾਗ਼ ਅੰਕ 12 ਵਿਚ ਉੱਤਰ-ਆਧੁਨਿਕਤਾ ਵਾਦ-ਵਿਵਾਦ ਨੂੰ ਅੱਗੇ ਤੋਰਦਾ ਡਾ: ਸੰਭੂ
ਨਾਥ ਦਾ ਲੇਖ ਪਸੰਦ ਆਇਆ ਹੈ ਤੇ ਰੁਪਿੰਦਰ ਮਾਨ ਦੀਆਂ ਗਜ਼ਲਾਂ ਨੇ ਵੀ ਪ੍ਰਭਾਵਤ ਕੀਤਾ ਹੈ,
ਬਹਿਸ ਜਾਰੀ ਰਖਿਓ, ਅਸੀਂ ਤੁਹਾਡੇ ਨਾਲ ਹਾਂ।

—ਅਵਤਾਰ ਸਾਦਕ, ਪ੍ਰਧਾਨ ਇੰਡੀਅਨ ਵਰਕਰਜ਼ ਐਸੋਸੀਏਸ਼ਨ ਗਰੇਟ ਬ੍ਰਿਟੇਨ

○ ਨਦੀਮ ਹੁਰਾਂ ਦੀ ਆਪਣੀ ਗ਼ਜ਼ਲ ਵਿਚ ਕੁਝ ਤਕਨੀਕੀ ਨੁਕਸ ਤੋਂ ਇਲਾਵਾ, ਕੁਝ
ਬੇ-ਅਰਥ ਜਿਹੇ ਸ਼ਿਅਰ ਵੀ ਹਨ। —ਸਮਸ਼ੇਰ ਮੋਹੀ, ਨੂੰਹ ਕਾਲੋਨੀ, ਰੋਪੜ

## ਪੁਸਤਕ-ਪ੍ਰਾਪਤੀ

1. ਕਵਿਤਾ ਦੀ ਸਿਰਜਣ-ਕਿਰਿਆ (ਆਲੋਚਨਾ) ਹਰਭਜਨ ਸਿੰਘ ਹੁੰਦਲ, ਪੰਨੇ 96, ਮੁੱਲ 100, ਮਨਪ੍ਰੀਤ ਪ੍ਰਕਾਸ਼ਨ-ਦਿੱਲੀ
2. ਹੋਰ ਅਸਮਾਨਾਂ ਹੇਠ (ਲੇਖ) ਡਾ: ਰਘਬੀਰ ਢੰਡ, ਸੰਪਾਦਕ ਸੋਹਣ ਢੰਡ ਪੰਨੇ-269 ਮੁੱਲ 250/-ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ ।
3. ਉਡੀਕ ਹੈ ਅਜੇ (ਗ਼ਜ਼ਲਾਂ) ਮਹੇਸ਼ ਪਾਲ ਫਾਜ਼ਿਲ, ਮੁੱਲ 100/-ਪੰਨੇ 80-ਇਰਾਵਤੀ ਪ੍ਰਕਾਸ਼ਨ, ਸ਼ਾਹਪੁਰ ਕੰਢੀ ।
4. ਜ਼ਿਲ੍ਹਾ ਅਟਕ ਦੇ ਪੰਜਾਬੀ ਸ਼ਾਇਰ (ਖੋਜ) ਅਰਸ਼ਾਦ ਮਹਿਮੂਦ ਨਾਸ਼ਾਦ, ਮੁੱਲ 60/-ਪੰਨੇ 112, ਪੰਜਾਬੀ ਅਦਬੀ ਸੰਗਤ ਅਟਕ ।
5. ਭਾਰਤੀਆਂ ਨੇ ਕੈਨੇਡਾ ਵਿਚ ਵੋਟ ਦਾ ਹੱਕ ਕਿਵੇਂ ਲਿਆ (ਸੁਖਵੰਤ ਹੁੰਦਲ ਤੇ ਸਾਧੂ ਬਿੰਨਿੰਗ ਸੱਥ ਪਬਲੀਕੇਸ਼ਨਜ਼, ਵੈਨਕੂਵਰ ਬੀ. ਸੀ. ਕੈਨੇਡਾ ।
6. ਮੋਮ ਬੱਤੀਆਂ ਤੂਫ਼ਾਨ ਵਿਚ (ਸੰਪਾਦਿਤ ਕਵਿਤਾ-ਸੰਗ੍ਰਹਿ) ਅਨੁਵਾਦਿ ਤੇ ਸੰਪਾਦਨ, ਨਰਿੰਜਨ ਸਿੰਘ ਨੂਰ-ਪ੍ਰਗਤੀਸ਼ੀਲ ਲੇਖਕ ਸਭਾ (ਗ. ਬ.)
7. ਨਾਗ ਲੋਕ (ਕਵਿਤਾ) ਲਾਲ ਸਿੰਘ ਦਿਲ, ਪੰਨੇ 160-ਮੁੱਲ 100/-ਲਕੀਰ ਪ੍ਰਕਾਸ਼ਨ ਜਲੰਧਰ ।
8. ਧਾਰਾਂ ਵਾਲਾ ਪੁਲ (ਨਾਵਲ) ਕੇ. ਐਲ. ਗਰਗ, ਨੈਸ਼ਨਲ ਬੁੱਕ ਸ਼ਾਪ ਦਿੱਲੀ ।
9. ਨਿਆਜ਼ (ਕਹਾਣੀਆਂ) ਅਵਤਾਰ ਸਿੰਘ ਬਿਲਿੰਗ, ਚੇਤਨਾ ਪ੍ਰਕਾਸ਼ਨ ਜਲੰਧਰ/ਲੁਧਿਆਣਾ ।
10. ਨਾਗਵਲ (ਕਹਾਣੀਆਂ) ਬਲਦੇਵ ਸਿੰਘ, ਚੇਤਨਾ ਪ੍ਰਕਾਸ਼ਨ ਜਲੰਧਰ/ਲੁਧਿਆਣਾ ।
11. ਆਕਾਸ਼ ਗੰਗਾ (ਗ਼ਜ਼ਲਾਂ) ਸ. ਨਸੀਮ, ਚੇਤਨਾ ਪ੍ਰਕਾਸ਼ਨ ਜਲੰਧਰ ।
12. ਤਿੰਨ ਵਰ੍ਹੇ (ਨਾਵਲਿਟ) ਅੰਤਨ ਚੈਖੋਵ, ਚੇਤਨਾ ਪ੍ਰਕਾਸ਼ਨ ਜਲੰਧਰ ।
13. ਬੁੱਢਾ ਤੇ ਸਮੁੰਦਰ (ਨਾਵਲ) ਅਰਨੈਸਟ ਹੈਮਿੰਗਵੇ/ਚੇਤਨਾ ਪ੍ਰਕਾਸ਼ਨ ਜਲੰਧਰ ।
14. ਰਾਜਿੰਦਰ ਕੌਰ ਹੁੰਦਲ (ਕਵਿਤਾ) ਪੰਚ ਨਾਦ ਪ੍ਰਕਾਸ਼ਨ ਹੁਸ਼ਿਆਰਪੁਰ ।
15. ਹਬੀਬ ਜਾਲਿਬ (ਕਾਂਵਿ-ਸ਼ਰਧਾਂਜਲੀ) ਸੰਪਾਦਕ ਸਈਦ ਪ੍ਰਵੇਜ਼, ਪੰਨੇ 272. ਮੁੱਲ 200/- ਦਾਨਿਆਲ, ਕਰਾਚੀ ।
16. ਪੰਜਾਬੀ ਕਿਵੇਂ ਲਿਖੀਏ (ਖੋਜ) ਜਮੀਲ ਅਹਿਮਦ ਪਾਲ, ਪੰਜਾਬੀ ਸਾਇੰਸ ਬੋਰਡ, ਲਾਹੌਰ ।
17. ਦੁੱਖ ਸਾਗਰ ਨੂੰ ਲਾਈਆਂ ਡੀਕਾਂ (ਗ਼ਜ਼ਲਾਂ) ਬਸ਼ੀਰ ਬਾਵਾ, ਮੁੱਲ 200/-ਪੰਨੇ 227, ਅਦਾਰਾ ਪੰਜਾਬੀ ਜ਼ੁਬਾਨ ਤੇ ਸਕਾਫਤ ਲਾਹੌਰ ।
18. ਚਕਲਾ ਤੇ ਚੀਜ਼ ਵਹੁਟੀ (ਕਵਿਤਾ) ਗੁਰਮੀਤ ਹਯਾਤਪੁਰੀ ਨੈਸ਼ਨਲ ਬੁੱਕ ਸ਼ਾਪ ਦਿੱਲੀ ।
19. ਕਲ ਕਲ ਕਰਦੇ ਪਾਣੀ (ਕਵਿਤਾ) ਹਰਕੋਮਲ ਬਰਿਆਰ, ਰਵੀ ਸਾਹਿਤ ਪ੍ਰਕਾਸ਼ਨ ਅੰਮ੍ਰਿਤਸਰ ।

29\. ਸੋਨੇ ਦੀ ਪੌੜ (ਗ਼ਜ਼ਲਾਂ) ਕਮਲਨੇਤਰ ਪੰਨੇ 100 ਕੀਮਤ 125/-

ਾਘਿਓਂ ਪਾਰ :

### ਜੇ ਅੱਜ ਹੁੰਦਾ ਬੁੱਲ੍ਹੇ ਸ਼ਾਹ/ਅਹਿਮਦ ਰਾਹੀ

ਜੇ ਅੱਜ ਹੁੰਦਾ ਬੁੱਲ੍ਹੇ ਸ਼ਾਹ,
ਉਹਦੇ ਕੋਲੋਂ ਮੈਂ ਪੁੱਛਦਾ ।
ਮੇਰੇ ਆਲ-ਦੁਆਲੇ ਪਿਆ
ਅੰਨ੍ਹਾ ਹਨੇਰਾ ਏ ਏਹੋ ਜਿਹਾ
ਜ਼ੁਲਮ ਦੀ ਚੱਕੀ ਦੇ ਵਿਚ ਬੰਦਾ
ਬਿਨ ਤਕਸੀਰੋਂ ਪਿਸੇ ਪਿਆ
ਜ਼ਾਲਮਾਂ ਏਨੀ ਅੱਤ ਚਾਈ ਏ
ਰੱਬ ਦਾ ਵੀ ਨਹੀਂ ਖ਼ੌਫ਼ ਰਿਹਾ
ਹਰ ਇਕ ਦਿਲ ਵਿਚ ਫੂਹੜੀਆਂ ਵਿਛੀਆਂ
ਬੰਦ ਜ਼ੁਬਾਨਾਂ ਕਰਦੀਆਂ ਵੈਣ
ਆਪਣੇ ਸਾਹ ਵੀ ਉਹ ਘੁੱਟ ਲੈਣ
ਸਿੱਲ੍ਹੀਆਂ ਸਿੱਲ੍ਹੀਆਂ ਅੱਖਾਂ ਹਰ ਦਮ
ਵਹਿਣਾਂ ਦੇ ਵਿਚ ਡੁੱਬੀਆਂ ਰਹਿਣ
ਜਿਹੜੇ ਖਾਬ ਕਦੇ ਵੇਖੇ ਸੀ
ਉਹ ਸਾਰੇ ਹੀ ਖਿੱਲਰ ਗਏ.
ਰੱਬ ਦਾਂ ਨਾਂ ਈ ਵਿਚੋਂ ਉੱਡਿਆ
ਬੰਦਾ ਦਏ ਤੇ ਬੰਦਾ ਲਏ
ਇਹ ਜੁਗ ਨਹੀਂ ਏ
ਇਹ ਕਲਜੁੱਗ ਏ
ਸੱਚੀ ਗੱਲ ਇਹ ਕੌਣ ਕਹੇ
ਫਸੇ ਹੋਏ ਨੇ ਬੇਬਸ ਲੋਕੀਂ
ਮੌਤ ਹਯਾਤੀ ਦੇ ਵਿਚਕਾਰ
ਜ਼ੁਲਮ ਦੇ ਸ਼ਹੁ ਦਾ ਆਰ ਨਾ ਪਾਰ ।
ਜਿਹੜੇ ਦੋਜ਼ਖ ਦੇ ਵਿਚ ਸਾਨੂੰ
ਰਾਤ ਦਿਨੇ ਏ ਸੜਨਾ ਪੈਂਦਾ
ਜੇ ਕਿਧਰੇ ਏਹੋ ਜਿਹਾ ਦੋਜ਼ਖ
ਉਹਦਾ ਤਨ ਮਨ ਲੂੰਹਦਾ ਰਹਿੰਦਾ
ਉਹ ਲਿਖਦਾ ਤੇ ਕੀਹ ਲਿਖਦਾ ?
ਉਹਦੇ ਕੋਲੋਂ ਮੈਂ ਪੁੱਛਦਾ
ਜੇ ਅੱਜ ਹੁੰਦਾ ਬੁੱਲ੍ਹੇਸ਼ਾਹ । ⊙

Registered with the Registrar of News-Papers of India
No—PUN-PUN O 2776/AL/TC/94.

ਉਤਰੀ ਭਾਰਤ ਵਿਚ ਕੌਸਮੈਟਿਕ ਸਰਜਰੀ ਦਾ ਪਹਿਲਾ ਕੇਂਦਰ

6 ਸਾਲ ਮਿਲਾਪ ਰੋਡ ਵਿਖੇ ਕੰਮ ਕਰਨ ਤੋਂ ਬਾਦ ਹੁਣ ਨਵੀਂ ਬਿਲਡਿੰਗ ਵਿਚ ਚਲਾ ਗਿਆ ਹੈ

# ਪਲੱਸਟਿਕ ਅਤੇ ਕੌਸਮੈਟਿਕ ਸਰਜਰੀ ਦਾ ਕੇਂਦਰ

**ਭੁਪਿੰਦਰ ਨਰਸਿੰਗ ਹੋਮ**
261, ਮੋਤਾ ਸਿੰਘ ਨਗਰ, ਮੇਨ ਰੋਡ, ਨੇੜੇ ਬੱਸ ਅੱਡਾ
ਜਲੰਧਰ ਫੋਨ : 0181-224228, 223376

**BHUPINDER NURSING HOME**
261, Mota Singh Nagar, Main Road.
Near Bus Stand, Jalandhar City.
Ph. : 0181-224228, 223376

ਡਾ: ਬੀ. ਪੀ. ਸਿੰਘ (ਐਮ ਐਸ)
ਪਲਾਸਟਿਕ ਅਤੇ ਕੌਸਮੈਟਿਕ ਸਰਜਨ

For Details Contact :
**DR. B.P. SINGH (M.S.)**
PLASTIC & COSMETIC SURGEON

**ਕੌਸਮੈਟਿਕ ਸਰਜਰੀ ਅਤੇ ਪਲਾਸਟਿਕ ਸਰਜਰੀ ਦੇ ਅੱਜ ਤੱਕ ਕੀਤੇ ਹੋਏ ਅਪਰੇਸ਼ਨ ਇਸ ਤਰਾਂ ਹਨ**

● ਲਾਈਪੋਸਕਸ਼ਨ ● ਲਾਈਪੋਇੰਜੈਕਸ਼ਨ ● ਨੱਕ ਦੀ ਕੌਸਮੈਟਿਕ ਸਰਜਰੀ ● ਮੂੰਹ ਦੀਆਂ ਝੁਰੜੀਆਂ ਖਤਮ ਕਰਨਾ
● ਮੱਥੇ ਦੀਆਂ ਝੁਰੜੀਆਂ ਖਤਮ ਕਰਨਾ ● ਬਲੇਫਰੋਪਲਾਸਟੀ ● ਰੁਕਿਆ ਹੋਇਆ ਚਿੱਟਾ ਦਾਗ (ਫੁਲਵਿਹਰੀ)
● ਰੀਕੰਸਟਰਕਟਿਵ ਸਰਜਰੀ ● ਗੰਜੇਪਨ ਤੇ ਵਾਲ ਪੁਨਰ ਸਥਾਪਿਤ ਕਰਨਾ ● ਮੈਮੋਪਲਾਸਟੀ
● ਗੁਪਤ ਅੰਗ ਦੇ ਨੁਕਸ ਠੀਕ ਕਰਨਾ ● ਐਕਸੀਡੈਂਟ ਨਾਲ ਹੋਏ ਅੰਗਾਂ ਦੇ ਵਿਕਾਰ ਨੂੰ ਠੀਕ ਕਰਨਾ ● ਜਲੇ ਦਾ ਇਲਾਜ
● ਨਿਸ਼ਾਨ ਜਲੇ ਦਾ ਸੱਟ ਦਾ, ਅਪਰੇਸ਼ਨ ਦਾ। ● ਠੋਡੀ, ਗੱਲ੍ਹ, ਕੰਨ, ਪਲਕਾਂ, ਭਰਵੱਟੇ, ਬੁੱਲ੍ਹ, ਨੱਕ ਦੇ ਵਿਕਾਰ ਠੀਕ ਕਰਨਾ

**VARIOUS COSMETICS SURGERY & PLASTIC SURGERY OPERATION DONE SO FAR ARE :**

LIPOSUCTION * LIPOINJECTIONS * ACCIDENTAL INJURIES CARE
RHINOPLASTIES * FACE LIFT * BROW LIFT * BLEPHEROPLASTIES * STAITIONERY WHITE PATCH
* RECONSTRUCTIVE SURGERY * IN BORN DEFECTS & DEFORMITIES
* HAIR TRANSPLATATION * DEFECTS & DEFORMITIES OF ACCIDENTS
* BURNS * TREATMENT OF SCARS
* CHIN, CHEAK, EAR, EYE BROWS, EYE LIDS, LIPS CORRECTION

ਪ੍ਰਿੰਟਰ, ਮਾਲਕ ਤੇ ਪਬਲਿਸ਼ਰ ਡਾ. ਅਨੂਪ ਸਿੰਘ ਨੇ ਵਾਈਟ ਕ੍ਰੌਸ ਪ੍ਰਿੰਟਰਜ਼, ਜਲੰਧਰ ਤੋਂ ਛਪਵਾ ਕੇ 219, ਭਾਈ ਦਿੱਤ ਸਿੰਘ ਨਗਰ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਫੋਨ : 226877